# ਬੇਨਾਮ ਰਿਸ਼ਤੇ



## ਭੁਪਿੰਦਰ ਸਿੰਘ ਰੈਣਾ

www.punjabilibrary.com

# ਬੇਨਾਮ ਰਿਸ਼ਤੇ

(ਨਾਵਲ)

**ਇਸੇ ਕਲਮ ਤੋਂ –**

1. ਸੱਧਰਾਂ ਦੀ ਡੋਲੀ (ਨਾਵਲ) 1973
2. ਧੁਆਂਖੀ ਧੁੱਪ (ਨਾਵਲ) 1975
3. ਸਵੇਰ ਹੋਣ ਤਕ (ਨਾਟਕ) 1976
4. ਨਿਰਧਨ ਕੋ ਪਾਲੈ (ਨਾਟਕ) 1976

# ਬੇਨਾਮ ਰਿਸ਼ਤੇ

ਲੇਖਕ
**ਭੁਪਿੰਦਰ ਸਿੰਘ ਰੈਣਾ**

**ਰਵੀ ਸਹਿਤ ਪ੍ਰਕਾਸ਼ਨ**
ਜੀ.ਟੀ. ਰੋਡ ਅੰਮ੍ਰਿਤਸਰ - 143 002

**BENAM RISHTE**

by

Bhupinder Singh Raina
Nooranbad Coloney
Sainik Coloney
Jammu - 190011
Mobile No. 9906027601
bhupi1945@gmail.com

**© Author**

ਪਹਿਲੀ ਵਾਰ : 1976
ਦੂਜੀ ਵਾਰ : 2019

**ਮੁੱਲ : 200**

ਪ੍ਰਿੰਟਰ ਤੇ ਪ੍ਰਕਾਸ਼ਕ
**ਰਵੀ ਸਾਹਿਤ ਪ੍ਰਕਾਸ਼ਨ**
ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ, ਜੀ.ਟੀ. ਰੋਡ
ਅੰਮ੍ਰਿਤਸਰ - 143 002

## ਸਮਰਪਣ

ਮੇਰੀ ਬੇਟੀ ਰੁਪਿੰਦਰ ਰਾਜ ਨੂੰ
ਜਿਸ ਨੇ
ਪੰਜਤਾਲੀ ਸਾਲਾਂ ਬਾਅਦ
ਮੁੜ ਉਪਨਿਆਸ ਲਿਖਣ ਲਈ
ਪ੍ਰੇਰਿਆ

ਇਸ ਨਾਵਲ ਦੇ ਸਾਰੇ ਪਾਤਰ ਤੇ ਘਟਨਾਵਾਂ ਕਾਲਪਨਿਕ ਹਨ।
ਕਿਸੇ ਦੇ ਜੀਵਨ ਨਾਲ ਕੋਈ ਘਟਨਾ ਮੇਲ ਖਾਂਦੀ ਹੋਵੇ ਤਾਂ
ਮੇਰੇ ਲਈ ਕੋਈ ਅਚੰਭਾ ਹੋਏਗਾ।



**(ਭੁਪਿੰਦਰ ਸਿੰਘ ਰੈਣਾ)**

# ਆਪਣੇ ਵੱਲੋਂ

ਇਹ ਨਾਵਲ '**ਬੇਨਾਮ ਰਿਸ਼ਤੇ**' ਸੱਚ ਦੇ ਬਹੁਤ ਕਰੀਬ ਦੀ ਕਹਾਣੀ ਹੈ ਪਰ ਕਲਪਨਾ 'ਤੇ ਅਧਾਰਿਤ ਹੈ। ਕਸ਼ਮੀਰ ਦੇ ਹਾਲਾਤਾਂ ਨੇ ਤੇ ਸਮਾਜ ਵਿਚ ਸੁਣੀਆਂ-ਸੁਣਾਈਆਂ ਦੰਦ-ਕਥਾਵਾਂ ਤੋਂ ਲਿਖਣ ਦੀ ਪ੍ਰੇਰਣਾ ਮਿਲੀ ਹੈ ਤੇ ਇਹੋ ਜਿਹੀ ਤ੍ਰਾਸਦੀ ਨੂੰ ਕਲਮ-ਬਧ ਕੀਤਾ। ਬਹੁਤ ਸਾਲਾਂ ਤੋਂ ਇਹ ਕਹਾਣੀ ਮੇਰੇ ਅੰਦਰ ਪਲਦੀ ਰਹੀ, ਲਿਖਣ ਲੱਗਾ ਤੇ ਦੋ ਮਹੀਨੇ ਵਿਚ ਲਿਖ ਦਿਤੀ। ਇਸ ਦੇ ਪ੍ਰਕਾਸ਼ਨ ਵਿਚ ਮੇਰਾ ਸਹਿਯੋਗ ਮੇਰੇ ਛੋਟੇ ਵੀਰ ਸਰਬਜੀਤ ਸਿੰਘ ਸੈਣੀ, ਅੰਮ੍ਰਿਤਸਰ ਤੇ ਉਹਨਾਂ ਦੇ ਪਰਿਵਾਰ ਨੇ ਦਿੱਤਾ ਤੇ ਪਤਾ ਹੀ ਨਹੀਂ ਲੱਗਣ ਦਿੱਤਾ ਕਿ ਕਿਵੇਂ ਇਹ ਨਾਵਲ ਛਪ ਗਿਆ।

ਇਸ ਨੂੰ ਲਿਖਣ ਦੀ ਪ੍ਰੇਰਨਾ ਮੇਰੀ ਬੇਟੀ ਰੁਪਿੰਦਰ ਰਾਜ ਨੇ ਦਿੱਤੀ ਜਿਹੜੀ ਕਿ ਹਿੰਦੀ ਦੀ ਚਰਚਿਤ ਲੇਖਿਕਾ ਹੈ ਤੇ 1975 ਵਿਚ ਛਪੇ ਮੇਰੇ ਦੂਜੇ ਨਾਵਲ 'ਧੁਆਂਖੀ ਧੁੱਪ' ਤੋਂ ਬਾਅਦ ਵਿਚ ਮੇਰਾ ਉਪਰਾਲਾ ਸੀ ਇਕ ਲੰਬੇ ਅੰਤਕਾਲ ਪਿਛੋਂ।

ਮੈਂ ਸਮਝਦਾ ਹਾਂ ਕਿ ਉਪਨਿਆਸਕਾਰ ਉਹੀ ਸਫ਼ਲ ਮੰਨਿਆ ਜਾਂਦਾ ਹੈ ਜੋ ਆਪਣੇ ਪਾਠਕਾਂ ਦਾ ਉਤਸ਼ਾਹ ਬਣਾ ਕੇ ਰੱਖੇ ਤੇ ਲਗਾਤਾਰ ਪੜ੍ਹਨ ਲਈ ਦਿਲਚਸਪੀ ਬਣਾ ਕੇ ਰੱਖੇ। ਮੇਰਾ ਇਹੀ ਯਤਨ ਰਹਿੰਦਾ ਹੈ। ਉਮੀਦ ਰੱਖਦਾ ਹਾਂ ਕਿ ਮੇਰੇ ਪਾਠਕ ਮੇਰੇ ਇਸ ਉਪਰਾਲੇ ਨੂੰ ਸਫ਼ਲ ਬਣਾਣਗੇ।



**ਭੁਪਿੰਦਰ ਸਿੰਘ ਰੈਣਾ**

# ਭੂਮਿਕਾ

ਜੰਮੂ ਕਸ਼ਮੀਰ ਦੇ ਉੱਘੇ ਤੇ ਮੰਨੇ-ਪ੍ਰਮੰਨੇ ਲੇਖਕਾਂ ਵਿਚੋਂ ਇਕ ਨਾਂ ਸ੍ਰ: ਭੁਪਿੰਦਰ ਸਿੰਘ ਰੈਣਾ ਦਾ ਹੈ। ਇਨ੍ਹਾਂ ਦੇ ਦੋ ਨਾਟਕ ਅਤੇ ਦੋ ਨਾਵਲ ਪਹਿਲੇ ਪ੍ਰਕਾਸ਼ਿਤ ਹੋ ਚੁੱਕੇ ਹਨ। 'ਬੇਨਾਮ ਰਿਸ਼ਤੇ' ਉਨ੍ਹਾਂ ਦਾ ਤੀਸਰਾ ਨਾਵਲ ਹੈ। ਭੁਪਿੰਦਰ ਸਿੰਘ ਰੈਣਾ ਦਾ ਨਾਵਲ 'ਬੇਨਾਮ ਰਿਸ਼ਤੇ' ਇਕ ਚੇਤੰਨ ਕਾਗਜ਼ ਹੈ, ਜੋ ਗੱਲਾਂ ਅਸੀਂ ਖ਼ਬਰਾਂ ਤੇ ਮੀਡੀਆ ਆਦਿ ਰਾਹੀਂ ਸੁਣਦੇ ਦੇਖਦੇ ਹਾਂ ਉਸ ਦਾ ਚਿੱਤਰ ਇਸ ਨਾਵਲ ਰਾਹੀਂ ਪ੍ਰਤੱਖ ਨਜ਼ਰ ਆਉਂਦਾ ਹੈ। 'ਬੇਨਾਮ ਰਿਸ਼ਤੇ' ਨਾਵਲ ਦਾ ਕਥਾਨਕ ਇਤਨਾ ਮਜ਼ਬੂਤ, ਗਹਿਰਾ ਅਤੇ ਸਪਸ਼ਟ ਹੈ, ਜਿਸ ਦੇ ਆਧਾਰ 'ਤੇ ਇਸ ਨਾਵਲ ਦੀ ਹੋਂਦ ਕਾਇਮ ਹੁੰਦੀ ਹੈ। ਨਾਵਲਕਾਰ ਭੁਪਿੰਦਰ ਸਿੰਘ ਰੈਣਾ ਨੇ ਇਸ ਦਾ ਵਸਤੂ ਪ੍ਰਖਿਆਤ (ਪ੍ਰਸਿੱਧ) ਚੁਣਿਆ ਹੈ। ਜਿਆਦਾਤਰ ਆਤੰਕਵਾਦ ਦੇ ਕਾਰਨ ਕਸ਼ਮੀਰ ਵਿਚ ਬਹੁਤ ਸਾਰੀਆਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਕੁੜੀਆਂ ਆਤੰਕਵਾਦੀਆਂ ਦੀ ਹਵਸ ਦਾ ਸ਼ਿਕਾਰ ਹੋਈਆਂ, ਉਨ੍ਹਾਂ ਕੁੜੀਆਂ ਦਾ ਅੰਤ ਵੀ ਬਹੁਤ ਬੁਰੀ ਤਰ੍ਹਾਂ ਹੋਇਆ। ਇਸ ਨਾਵਲ ਦਾ ਫਲ ਕਾਮ, ਅਰਥ ਅਤੇ ਧਰਮ ਨਾਲ ਸਬੰਧਿਤ ਹੈ।

ਕਥਾ ਵਸਤੂ ਦੇ ਨਾਲ ਨਾਵਲਕਾਰ ਨੇ ਪ੍ਰਸੰਗਿਕ ਕਥਾ-ਵਸਤੂ ਨਾਇਕ ਅਤੇ ਨਾਇਕਾ ਦੇ ਕਾਰਜ ਵਿਚ ਸਹਾਇਕ ਸਾਧਨਾਂ ਦੇ ਰੂਪ ਵਿਚ ਆਉਂਦੀ ਹੈ। ਇਸ ਵਿਚ ਪਤਾਕਾ ਕੁਝ ਵਿਸਤ੍ਰਿਤ ਅਤੇ ਵੱਡੀ ਕਥਾ ਨਾਲ ਦੂਰ ਤਕ ਚਲਦੀ ਹੈ। ਪਰ ਛੋਟੀ ਕਥਾਵਾਂ ਮੁੱਖ ਕਥਾ ਦੀ ਸਹਾਇਤਾ ਕਰਦੀ ਹੋਈ ਖਤਮ ਹੋ ਜਾਂਦੀ ਹੈ। ਸਦੀਆਂ ਤੋਂ ਨਾਰੀ ਦਾ ਜੀਵਨ ਪੀੜਤ ਰਿਹਾ। ਨਾਰੀ ਕਿਸੇ ਵੀ ਕਾਰਜ ਵਿਚ ਆਪਣੀ ਮਮ-ਮਰਜੀ ਨਹੀਂ ਕਰ ਸਕਦੀ। ਇਸ ਨਾਵਲ ਵਿਚ ਕਸ਼ਮੀਰ ਦੀ ਇਕ ਕੁੜੀ ਹਰਪ੍ਰੀਤ ਕੌਰ ਉਰਫ਼ 'ਪ੍ਰੀਤੀ' ਫ਼ਿਆਜ਼ ਨਾਂ ਦੇ ਮੁਸਲਮਾਨ ਮੁੰਡੇ ਨਾਲ ਪਿਆਰ ਕਰਦੀ ਹੈ, ਘਰੋਂ ਨੱਸ ਕੇ ਧਰਮ ਪਰਿਵਰਤਨ ਕਰਦੀ ਹੈ ਤੇ ਉਸ ਨਾਲ ਵਿਆਹ ਕਰਾ ਲੈਂਦੀ ਹੈ ਤੇ ਵਾਪਸ ਘਰ ਲਿਆਈ ਜਾਂਦੀ ਹੈ ਤੇ ਫਿਰ ਕਿਤੇ ਹੋਰ ਵਿਆਹ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਗਲਤ ਫ਼ਹਿਮੀ ਦਾ ਸ਼ਿਕਾਰ ਵੀ ਬਣਦੀ ਹੈ। ਛੋਟੀ ਉਮਰ ਵਿਚ ਕੀਤੇ ਪਿਆਰ ਦਾ ਹਰਜ਼ਾਨਾ ਵੀ ਭਰਦੀ ਦਿਖਾਈ ਗਈ ਹੈ। ਇਹ ਨਾਵਲ ਇਸ ਗੱਲ ਤੋਂ ਸੁਚੇਤ ਕਰਦਾ ਹੈ ਕਿ ਗ਼ਲਤ ਕਦਮ ਚੁੱਕਣ ਤੋਂ ਪਹਿਲਾਂ ਦਸ ਬਾਰ ਸੋਚਣਾ ਕਿੰਨਾ ਜ਼ਰੂਰੀ ਹੈ? ਕਿਉਂਕਿ ਇਹ ਨਤੀਜੇ ਸਮਾਜ

ਵਿਚ ਅਤੇ ਜਿਸ ਪਰਿਵਾਰ ਨਾਲ ਸਬੰਧਿਤ ਹੈ, ਉਹ ਕੀ ਹੋਣਗੇ? ਕਿੰਨੀ ਬਰਬਾਦੀ ਹੋਏਗੀ? ਕੱਚੀ ਉਮਰ ਵਿਚ ਇਨ੍ਹਾਂ ਸਭ ਗੱਲਾਂ ਦਾ ਮਨੁੱਖ ਨੂੰ ਧਿਆਨ ਨਹੀਂ ਹੁੰਦਾ।

ਨਾਵਲ ਵਿਚ ਨਾਵਲਕਾਰ ਨੇ ਹੋਰ ਵੀ ਪਰਿਵਾਰਾਂ ਵਿਚ ਬਹੁਤ ਸਾਰੀਆਂ ਘਿਣੌਣੀਆਂ ਘਟਨਾਵਾਂ ਦਿਖਾਈਆਂ ਹਨ। ਕਸ਼ਮੀਰ ਵਾਦੀ ਦੀ ਖੂਬਸੂਰਤੀ ਵਿਚ ਇਹ ਘਟਨਾਵਾਂ ਬਦਨੁਮਾ ਰੂਪ ਧਾਰਨ ਕਰਦੀਆਂ ਹਨ। ਉਥੋਂ ਦੇ ਕੁਦਰਤੀ ਨਜ਼ਾਰਿਆਂ ਉੱਤੇ ਪਾਣੀ ਫੇਰ ਦਿੰਦੀਆਂ ਹਨ। ਨਾਵਲ ਦੀ ਕਹਾਣੀ ਇੰਨੀ ਬੱਝਵੀਂ ਹੈ ਕਿ ਪਾਠਕ ਨੂੰ ਕੀਲ ਕੇ ਰੱਖਦੀ ਹੈ। ਮੈਂ ਜਦੋਂ ਇਸ ਨਾਵਲ ਨੂੰ ਪੜ੍ਹਣਾ ਸ਼ੁਰੂ ਕੀਤਾ ਤਾਂ ਖ਼ਤਮ ਕਰ ਕੇ ਹੀ ਸਾਹ ਲਿਆ। ਜਬਰਦਸਤ ਕਲਾਤਮਕਤਾ ਕਾਰਨ ਪਾਠਕ ਵਿਚ ਉਤਸੁਕਤਾ ਬਣੀ ਰਹਿੰਦੀ ਹੈ। ਮੈਂ ਇਸ ਨਾਵਲ ਨੂੰ ਪੜ੍ਹ ਕੇ ਨਾਰੀ ਸਮਾਜ ਨੂੰ ਸਲਾਹ ਦਿਆਂਗੀ ਕਿ ਆਪਣੀ ਇਸ ਛੋਟੀ ਜਿਹੀ ਜ਼ਿੰਦਗੀ ਨੂੰ ਗ਼ਲਤ ਕਦਮ ਚੁੱਕ ਕੇ ਖਰਾਬ ਨਾ ਕਰੋ। ਇਹ ਜੀਵਨ ਬੜਾ ਕੀਮਤੀ ਅਤੇ ਅਨਮੋਲ ਹੈ। ਨਾਵਲਕਾਰ ਭੁਪਿੰਦਰ ਸਿੰਘ ਰੈਣਾ ਨੂੰ ਮੁਬਾਰਕਵਾਦ ਦਿੰਦੀ ਹਾਂ ਜਿਨ੍ਹਾਂ ਨੇ ਜੰਮੂ ਕਸ਼ਮੀਰ ਦੇ ਪੰਜਾਬੀ ਨਾਵਲ ਸਾਹਿਤ ਵਿਚ ਵਾਧਾ ਕੀਤਾ ਅਤੇ ਸਥਾਨਕ ਸਮੱਸਿਆ ਨੂੰ ਉਜਾਗਰ ਕੀਤਾ। ਹਰੇਕ ਨਾਗਰਿਕ ਨੂੰ ਮੈਂ ਇਸ ਨਾਵਲ ਨੂੰ ਪੜ੍ਹਣ ਲਈ ਪ੍ਰੇਰਿਤ ਕਰਦੀ ਹਾਂ।

**ਬਲਜੀਤ ਕੌਰ (ਡਾ.)**
ਮੁਖੀ, ਪੰਜਾਬੀ ਵਿਭਾਗ
ਜੰਮੂ ਯੂਨੀਵਰਸਿਟੀ
ਜੰਮੂ - 180006

# ਦੋ ਸ਼ਬਦ

ਬਹੁਤ ਦਿਨਾਂ ਤੋਂ ਸੋਚਦਾ ਸਾਂ ਕਿ ਮੈਂ ਵੀ ਕੁਝ ਕਹਾਂ! ਭੂਪਿੰਦਰ ਸਿੰਘ ਰੈਣਾ ਨੂੰ ਮੈਂ ਤਦ ਦਾ ਜਾਣਦਾ ਹਾਂ ਜਦੋਂ ਮੈਂ ਦਸ ਸਾਲ ਦਾ ਸਾਂ। ਮੇਰੇ ਬੀਜੀ ਇਹਨਾਂ ਨੂੰ ਚਾਰਾਂ ਭਰਾਵਾਂ ਤੋਂ ਵੱਡਾ ਪੁੱਤਰ ਸਮਝਦੇ ਸਨ, ਭਾਵੇਂ ਸਾਡਾ ਕੋਈ ਖੂਨੀ ਜਾਂ ਖ਼ਾਨਦਾਨੀ ਰਿਸ਼ਤਾ ਨਹੀਂ ਸੀ। ਪਿਛਲੇ ਪੰਜਾਹ ਸਾਲਾਂ ਤੋਂ ਇਹ ਸਾਡੇ ਵੱਡੇ ਵੀਰ ਹਨ, ਜਦੋਂ ਅੰਮ੍ਰਿਤਸਰ ਆਉਂਦੇ ਹਨ ਤੇ ਸਾਡੇ ਵਾਸਤੇ ਇਹ ਸ਼ਹਿਰ ਹੋਰ ਆਦਰਣੀਆ ਹੋ ਜਾਂਦਾ ਹੈ। ਮੈਨੂੰ ਪਤਾ ਨਹੀਂ ਸੀ ਕਿ ਮੇਰਾ ਵੀਰ ਮੰਨਿਆਂ-ਪ੍ਰਮੰਨਿਆਂ ਲੇਖਕ ਤੇ ਨਾਵਲਕਾਰ ਵੀ ਹੈ। ਮੈਂ ਇਸ ਨਾਵਲ ਦਾ ਖਰੜਾ ਪੜ੍ਹਿਆ ਤੇ ਪੜ੍ਹਦਾ ਹੀ ਰਹਿ ਗਿਆ। ਭਾਅ ਜੀ ਦੀ ਕਲਮ ਵਿਚ ਐਨਾ ਰਸ ਤੇ ਰਿਸ਼ਤਿਆਂ ਬਾਰੇ ਡੂੰਘੀ ਸੋਚ ਨੇ ਮੈਨੂੰ ਕਾਇਲ ਕਰ ਦਿੱਤਾ। ਮੈਂ ਆਪਣੇ ਆਪ ਵਿਚ ਫ਼ਖ਼ਰ ਮਹਿਸੂਸ ਕਰ ਰਿਹਾ ਹਾਂ ਕਿ ਐਨਾ ਵਧੀਆ ਲਿਖਣ ਵਾਲੇ ਭੂਪਿੰਦਰ ਸਿੰਘ ਰੈਣਾ ਸਾਡੇ ਵੱਡੇ ਵੀਰ ਹਨ।

**ਸਰਬਜੀਤ ਸਿੰਘ ਸੈਣੀ**
G.N.D.U, Amritsar

# ਬੇਨਾਮ ਰਿਸ਼ਤੇ

ਪ੍ਰਮਾਤਮਾ ਨੇ ਔਰਤ ਨੂੰ ਧਰਤੀ 'ਤੇ ਭੇਜ ਕੇ ਸਾਰੀ ਲੁਕਾਈ ਲਈ ਅਪਾਰ ਮੇਹਰ ਤੇ ਵਰਦਾਨ ਦਿੱਤਾ ਹੈ, ਭੈਣ ਹੈ, ਬੇਟੀ ਹੈ, ਪਤਨੀ ਹੈ ਜਾਂ ਮਿੱਤਰ ਕੋਈ ਹੋਰ ਪ੍ਰਾਣੀ ਸਾਨ੍ਹੀ ਨਹੀਂ ਹੈ ਔਰਤ ਦੇ ਕਿਸੇ ਵੀ ਰੂਪ ਦਾ।

ਪ੍ਰਾਣ ਦੇਣ ਵਾਲੀ, ਦੁਨੀਆ ਨੂੰ ਜੀਵਨ ਦੇਣ ਵਾਲੀ ਇਹ ਸਭ ਜਾਣਦੇ ਨੇ, ਸਮਝਦੇ ਨੇ ਪਰ ਫਿਰ ਵੀ ਸਭ ਤੋਂ ਵੱਧ ਨਿਰਾਦਰ ਤੇ ਸੋਸ਼ਨ ਤ੍ਰੀਮਤ ਦਾ ਹੀ ਹੁੰਦਾ ਹੈ। ਸੰਸਾਰ ਵਿਚ ਜਿਤਨੀਆਂ ਜੰਗਾਂ ਹੋਈਆਂ ਹਨ, ਕਿਤੇ ਨਾ ਕਿਤੇ ਔਰਤ ਨੂੰ ਹੀ ਸਭ ਤੋਂ ਵੱਧ ਹਾਨੀ ਹੋਈ ਹੈ। ਜ਼ੁਲਮ, ਜ਼ਬਰ ਦਾ ਸ਼ਿਕਾਰ ਔਰਤ ਹੀ ਹੋਈ ਹੈ। ਚਾਹੇ ਉਹ ਦਰੋਪਦੀ ਹੋਏ, ਸੰਕੁਤਲਾ ਹੋਏ ਜਾਂ ਅੱਜ ਦੇ ਵੇਲੇ ਦੀ ਨਿਰਭੈ। ਜਦੋਂ ਵੀ ਦੇਸ਼ਾਂ 'ਚ ਕੁਰੀਤੀਆਂ ਆਈਆਂ ਹਨ। ਦੇਸ਼ਾਂ ਦਾ ਭਵਿੱਖ ਬਦਲ ਗਿਆ ਪਰ ਔਰਤ ਨੂੰ ਕਿਸੇ ਕ੍ਰਾਂਤੀ ਵਿਚ ਕੋਈ ਲਾਭ ਨਹੀਂ ਹੋਇਆਂ। ਉਸ ਦੀ ਸਥਿਤੀ ਬਦ ਤੋਂ ਬਦੱਤਰ ਹੋ ਗਈ। ਸੰਸਾਰ ਦੇ ਹਰ ਮਨੁੱਖ ਦੀ ਮਾਂ ਹੁੰਦੀ ਹੈ ਔਰਤ ਜਿਹੜੀ ਉਸ ਨੂੰ ਜਨਮ ਦਿੰਦੀ ਹੈ, ਫਿਰ ਔਰਤ ਦੀ ਪੱਤ ਲੁੱਟਣ ਲੱਗਿਆਂ ਉਹ ਸੋਚ ਵੀ ਨਹੀਂ ਸਕਦਾ ਕਿ ਇਹ ਮੇਰੀ ਮਾਂ, ਭੈਣ ਜਾਂ ਬੇਟੀ ਵਰਗੀ ਹੈ। ਇਹ ਤ੍ਰਾਸਦੀ ਹੈ ਉਸ ਔਰਤ ਦੇ ਜੀਵਨ ਦੀ ਜੋ ਜਨਮਦਾਤੀ ਹੈ ਤੇ ਮਰਦ ਦੇ ਹਵਸ ਦੀ ਸ਼ਿਕਾਰ ਹੁੰਦੀ ਹੈ। ਇਕ ਇਹੋ ਜਿਹਾ ਵਰਤਾਂਤ ਮੇਰੇ ਇਸ ਉਪਨਿਆਸ ਦੀ ਕਹਾਣੀ ਹੈ :-

## 1

**ਮੌ**ਸਮ ਬਹਾਰ ਦਾ ਸੀ, ਕਸ਼ਮੀਰ ਦੀ ਧਰਤੀ ਫੁੱਲਾਂ ਨਾਲ ਮਹਿਕੀ-ਮਹਿਕੀ ਲਗਦੀ ਸੀ, ਬਾਗ਼ ਬਗ਼ੀਚੇ ਫਲਾਂ ਨਾਲ ਲੱਦੇ ਹੋਏ ਸਨ, ਕਲ-ਕਲ ਕਰਦੀਆਂ ਨਦੀਆਂ ਪੱਥਰਾਂ ਨਾਲ ਵੱਜ-ਵੱਜ ਕਲੋਲ ਕਰਦੀਆਂ ਤੇ ਮਨ-ਮੋਹਕ ਸੰਗੀਤ ਫੈਲਾ ਰਹੀਆਂ ਸਨ ਵਾਤਾਵਰਣ ਵਿਚ। ਸਾਰੀ ਧਰਤੀ ਹਰੀ ਭਰੀ ਹੋ ਗਈ ਸੀ, ਝੋਨੇ ਦੀ ਫ਼ਸਲ ਨਾਲ ਜਿਵੇਂ ਕੁਦਰਤ ਨੇ ਮਖ਼ਮਲੀ ਸਫ਼ ਵਿਛਾਈ ਹੋਵੇ। ਐਸੇ ਮਾਹੌਲ ਵਿਚ ਮਨਾਂ ਵਿਚ ਪਿਆਰ ਉੱਗਦਾ ਹੈ, ਕਿਸੇ ਦੇ ਨੇੜੇ ਹੋਣ ਦਾ ਮਨ ਕਰਦਾ ਹੈ, ਕਿਸੇ ਦੀਆਂ ਬਾਹਾਂ ਵਿਚ ਸਿਮਟ ਕੇ ਗਵਾਚ ਜਾਣ ਦਾ ਜੀਅ ਕਰਦਾ ਹੈ।

ਐਸੇ ਮਾਹੌਲ ਵਿਚ ਇਕ ਕੁੜੀ ਹਰਪ੍ਰੀਤ ਕੌਰ, ਜਿਸ ਨੂੰ ਸਾਰੇ ਪ੍ਰੀਤੀ ਕਹਿ ਕੇ ਸੱਦਦੇ ਸੀ, ਉਸ ਨੂੰ ਵੀ ਪਿਆਰ ਹੋ ਗਿਆ। ਪ੍ਰੀਤੀ ਇਕ ਸਧਾਰਣ ਘਰ ਦੀ ਲੜਕੀ ਸੀ, ਹਾਇਰ ਸੈਕੰਡਰੀ ਸਕੂਲ ਦੇ ਅੰਤਿਮ ਸ਼੍ਰੇਣੀ ਵਿਚ ਪੜ੍ਹਦੀ ਸੀ ਤੇ ਸਕੂਲ ਦਾ ਇਹ ਆਖ਼ਰੀ ਵਰ੍ਹਾ ਸੀ, ਉਸ ਦਾ ਪਰਿਵਾਰ ਬੜਾ ਹੀ ਗੁਰਸਿੱਖ, ਗੁਰਬਾਣੀ ਨੂੰ ਪਿਆਰ ਕਰਨ ਵਾਲਾ ਤੇ ਵਾਹਿਗੁਰੂ ਤੇ ਅਨੰਤ ਭਰੋਸਾ ਕਰਨ ਵਾਲਾ ਸੀ। ਪ੍ਰੀਤੀ ਦੇ ਪਿਤਾ ਦਾ ਦਿਹਾਂਤ ਹੋ ਚੁੱਕਾ ਸੀ। ਦੋ ਵੱਡੇ ਭਰਾ ਸਨ ਤੇ ਇਕ ਬਜ਼ੁਰਗ ਮਾਤਾ। ਭਰਾਵਾਂ ਨੇ ਬੜੇ ਚਾਅ, ਪਿਆਰ ਤੇ ਨਿੱਘ ਨਾਲ ਪਾਲਿਆ ਸੀ। ਉਹ ਪ੍ਰੀਤੀ ਨੂੰ ਖ਼ੂਬ ਪੜ੍ਹਾਉਣਾ ਚਾਹੁੰਦੇ ਸਨ, ਕਿਉਂਕਿ ਉਹ ਆਪ ਦਸਵੀ ਤੋਂ ਅੱਗੇ ਪੜ੍ਹ ਨਹੀਂ ਸੀ ਸਕੇ, ਆਰਥਿਕ ਤੰਗੀ ਕਾਰਨ। ਹੁਣ ਦੋਨੋਂ ਨੌਕਰੀ ਕਰਦੇ ਸਨ। ਹੌਲੀ-ਹੌਲੀ ਘਰ ਦੀ ਆਰਥਿਕ ਦਸ਼ਾ ਵੀ ਸੁਧਰ ਗਈ ਸੀ।

ਪ੍ਰੀਤੀ ਨੂੰ ਪਿਆਰ ਹੋ ਗਿਆ ਸੀ ਇਕ ਮੁਸਲਮਾਨ ਮੁੰਡੇ ਫ਼ਿਆਜ਼ ਨਾਲ, ਜਿਹੜਾ ਕਿ ਉਸ ਦੇ ਮੁਹੱਲੇ ਵਿਚ ਰਹਿੰਦਾ ਸੀ, ਅਮੀਰ  ਬਾਪ ਦਾ ਬੇਟਾ ਸੀ, ਜਦੋਂ ਕਿਸੇ ਕੋਲ ਸਾਈਕਲ ਹੋਣਾ ਕਠਿਨ ਸੀ, ਉਹਦੇ ਕੋਲ ਯੇਜਦੀ ਮੋਟਰ ਸਾਈਕਲ ਸੀ, ਹਰ ਰੋਜ਼ ਉਹ ਪ੍ਰੀਤੀ ਦਾ ਸਕੂਲ ਤਕ ਪਿੱਛਾ ਕਰਦਾ ਸੀ, ਉਸ ਨੂੰ ਪ੍ਰਭਾਵਿਤ ਕਰਦਾ ਤੇ ਫਿਰ ਨੇੜਤਾ ਵਧਦੀ ਗਈ ਤੇ ਮੋਟਰ-ਸਾਈਕਲ ਤੇ ਉਸ ਨੂੰ ਛੱਡਣ ਜਾਂਦਾ।

ਸਕੂਲ ਤੋਂ ਬਹਾਨੇ ਨਾਲ ਪ੍ਰੀਤੀ ਛੁੱਟੀ ਲੈ ਕੇ ਆ ਜਾਂਦੀ, ਜਾਂ ਕਦੀ ਸਕੂਲ ਹੀ ਨਹੀਂ ਜਾਂਦੀ ਤੇ ਕਸ਼ਮੀਰ ਵਾਦੀ ਦੀ ਸੁੰਦਰਤਾ ਵਿਚ ਦੋਨੋਂ ਗਵਾਚ ਜਾਂਦੇ। ਮਖਮਲੀ ਘਾਹ ਤੇ ਲੇਟ ਜਾਂਦੇ, ਫੁਲਾਂ ਦੀਆਂ ਕਿਆਰੀਆਂ ਪਿੱਛੇ ਲੁਕ ਕੇ ਪਿਆਰ ਕਰਦੇ, ਨਿਸ਼ਾਤ ਤੇ ਸ਼ਾਲਾਮਾਰ ਦੇ ਫੁੱਲ-ਬੂਟੇ ਉਹਨਾਂ ਦੇ ਪਿਆਰ ਦੀ ਗਵਾਹੀ ਹੁੰਦੇ। ਕੈਸੀ ਉਮਰ ਹੁੰਦੀ ਹੈ ਜਦੋਂ ਪਿਆਰ ਮਨ, ਮਸਤਸ਼ਕ ਨੂੰ ਪਾਗਲ ਕਰ ਦਿੰਦਾ ਹੈ, ਧਰਮ ਜ਼ਾਤ ਦਾ ਅਹਿਸਾਸ ਮੁੱਕ ਜਾਂਦਾ ਹੈ। ਮਾਂ ਬਾਪ, ਭੈਣ ਭਰਾਵਾਂ ਦਾ ਮੋਹ ਭੰਗ ਹੋ ਜਾਂਦਾ ਹੈ। ਮਨੁੱਖ ਅੰਨ੍ਹਾ ਹੋ ਜਾਂਦਾ ਹੈ, ਪਿਆਰੇ ਤੋਂ ਸਿਵਾ ਕੁਝ ਹੋਰ ਸੋਚਿਆ ਹੀ ਨਹੀਂ ਜਾਂਦਾ। ਆਪਣਿਆਂ ਦੀਆਂ ਸਾਰੀਆਂ ਉਮੀਦਾਂ ਖ਼ਾਹਿਸ਼ਾਂ ਤੁੱਛ ਲੱਗਦੀਆਂ ਨੇ।

ਇਹ ਉਹ ਸਮਾਂ ਸੀ ਜਦੋਂ ਕਸ਼ਮੀਰ ਵਿਚ ਅਲਗਾਵ ਵਾਦ ਦੀ ਅੱਗ ਸੁਲਗਣ ਲੱਗੀ ਸੀ। ਲੋਕਾਂ ਦੀ ਸੋਚ ਬਦਲਣ ਲੱਗੀ ਸੀ। ਦੂਸਰੇ ਧਰਮ ਦੀ ਮਾਂ ਭੈਣ ਨੂੰ ਕੋਈ ਆਦਰ ਸਨਮਾਨ ਨਾਲ ਨਹੀਂ ਸੀ ਵੇਖਦਾ। ਕਿਸੇ ਹਿੰਦੂ ਜਾ ਸਿੱਖ ਦੀ ਲੜਕੀ ਨੂੰ ਪ੍ਰਭਾਵਿਤ ਕਰਕੇ ਆਪਣੇ ਪਿਆਰ ਜਾਲ ਵਿਚ ਫਸਾਣਾ ਇਕ ਸ਼ੌਕ ਬਣ ਗਿਆ ਸੀ। ਇਹੋ ਜਿਹੇ ਪਿਆਰ ਦਾ ਦੂਜਾ ਨਾਂ ਹਵਸ ਸੀ। ਕਿੰਨੇ ਹੀ ਹਾਦਸੇ, ਘਟਨਾਵਾਂ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਸਨ। ਕਿੰਨੀ ਪ੍ਰੇਸ਼ਾਨੀ ਸੀ ਮਾਂ ਪਿਉ ਵਾਸਤੇ ਕਿਤਨੀਆਂ ਲੜਕੀਆਂ ਦੀ ਹੱਤਿਆ ਵੀ ਹੋ ਗਈ ਸੀ, ਅਣਖ ਵਾਸਤੇ ਕਈ ਪਿਤਾ ਆਤਮ ਹੱਤਿਆ ਹੀ ਕਰ ਚੁੱਕੇ ਸਨ। ਪ੍ਰਸ਼ਾਸਨ ਕੋਈ ਸੁਣਵਾਈ ਨਹੀਂ ਸੀ ਕਰਦਾ।

## 2

**ਇ**ਕ ਸ਼ਾਮ ਪ੍ਰੀਤੀ ਘਰ ਨਹੀਂ ਆਈ, ਸਾਰੇ ਰਿਸ਼ਤੇਦਾਰਾਂ, ਮਿੱਤਰਾਂ ਉਸਦੀਆਂ ਸਕੂਲ ਦੀਆਂ ਸਹੇਲੀਆਂ ਤੋਂ ਪਤਾ ਕੀਤਾ, ਕੋਈ ਪਤਾ ਨਹੀਂ ਲੱਗਾ ਕਿਥੇ ਗਈ। ਭਰਾ ਪ੍ਰੇਸ਼ਾਨ ਸਨ, ਮਾਂ ਦਾ ਰੋ-ਰੋ ਕੇ ਬੁਰਾ ਹਾਲ ਸੀ, ਸਾਰੀ ਰਾਤ ਰੋਂਦਿਆਂ ਬੀਤੀ, ਉਹਨਾਂ ਦਿਨਾਂ ਵਿਚ ਫੋਨ ਜਾਂ ਮੋਬਾਈਲ ਦੀ ਸੁਵਿਧਾ ਨਹੀਂ ਸੀ। ਰਾਤ ਨੂੰ ਕਿਧਰੇ ਜਾਣ ਲਈ ਕੋਈ ਆਵਾਜਾਈ ਦਾ ਸਾਧਨ ਨਹੀਂ ਸੀ। ਕਿਸੇ ਨੂੰ ਦੱਸਦਿਆਂ ਵੀ ਸ਼ਰਮ ਮਹਿਸੂਸ ਹੁੰਦੀ ਸੀ। ਚਿੰਤਾ ਤੇ ਰੋਸ ਵਿਚ ਰਾਤ ਬੀਤੀ, ਸਵੇਰੇ ਜਾ ਕੇ ਗੁਰਦਵਾਰੇ ਵਿਚ ਇਤਲਾਹ ਦਿੱਤੀ, ਸਟੇਜ ਤੋਂ ਸੰਗਤ ਨੂੰ ਸੁਣਾਇਆ ਗਿਆ। ਧਾਰਮਿਕ ਤੇ ਸਿੱਖ ਸਮਾਜ ਦੇ ਹਲਕਿਆਂ ਵਿਚ ਚਰਚਾ ਹੋਈ, ਇਹੋ ਜਿਹੇ ਸਮੇਂ ਸਾਰੇ ਇਕੱਠੇ ਹੋ ਜਾਂਦੇ ਹਨ। ਧਰਮ ਤੋਂ ਕੌਮ ਦਾ ਮਸਲਾ ਜੋ ਹੋਇਆ। ਸਰਕਾਰੀਦਫ਼ਤਰ ਖੁੱਲ੍ਹਣ ਦੇ ਸਮੇਂ ਤਕ ਸਿੱਖ ਜੱਥੇਬੰਦੀ ਇਕੱਤਰ ਹੋ ਕੇ ਪੁਲਿਸ ਦੇ ਅਫ਼ਸਰਾਂ ਨੂੰ ਮਿਲੇ, ਪ੍ਰਸ਼ਾਸ਼ਨ ਅੱਗੇ ਦੁਹਾਈ ਕੀਤੀ। ਪ੍ਰਸ਼ਾਸ਼ਨ ਹਰਕਤ ਵਿਚ ਆਇਆ। ਪੁਲੀਸ ਦੇ ਐਸ.ਐਸ.ਪੀ. ਨੂੰ ਨਿਰਦੇਸ਼ ਦਿੱਤੇ ਗਏ ਕੋਈ ਸੀਨੀਅਰ ਅਫ਼ਸਰ ਨਿਯੁਕਤ ਕੀਤਾ ਜਾਏ ਅਤੇ ਲੜਕੀ ਦੀ ਤਲਾਸ਼ ਕਰਕੇ ਦੋਸ਼ੀ ਨੂੰ ਫੜਿਆ ਜਾਏ ਅਤੇ ਲੜਕੀ ਬਰਾਮਦ ਕੀਤੀ ਜਾਏ।

ਪੁਲੀਸ ਅਮਲਾ, ਹਰਕਤ ਵਿਚ ਆਇਆ। ਇਕ ਸਿੱਖ ਡੀ.ਐਸ.ਪੀ. ਨੂੰ ਮੁਕੱਰਰ ਕੀਤਾ ਗਿਆ ਕਿ ਕੇਸ ਦੀ ਤਫ਼ਤੀਸ਼, ਕਰਨ ਤੇ ਜਲਦੀ-ਜਲਦੀ ਕਾਰਵਾਈ ਕੀਤੀ ਜਾਏ। ਅਖ਼ਬਾਰਾਂ ਵਿਚ ਖ਼ਬਰ ਛਪ ਗਈ, ਘਰ-ਘਰ ਵਿਚ ਚਰਚਾ ਸ਼ੁਰੂ ਹੋ ਗਈ। ਤ੍ਰੀਮਤਾਂ ਵਾਸਤੇ ਤੇ ਜਵਲੰਤ ਖ਼ਬਰ ਸੀ, ਜਿੱਥੇ ਚਾਰ ਜਣੀਆਂ ਬੈਠਦੀਆਂ ਇਸ ਕਹਾਣੀ ਤੇ ਚਰਚਾ ਹੁੰਦੀ। ਨੌਜਵਾਨ ਸਿੱਖ ਲੜਕਿਆਂ ਵਿਚ ਬਹੁਤ ਰੋਸ ਸੀ। ਹਾਲਾਤ ਗੰਭੀਰ ਸਨ। ਪੁਲੀਸ ਨੇ ਬਹੁਤੇ ਸਾਰੀਆਂ ਜਗ੍ਹਾ ਤੇ ਬੰਦਿਸ਼ ਲਗਾ ਦਿੱਤੀ ਪਰ ਲੜਕੀ ਦਾ ਕੋਈ ਸੁਰਾਖ ਨਹੀਂ ਮਿਲਿਆ, ਕਈ ਹੋਟਲ ਛਾਣੇ, ਕਈ ਹਾਊਸ ਬੋਟ ਵੇਖੇ, ਡਲ ਵਿਚ ਵੱਸੀਆਂ ਕਈ ਅਵੈਧ ਬਸਤੀਆਂ ਵਿਚ ਭਾਲ ਕੀਤੀ ਪਰ ਕੋਈ ਪਤਾ ਨਹੀਂ ਚਲਿਆ। ਫ਼ਿਆਜ਼ ਮੁਹੰਮਦ ਨਾਲ ਲੜਕੀ ਦਾ ਕੋਈ ਸੰਬੰਧ ਹੈ ਇਹ ਵੀ ਕਿਸੇ ਨੂੰ ਪਤਾ ਨਹੀਂ ਸੀ।

ਵੱਸਦੇ-ਰੱਸਦੇ ਤੇ ਰਸੂਖ ਵਾਲੇ ਫ਼ਿਆਜ਼ ਦੇ ਪਰਿਵਾਰ ਵਿਚ ਵੀ ਪ੍ਰੇਸ਼ਾਨੀ ਸੀ ਕਿ ਲੜਕਾ ਘਰ ਨਹੀਂ ਆਇਆ। ਉਸ ਦੀ ਵੀ ਤਲਾਸ਼ ਅਰੰਭ ਹੋ ਗਈ, ਪੁਲੀਸ ਨੂੰ ਸੂਚਿਤ ਕੀਤਾ ਗਿਆ ਪੁਲੀਸ ਨੂੰ ਅੰਦਾਜ਼ਾ ਹੋ ਗਿਆ ਕਿ ਪ੍ਰੀਤੀ ਤੇ ਫ਼ਿਆਜ਼ ਇਕੱਠੇ ਹੀ ਅਲੋਪ ਹੋਏ ਹਨ ਤੇ ਹੋ ਸਕਦਾ ਹੈ ਦੋਨੋਂ ਇਕੱਠੇ ਹੀ ਭੱਜੇ ਹੋਣ। ਉਸਦੇ ਸੰਪਰਕ ਵਾਲੇ ਸਥਾਨਾਂ ਤੇ ਛਾਪੇ ਮਾਰੇ, ਰਿਸ਼ਤੇਦਾਰਾਂ ਤੋਂ ਪੁੱਛ-ਗਿੱਛ ਕੀਤੀ ਤੇ ਅੰਤ ਵਿਚ ਅਨੰਤਨਾਗ ਦੇ ਕਿਸੇ ਪਿੰਡ ਵਿਚ ਪਕੜੇ ਗਏ, ਫ਼ਿਆਜ਼ ਦੇ ਮੋਟਰ ਸਾਈਕਲ ਦੀ ਗਤੀ-ਵਿਧੀਆਂ ਕਾਰਨ ਹੀ ਪੁਲੀਸ ਨੂੰ ਸਫ਼ਲਤਾ ਮਿਲੀ ਇਕ ਹਫ਼ਤੇ ਬਾਅਦ ਤਦ ਤਕ ਪ੍ਰੀਤੀ ਦੇ ਜੀਵਨ

ਵਿਚ ਬਹੁਤ ਬਦਲਾਅ ਆ ਚੁੱਕਿਆ ਸੀ। ਉਸ ਨੇ ਧਰਮ ਹੀ ਬਦਲ ਲਿਆ ਸੀ, ਨਿਕਾਹ ਕਰ ਲਿਆ ਸੀ। ਪਰ ਇਸ ਸਭ ਦਾ ਕੋਈ ਕਨੂੰਨੀ ਪਹਿਲੂ ਨਹੀਂ ਸੀ। ਉਸ ਨੂੰ ਲਿਆ ਕੇ ਘਰਦਿਆਂ ਦੇ ਹਵਾਲੇ ਕਰ ਦਿੱਤਾ, ਭਰਾਵਾਂ ਨੇ ਹੱਥਾਂ, ਮੁੱਕਿਆਂ, ਲੱਤਾਂ ਨਾਲ ਦਿਲ ਦੀ ਭੜਾਸ ਕੱਢੀ, ਮਾਂ ਨੇ ਵਾਲ ਪੁੱਟੇ, ਸਾਰਿਆਂ ਨੇ ਲਾਹਨਤਾਂ ਪਾਈਆਂ ਕਿ "ਇਸ ਦਿਨ ਵਾਸਤੇ ਤੂੰ ਜੰਮੀ ਸੇਂ, ਖ਼ਾਨਦਾਨ ਦੇ ਨਾ, ਸਮਾਜ ਦੇ ਨਾਂ ਨੂੰ ਕਲੰਕਿਤ ਕੀਤਾ।"

ਉਸ ਸਮੇਂ ਦੇ ਸਿੱਖ ਸਮਾਜ ਲਈ ਗੰਭੀਰ ਚਿੰਤਾਜਨਕ ਵਿਸ਼ੈ ਸੀ, ਇਸ ਤੋਂ ਪਹਿਲੇ ਕੁਝ ਇਕਾ-ਦੁੱਕਾ ਵਾਕਿਆ ਹੋ ਗਏ ਸਨ ਜਦੋਂ ਸਿੱਖ ਲੜਕੀਆਂ ਕਿਸੇ ਮੁਸਲਮਾਨ ਲੜਕੇ ਨਾਲ ਘਰੋਂ ਨੱਸ ਗਈਆਂ ਸਨ। ਸਮਾਜ ਵਿਚ ਚਰਚਾਵਾਂ ਦਾ ਦੌਰ ਸ਼ੁਰੂ ਸੀ ਕਿ ਕੋਈ ਸਿੱਖ ਲੜਕਾ ਲੱਭ ਕੇ ਪ੍ਰੀਤੀ ਦਾ ਵਿਆਹ ਕਰ ਦਿੱਤਾ ਜਾਏ।

ਸਿੱਖ ਨੌਜਵਾਨ ਸਭਾ ਨੂੰ ਭਰੋਸੇ ਵਿਚ ਲੈ ਕੇ ਚਾਲ ਚਲਾਈ, ਐਸੀ ਕੁੜੀ ਨਾਲ ਕੋਈ ਸ਼ਾਦੀ ਕਰਨ ਨੂੰ ਤਿਆਰ ਨਹੀਂ ਸੀ।

ਪ੍ਰੀਤੀ ਅੱਤ ਦੀ ਸੋਹਣੀ ਸੀ, ਹੱਥ ਲਾਉਂਦਿਆਂ ਮੈਲੀ ਹੁੰਦੀ ਸੀ। ਚੰਨ ਦਾ ਟੁੱਕੜਾ ਸੀ, ਪਰ ਆਪਣੀ ਹਿਮਾਕਤ ਕਾਰਨ ਆਪਣੇ ਭਵਿੱਖ ਨੂੰ ਕਲੰਕ ਲਗਾ ਲਿਆ ਸੀ ਉਸਨੇ। ਕੋਈ ਮੁੰਡਾ ਹਿੰਮਤ ਵੀ ਕਰਦਾ, ਪਰ ਉਸਦੇ ਮਾਤਾ ਪਿਤਾ ਤਿਆਰ ਨਹੀਂ ਹੁੰਦੇ। ਅੰਤ ਵਿਚ ਇਕ ਲੜਕਾ ਬਬਲੂ ਤਿਆਰ ਹੋ ਗਿਆ, ਉਸਦਾ ਅਸਲੀ ਨਾਂ ਬਲਬੀਰ ਸੀ, ਪੜ੍ਹਿਆ ਲਿਖਿਆ ਜ਼ਰੂਰ ਸੀ ਪਰ ਵੇਹਲਾ ਸੀ, ਕੋਈ ਕੰਮ ਕਾਜ ਨਹੀਂ ਸੀ। ਸਿੱਖ ਹੋਣ ਦਾ ਜਨੂੰਨ ਸੀ, ਭਾਵੁਕ ਸੀ, ਜਜ਼ਬਾਤੀ ਸੀ। ਉਸਦੇ ਮਨ ਵਿਚ ਇਹ ਫੁਰਨਾ ਆਇਆ ਕਿ ਚਲੋ ਅਗਰ ਕੁੜੀ ਨੇ ਗ਼ਲਤੀ ਕਰ ਲਈ ਹੈ ਉਹਨੂੰ ਗ਼ਲਤੀ ਸੁਧਾਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਸ਼ਾਇਦ ਗ਼ਲਤੀ ਮਹਿਸੂਸ ਕਰਕੇ, ਸਮਾਜ ਵਿਚ ਹੋਈ ਬਦਨਾਮੀ ਦੇ ਅਸਰ ਕਾਰਨ ਇਕ ਚੰਗੀ ਪਤਨੀ ਸਾਬਤ ਹੋਏ, ਅਗਰ ਕੋਈ ਬੰਦਾ ਇਸ ਸਮੇਂ ਉਸਨੂੰ ਸਹਾਰਾ ਨਾ ਦੇਵੇ ਤਾਂ ਹੋ ਸਕਦਾ ਉਹ ਫਿਰ ਅੰਨ੍ਹੇ ਖੂਹ ਵਿਚ ਵੀ ਡਿੱਗ ਜਾਵੇ ਤੇ ਜੀਵਨ ਬਰਬਾਦ ਕਰ ਲਵੇ। ਬਬਲੂ ਦੇ ਪਿਤਾ ਬਿਲਕੁਲ ਹੀ ਇਸ ਪੱਖ ਵਿਚ ਨਹੀਂ ਸਨ। ਆਪਣੀ ਭੈਣ ਦੇ ਸਮਝਾਣ ਤੇ ਉਹ ਮਨ ਗਏ, ਬਬਲੂ ਤੇ ਪ੍ਰੀਤੀ ਦਾ ਵਿਆਹ ਹੋ ਗਿਆ। ਸਿੱਖ ਸਮਾਜ ਨੇ ਸਹਾਇਤਾ ਕੀਤੀ ਕਈ ਜੱਥੇਬੰਦੀਆਂ ਨੇ ਉਤਸ਼ਾਹਤ ਕੀਤਾ ਤੇ ਦੋਵਾਂ ਨੂੰ ਵਸਾਉਣ ਵਿਚ ਸ਼ਲਾਘਾਯੋਗ ਕਦਮ ਚੁੱਕੇ ਤੇ ਬਬਲੂ ਤੇ ਪ੍ਰੀਤੀ ਪਤੀ-ਪਤਨੀ ਬਣ ਗਏ।

## 3

**ਬ**ਬਲੂ ਨੂੰ ਕਰਿਆਨੇ ਦੀ ਦੁਕਾਨ ਖੋਲ੍ਹ ਦਿੱਤੀ ਬਾਰਾਮੂਲੇ ਵਿਚ। ਉਥੇ ਹੀ ਕਿਰਾਏ 'ਤੇ ਕਮਰਾ ਲੈ ਕੇ ਰਹਿਣ ਲੱਗ ਗਏ। ਦਿਨੇ ਬਬਲੂ ਦੁਕਾਨ ਤੇ ਰਹਿੰਦਾ, ਦੁਪਹਿਰ ਰੋਟੀ ਖਾਣ ਘਰ ਆਉਂਦਾ, ਹਮੇਸ਼ਾ ਪ੍ਰੀਤੀ ਨੂੰ ਗਮਗੀਨ ਤੇ ਚਿੰਤਾ ਵਿਚ ਵੇਖਦਾ। ਉਹ ਲਖ ਯਤਨ ਕਰਨ ਤੇ ਫ਼ਿਆਜ਼ ਨੂੰ ਭੁੱਲੀ ਨਹੀਂ ਸੀ। ਹਰ ਪਲ ਫ਼ਿਆਜ਼ ਦੀ ਯਾਦ, ਉਸ

ਨੂੰ ਤੜਫਾਉਂਦੀ, ਉਸ ਨਾਲ ਬਿਤਾਏ ਪਲ, ਬਿਤਾਈਆਂ ਰਾਤਾਂ ਉਸ ਦੀ ਸੋਚ ਨੂੰ ਨਿਢਾਲ ਕਰਦੀਆਂ। ਕਈ ਵਾਰ ਉਸ ਦੇ ਮਨ ਵਿਚ ਆਉਂਦਾ ਫਿਰ ਭੱਜ ਜਾਵਾਂ, ਫਿਰ ਫ਼ਿਆਜ਼ ਕੋਲ ਚਲੀ ਜਾਵਾਂ, ਉਹੀ ਉਹਨੂੰ ਆਪਣੇ-ਆਪਣੇ ਜੀਵਨ ਦਾ ਕਣਨਧਾਰ ਲਗਦਾ ਉਸ ਦੇ ਬਗੈਰ ਉਸ ਨੂੰ ਆਪਣਾ ਜੀਵਨ ਅਧੂਰਾ ਜਾਪਦਾ, ਇਸੇ ਸੋਚ ਵਿਚ ਤੇ ਉਸਦੀ ਯਾਦ ਵਿਚ ਉਹ ਸਾਰਾ ਦਿਨ ਗੁਜ਼ਾਰ ਦੇਂਦੀ। ਰਾਤ ਨੂੰ ਪਤੀ ਨਾਲ ਸੌਂਦਿਆਂ ਉਹਨੂੰ ਜਾਪਦਾ ਜਿਵੇਂ ਅੰਗਾਰਾ ਤੇ ਲੇਟੀ ਹੋਏ। ਉਹਨੂੰ ਬਬਲੂ ਵਿਚ ਕੋਈ ਰੁਚੀ ਨਹੀ ਸੀ। ਕੇਵਲ ਸਮਾਜ ਦੇ ਬੰਦਨ ਵਿਚ ਜਕੜੀ ਹੋਈ ਸੀ। ਹਾਂ ਰੋਟੀ ਦੋਨੋਂ ਵਕਤ ਬਬਲੂ ਨੂੰ ਖਵਾ ਦਿੰਦੀ ਸੀ, ਪਰ ਕਦੀ ਮੀਟ ਜਾਂ ਮੁਰਗਾ ਬਬਲੂ ਲੈ ਕੇ ਆਉਂਦਾ, ਉਹ ਬਣਾ ਦਿੰਦੀ ਪਰ ਆਪ ਨਹੀਂ ਖਾਂਦੀ। ਕਦੀ ਉਹਦਾ ਕੋਈ ਭਰਾ ਮਿਲਣ ਆਉਂਦਾ ਤੇ ਬਬਲੂ ਅਕਸਰ ਪੁੱਛਦਾ ਇਹ ਵੈਸ਼ਨਵ ਹੈ ਕੀ? ਤੇ ਭਰਾ ਕਹਿੰਦਾ ਇਹ ਤੇ ਮੀਟ ਮੁਰਗੇ ਦੀ ਬਹੁਤ ਸ਼ੌਕੀਨ ਹੈ, ਪਰ ਹੁਣ ਕਿਉਂ ਨਹੀਂ ਖਾਂਦੀ, ਪਤਾ ਨਹੀਂ ਚਲੋ ਨਹੀਂ ਖਾਂਦੀ ਤੇ ਨਾ ਸਹੀ। "ਵਾਸਤਵ ਵਿਚ ਉਹ ਕਲਿਮਾ ਪੜ੍ਹ ਕੇ ਮੁਸਲਿਮ ਹੋ ਗਈ ਤੇ ਝਟਕਾ ਮਾਸ ਨਹੀਂ ਖਾਂਦੀ ਸੀ।"

ਬਬਲੂ ਦੇ ਮਿੱਤਰ ਅਤੇ ਯਾਰ ਉਹਦੀ ਦੁਕਾਨ 'ਤੇ ਕਈ ਵਾਰੀ ਗੱਪ-ਸ਼ੱਪ ਕਰਨ ਆਉਂਦੇ, ਹਾਲ-ਚਾਲ ਪੁੱਛਦੇ, ਉਹਦੀ ਪਤਨੀ ਬਾਰੇ ਚਰਚਾ ਕਰਦੇ। ਉਹਨਾਂ ਦੀ ਦਿਲਚਸਪੀ ਇਹ ਰਹਿੰਦੀ ਕਿ ਕੁੜੀ ਦੂਜੇ ਬੰਦੇ ਨਾਲ ਭੱਜ ਗਈ ਸੀ, ਚਰਿੱਤਰ ਦੀ ਠੀਕ ਨਹੀਂ ਹੋਏਗੀ। ਹੋ ਸਕਦਾ ਹੈ ਕਿਤੇ ਸਾਡੀ ਵੀ ਦਾਲ ਗਲ ਜਾਏ। ਬਬਲੂ ਦੇ ਘਰ ਜਾਣ ਦਾ ਕੋਈ ਨਾ ਕੋਈ ਬਹਾਨਾ ਲੱਭਦੇ, ਪ੍ਰੀਤੀ ਨੂੰ ਮਿਲਣ ਦਾ ਜਾਂ ਵੇਖਣ ਦਾ ਕੋਈ ਹੀਲਾ ਕਰਦੇ। ਕਦੀ ਕਹਿੰਦੇ "ਤੂੰ ਕੋਈ ਪੈਰਵੀ ਨਹੀਂ ਕੀਤੀ, ਕਿੰਨੀ ਜੱਦੋ-ਜਹਿਦ ਨਾਲ ਤੇਰਾ ਵਿਆਹ ਕਰਾਇਆ, ਤੇਰੇ ਪਿਉ ਨੂੰ ਮਨਾਇਆਂ, ਕਿਤੇ ਘਰ ਬੁਲਾ ਕੇ ਸਾਨੂੰ ਵੀ ਭਾਬੀ ਦੇ ਹੱਥ ਦਾ ਬਣਿਆ ਕੁਝ ਖਿਲਾ-ਪਿਲਾ ਦੇਹ।"

ਬਬਲੂ ਨੇ ਆਪਣੇ ਕੁਝ ਮਿੱਤਰ ਆਪਣੇ ਘਰ ਸੱਦ ਹੀ ਲਏ ਚਾਹ ਪਾਣੀ ਪਿਆਉਣ ਲਈ ਪਰ ਕਿਸੇ ਦੀ ਵੀ ਨੀਯਤ ਠੀਕ ਨਹੀਂ ਸੀ, ਉਹਨਾਂ ਦੀ ਸੋਚ ਸੀ ਕਿ ਜਿਹੜੀ ਕੁੜੀ ਕਿਸੇ ਦੇ ਨਾਲ ਭੱਜ ਗਈ ਹੈ, ਉਹ ਚਰਿੱਤਰਵਾਨ ਨਹੀਂ ਹੋਵੇਗੀ, ਉਹਨਾਂ ਨੇ ਕਈ ਫਬਕੀਆਂ ਕੱਸੀਆਂ, ਕਈ ਟਿਚਕਰਾਂ ਕੀਤੀਆਂ ਪਰ ਪ੍ਰੀਤੀ ਚੁੱਪ-ਚਾਪ ਸਹਿ ਗਈ, ਕਿਸੇ ਵੀ ਗੱਲ ਦਾ ਉੱਤਰ ਨਹੀਂ ਦਿੱਤਾ। ਉਹਨਾਂ ਦੀ ਆਵ-ਭਗਤ ਕੀਤੀ, ਚਾਹ ਪਾਣੀ ਦੇ ਨਾਲ ਗਰਮ-ਗਰਮ ਪਕੌੜੇ ਬਣਾ ਕੇ ਉਹਨਾਂ ਨੂੰ ਖਿਲਾਏ ਤੇ ਰੁਖਸਤ ਕੀਤਾ, ਕਾਫ਼ੀ ਹੰਸੀ-ਮਜ਼ਾਕ ਚਲਦਾ ਰਿਹਾ, ਪਰ ਕਿਸੇ ਵੀ ਗੱਲ ਤੇ ਰੋਸ ਨਹੀਂ ਜਿਤਾਇਆ, ਕੋਈ ਪ੍ਰਤਿਕ੍ਰਿਆ ਨਹੀਂ ਕੀਤੀ। ਉਹਨਾਂ ਦੇ ਜਾਣ ਤੋਂ ਬਾਅਦ ਪ੍ਰੀਤੀ ਨੇ ਬਬਲੂ ਦੇ ਦੋਸਤਾਂ ਲਈ ਬੜੇ ਅਪਸ਼ਬਦ ਵਰਤੇ, "ਕਿਹੋ ਜਿਹੇ ਦੋਸਤ ਨੇ ਤੁਹਾਡੇ? ਕੀ ਸਮਝਦੇ ਨੇ ਕਿ ਮੈਂ ਬਜ਼ਾਰੂ ਔਰਤ ਹਾਂ? ਕੀ ਸਮਝਦੇ ਨੇ ਕਿ ਮੈਂ ਚਰਿੱਤਰਹੀਨ ਹਾਂ ਤੇ ਇਹੋ ਜਿਹੇ ਟੁੱਚੇ ਮੈਨੂੰ

ਪ੍ਰਭਾਵਤ ਕਰਨਗੇ? ਅੱਜ ਤੇ ਤੁਸੀਂ ਇਹਨਾਂ ਨੂੰ ਲਿਆਏ ਹੋ ਪਰ ਖਿਆਲ ਰੱਖਣਾ ਦੁਬਾਰਾ ਇਹਨਾਂ 'ਚੋਂ ਕੋਈ ਮੇਰੇ ਘਰ ਨਾ ਆਏ। ਵਹੀਆਤ ਲੋਗ ਹਨ ਇਹ? ਕੀ ਆਪਣੀਆਂ ਮਾਵਾਂ, ਭੈਣਾਂ ਨਾਲ ਵੀ ਇਹੋ ਜਿਹੀਆਂ ਫ਼ਜ਼ੂਲ ਗੱਲਾਂ ਕਰਦੇ ਨੇ? ਤੁਸੀਂ ਵੀ ਸਮਝ ਲਓ ਕਿ ਮੈਂ ਅਗਰ ਆਪਣਾ ਧਰਮ ਛੱਡ ਕੇ ਆਪਣੀ ਮਾਂ ਆਪਣੇ ਭਰਾ ਛੱਡ ਕੇ ਉਸ ਮੁੰਡੇ ਨਾਲ ਗਈ ਸਾਂ ਤਾਂ ਸਮਝੋ ਕਿ ਮੈਂ ਉਹਨੂੰ ਕਿੰਨਾ ਪਿਆਰ ਕੀਤਾ ਹੋਏਗਾ? ਕਿੰਨਾ ਉਸਨੂੰ ਚਾਹਿਆ ਹੋਏਗਾ? ਉਸ ਦੇ ਨਾਲ ਜੀਣ ਮਰਣ ਨੂੰ ਤਿਆਰ ਸਾਂ, ਉਹ ਮੇਰੀ ਰੂਹ ਵਿਚ ਵੱਸ ਗਿਆ ਸੀ। ਇਹ ਕਦੀ ਵੀ ਨਹੀਂ ਸੋਚਣਾ ਕਿ ਮੈਂ ਬਦਚਲਨ ਹਾਂ। ਤੁਹਾਡੇ ਨਾਲ ਵਿਆਹ ਕਰਕੇ ਮੈਂ ਜ਼ਿੰਦਗੀ ਨਾਲ ਸਮਝੌਤਾ ਕੀਤਾ ਹੈ। ਤੁਹਾਨੂੰ ਚਾਹਿਆ ਨਹੀਂ, ਤੁਹਾਨੂੰ ਪਿਆਰ ਨਹੀ ਕਰਦੀ, ਨਾ ਹੀ ਕਰ ਸਕਦੀ ਹਾਂ। ਮੈਂ ਤੁਹਾਡੀ ਇੱਜ਼ਤ ਕਰਦੀ ਹਾਂ, ਤੁਹਾਡਾ ਸਨਮਾਨ ਕਰਦੀ ਹਾਂ ਕਿ ਮੇਰੇ ਇੰਨੇ ਔਗੁਣਾਂ ਦੇ ਬਾਅਦ ਵੀ ਤੁਸੀਂ ਮੈਨੂੰ ਅਪਨਾਇਆ, ਮੇਰਾ ਹੱਥ ਫੜਿਆ, ਬਦਨਾਮੀ ਤੋਂ ਬਚਾਇਆ। ਮੇਰੇ ਪਰਿਵਾਰ ਦੀ ਇੱਜ਼ਤ ਦਾ ਖ਼ਿਆਲ ਕੀਤਾ ਤੇ ਮੈਂ ਵੀ ਸਾਰੀ ਉਮਰ ਤੁਹਾਡੀ ਇੱਜ਼ਤ ਕਰਦੀ ਰਹਾਂਗੀ।"

ਸਚਮੁੱਚ ਪ੍ਰੀਤੀ ਨੇ ਆਪਣੇ ਜੀਵਨ ਨਾਲ ਸਮਝੌਤਾ ਕੀਤਾ ਸੀ, ਆਪਣੀਆਂ ਇਛਾਵਾਂ ਨੂੰ ਕੁਰਬਾਨ ਕੀਤਾ ਸੀ, ਉਹ ਫ਼ਿਆਜ਼ ਨੂੰ ਭੁੱਲੀ ਨਹੀਂ ਸੀ, ਜਦੋਂ ਇਕੱਲੀ ਹੁੰਦੀ ਉਸੇ ਦੀ ਯਾਦ ਵਿਚ ਗਵਾਚੀ ਰਹਿੰਦੀ, ਉਸਦੇ ਨਾਲ ਗੁਜ਼ਾਰੇ ਹਰ ਪਲ ਨੂੰ ਆਪਣੇ ਖਿਆਲਾਂ ਵਿਚ ਜੀਵੰਤ ਕਰਦੀ ਰਹਿੰਦੀ। ਹਾਂ ਪਰ ਪਤੀ ਨੂੰ ਵੀ ਸਤਿਕਾਰਦੀ, ਉਹਦੇ ਵਾਸਤੇ ਪਿਆਰ ਨਾਲ ਭੋਜਨ ਬਣਾਂਦੀ, ਪਿਆਰ ਨਾਲ ਖੁਆਂਵਦੀ ਤੇ ਪਤਨੀ ਹੋਣ ਦਾ ਫ਼ਰਜ਼ ਵੀ ਨਿਭਾਉਂਦੀ। ਹਰ ਰਾਤ ਪਤੀ ਕੋਲ ਸੌਂਦਿਆਂ ਆਪਣੇ ਖਿਆਲ ਵਿਚ ਉਹ ਫ਼ਿਆਜ਼ ਨੂੰ ਮਹਿਸੂਸ ਕਰਦੀ, ਕਈ ਵਾਰੀ ਬਬਲੂ ਨੂੰ ਉਹਦੇ ਵਿਚ ਪਰਾਇਆ ਪਨ ਵੀ ਝਲਕਦਾ। ਪਰ ਚਲੋ ਗ੍ਰਹਿਸਤੀ ਦੀ ਗੱਡੀ ਜਿਵੇਂ ਕਿਵੇਂ ਅੱਗੇ ਚਲਦੀ ਰਹੀ।

ਇਕ ਦਿਨ ਤਾਂ ਹੱਦ ਹੋ ਗਈ ਜਦੋਂ ਬਬਲੂ ਦੇ ਦੋਸਤਾਂ ਵਿਚੋਂ ਇਕ ਦੋਸਤ ਉਸਦੇ ਘਰ ਆ ਗਿਆ, ਦੇਰ ਸ਼ਾਮ ਨੂੰ। ਉਸ ਦਿਨ ਬਬਲੂ ਰਾਤ ਲਈ ਆਪਣੇ ਮਾਤਾ ਪਿਤਾ ਨੂੰ ਮਿਲਣ ਲਈ ਪਿੰਡ ਗਿਆ ਸੀ। ਉਸਦਾ ਪਿੰਡ ਵੀਹ ਪੰਝੀ ਕਿਲੋਮੀਟਰ ਦੂਰ ਸੀ। ਬਾਰਾਮੁਲਾ ਤੋਂ ਆਵਾਜਾਈ ਸਾਧਨ ਨਾ ਹੋਣ ਕਾਰਨ ਸ਼ਾਮੀ ਜਲਦੀ ਜਾਣਾ ਪਿਆ ਤੇ ਰਾਤ ਗੁਜ਼ਾਰ ਕੇ ਮਾਤਾ ਪਿਤਾ ਨਾਲ ਸਵੇਰੇ ਵੇਲੇ ਤੇ ਆ ਕੇ ਦੁਕਾਨ ਵੀ ਖੋਲ੍ਹਣੀ ਸੀ।

ਉਸੇ ਸ਼ਾਮ ਜਦੋਂ ਬਬਲੂ ਘਰ ਨਹੀਂ ਸੀ, ਦਰਵਾਜ਼ੇ ਤੇ ਦਸਤਕ ਹੋਈ ਬਬਲੂ ਦੇ ਮਿੱਤਰ ਕੁਲਦੀਪ ਨੂੰ ਦੇਖ ਕੇ ਹੈਰਾਨ ਹੋਈ ਤੇ ਪ੍ਰੇਸ਼ਾਨ ਵੀ। ਉਸਨੇ ਅੱਧਾ ਹੀ ਬੂਹਾ ਖੋਲ੍ਹਿਆ ਤੇ ਕਿਹਾ, "ਬਬਲੂ ਘਰ ਨਹੀਂ ਹੈ"

"ਉਹ ਤੇ ਮੈਨੂੰ ਪਤਾ ਹੈ, ਇਸੇ ਲਈ ਤਾਂ ਆਇਆਂ ਹਾਂ", ਉਸਨੇ ਦਰਵਾਜ਼ੇ ਦੇ ਅੰਦਰ ਵੜਦਿਆਂ ਕਿਹਾ।

"ਕਿਉਂ ਆਏ ਹੋ?"

"ਤੈਨੂੰ ਮਿਲਣ" ਕੁਲਦੀਪ ਨੇ ਉੱਤਰ ਦਿੱਤਾ।

"ਕੀ ਕੰਮ ਹੈ?" ਪ੍ਰੀਤੀ ਨੇ ਕ੍ਰੋਧ ਵਿਚ ਪੁੱਛਿਆ।

"ਸੋਚਿਆ ਤੇਰਾ ਹਾਲ ਚਾਲ ਹੀ ਪੁੱਛ ਲਈਏ।"

"ਮੈਂ ਬਿਲਕੁਲ ਠੀਕ ਹਾਂ। ਤੁਸੀਂ ਇਥੋਂ ਚਲੇ ਜਾਉ।"

"ਜਾਣ ਲਈ ਥੋੜ੍ਹੇ ਆਇਆ ਹਾਂ, ਸੋਚਿਆਂ ਅੱਜ ਰਾਤ ਤੇਰੇ ਕੋਲ ਹੀ ਬਿਤਾ ਲੈਂਦੇ ਹਾਂ।" ਬੜੀ ਉਤੇਜਨਾ ਨਾਲ ਕੁਲਦੀਪ ਬੋਲਿਆ।

"ਤੁਸੀਂ ਇਥੋਂ ਚਲੇ ਜਾਉ, ਨਹੀਂ ਤਾਂ ਠੀਕ ਨਹੀਂ ਹੋਏਗਾ।"

"ਪ੍ਰੀਤੀ ਡਾਰਲਿੰਗ ਬਬਲੂ ਦੇ ਵਿਆਹ ਤੇ ਮੈਂ ਵੀ ਖਰਚਾ ਕੀਤਾ ਹੈ, ਜਦੋਂ ਉਹਦਾ ਪਿਉ ਨਹੀਂ ਸੀ ਮੰਨਦਾ।"

"ਤੇ ਹੁਣ ਪੈਸਾ ਵਸੂਲ ਕਰਨ ਆਏ ਹੋ।" ਪ੍ਰੀਤੀ ਦੀ ਅਵਾਜ਼ ਉੱਚੀ ਹੋ ਗਈ, ਤੇਵਰ ਬਦਲ ਗਏ।

"ਇਹੋ ਹੀ ਸਮਝ ਲੈ।" ਤੇ ਕੁਲਦੀਪ ਨੇ ਪ੍ਰੀਤੀ ਦਾ ਹੱਥ ਫੜ ਲਿਆ। ਪ੍ਰੀਤੀ ਨੇ ਜ਼ੋਰ ਨਾਲ ਹੱਥ ਖਿੱਚਿਆ ਤੇ ਦੂਰ ਹੋ ਗਈ। ਕੁਲਦੀਪ ਤੇ ਹਿੰਮਤ ਕਰ ਹੀ ਚੁੱਕਿਆ ਸੀ, ਹੋਰ ਅੱਗੇ ਹੋਇਆ ਤੇ ਪ੍ਰੀਤੀ ਨੂੰ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕੀਤੀ। ਪ੍ਰੀਤੀ ਦਾ ਗੁੱਸਾ ਆਪੇ ਤੋਂ ਬਾਹਰ ਹੋ ਗਿਆ। "ਤੂੰ ਇੰਨਾ ਕਮੀਨਾ ਤੇ ਘਟੀਆ ਆਦਮੀ ਹੈ? ਤੈਨੂੰ ਸ਼ਰਮ ਨਹੀਂ ਆਈ ਕਿ ਇਕ ਦੋਸਤ ਦੀ ਗ਼ੈਰ-ਹਾਜ਼ਰੀ ਵਿਚ ਉਹਦੀ ਪਤਨੀ ਕੋਲ ਆ ਗਿਆ ਹੈਂ ਖੇਹ ਖਾਣ। ਇਥੋਂ ਅਰਾਮ ਨਾਲ ਚਲਾ ਜਾ, ਨਹੀਂ ਤੇ ਸ਼ੋਰ ਮਚਾ ਦਾਂਗੀ। ਮਾਲਕ ਮਕਾਨ ਥੱਲੇ ਰਹਿੰਦੇ ਹਨ, ਤੈਨੂੰ ਫੜਵਾ ਕੇ ਉਹ ਛਿਤਰੌਲ ਫਿਰਾਵਾਂਗੀ ਕਿ ਜ਼ਿੰਦਗੀ ਭਰ ਤੇਰੀ ਆਸ਼ਿਕੀ ਵਾਲਾ ਭੂਤ ਨਿਕਲ ਜਾਏਗਾ। ਤੂੰ ਕੀ ਸਮਝ ਕੇ ਆਇਆਂ ਹੈ ਕਿ ਮੈਂ ਬਜ਼ਾਰ ਵਿਚ ਬੈਠੀ ਹਾਂ ਤੇਰੇ ਵਰਗੇ ਕੁੱਤਿਆਂ ਦੀ ਅਯਾਸ਼ੀ ਲਈ?"

"ਉਹ ਅਸੀਂ ਕਿਹੜੇ ਫਿਆਜ਼ ਮੁਹੰਮਦ ਤੋਂ ਘੱਟ ਹਾਂ?"

"ਖ਼ਬਰਦਾਰ ਅਗਰ ਉਸਦਾ ਨਾਂ ਲਿਆ ਉਹ ਮੇਰਾ ਗੁਜ਼ਰਿਆ ਹੋਇਆ ਵਕਤ ਹੈ, ਉਸ ਵਕਤ ਨੂੰ ਮੈਂ ਪਿੱਛੇ ਛੱਡ ਆਈ ਹਾਂ। ਨਾਲੇ ਉਹ ਤੇਰੇ ਵਰਗਾ ਜ਼ਲੀਲ ਤੇ ਘਟੀਆ ਨਹੀਂ ਸੀ।" ਪ੍ਰੀਤੀ ਉਸੇ ਰੌਂਅ ਵਿਚ ਬੋਲ ਰਹੀ ਸੀ ਤੇ ਕੁਲਦੀਪ ਨੂੰ ਜਾਣ ਲਈ ਦਰਵਾਜ਼ੇ ਵੱਲ ਇਸ਼ਾਰਾ ਕਰ ਰਹੀ ਸੀ ਪਰ ਕੁਲਦੀਪ ਢੀਠ ਹੋ ਕੇ ਮੰਜੇ 'ਤੇ ਬੈਠ ਗਿਆ, ਉਹਦੀ ਵੀਹਣੀ ਫੜਨ ਦੀ ਕੋਸ਼ਿਸ਼ ਕੀਤੀ। ਕਿਸੇ ਵੀ ਤਰੀਕੇ ਜ਼ੋਰ ਲਗਾ ਕੇ ਉਸਨੇ ਵੀਹਣੀ ਛੁਡਾਈ ਤੇ ਦਰਵਾਜ਼ੇ ਵਿਚੋਂ ਬਾਹਰ ਹੋ ਗਈ। ਪੌੜੀਆਂ ਤੋਂ ਥੱਲੇ ਉਤਰ ਗਈ। ਪਹਿਲੀ ਮੰਜ਼ਿਲ ਵਿਚ ਮਕਾਨ ਮਾਲਕ ਰਹਿੰਦੇ ਸਨ ਤੇ ਸਿੱਧੇ ਉਹਨਾਂ ਦੇ ਅੰਦਰ ਵੜ ਗਈ। ਮਕਾਨ

ਮਾਲਿਕ ਨੂੰ ਸਾਰੀ ਦਾਸਤਾਨ ਸੁਣਾਈ, ਉਹ ਵੀ ਗੁੱਸੇ ਨਾਲ ਪ੍ਰੀਤੀ ਨੂੰ ਨਾਲ ਕੈ ਕੇ ਪੌੜੀਆਂ ਚੜ੍ਹਿਆ, ਕਮਰਾ ਖਾਲੀ ਸੀ, ਕੁਲਦੀਪ ਜਾ ਚੁੱਕਾ ਸੀ ਤੇ ਪ੍ਰੀਤੀ ਕਿਸੇ ਅਣਹੋਣੀ ਤੋਂ ਬਚ ਗਈ ਸੀ।

ਦੂਸਰੀ ਸਵੇਰ ਜਦੋਂ ਬਬਲੂ ਘਰੋਂ ਪ੍ਰਤ ਕੇ ਆਇਆ ਤਾਂ ਪ੍ਰੀਤੀ ਨੇ ਸਾਰੀ ਕਹਾਣੀ ਉਹਨੂੰ ਸੁਣਾਈ। ਬਬਲੂ ਬਹੁਤ ਪ੍ਰੇਸ਼ਾਨ ਤੇ ਕ੍ਰੋਧ ਵਿਚ ਆਇਆ। ਇਹ ਵਾਕਿਆ ਉਸਦੀ ਸੋਚ ਦੇ ਵਿਪਰੀਤ ਸੀ। ਉਸ ਨੂੰ ਕੁਲਦੀਪ ਤੋਂ ਐਸੀ ਉਮੀਦ ਨਹੀਂ ਸੀ। ਉਸ ਨੇ ਪ੍ਰੀਤੀ ਨੂੰ ਸ਼ਾਂਤ ਕੀਤਾ, ਇਹ ਭਰੋਸਾ ਦਿੱਤਾ ਕਿ ਉਹ ਕਦੀ ਉਸ ਨੂੰ ਇਕੱਲੀ ਨਹੀਂ ਛੱਡ ਕੇ ਜਾਏਗਾ। ਪਿੰਡ ਜਾਣਾ ਹੋਇਆ ਤੇ ਉਸ ਨੂੰ ਨਾਲ ਲੈ ਕੇ ਜਾਏਗਾ।

ਕੁਲਦੀਪ ਦੋ ਤਿੰਨ ਦਿਨ ਬਬਲੂ ਨੂੰ ਨਹੀਂ ਮਿਲਿਆ, ਬਬਲੂ ਨਾਲ ਅੱਖਾਂ ਮਿਲਾਣ ਦਾ ਹੌਸਲਾ ਨਹੀਂ ਕਰ ਸਕਿਆ। ਬਬਲੂ ਵੀ ਬਹੁਤ ਗੁੱਸੇ ਵਿਚ ਸੀ ਤੇ ਇਕ ਸ਼ਾਮ ਕੁਲਦੀਪ ਦੇ ਘਰ ਚਲਾ ਗਿਆ। ਇਸ ਤੋਂ ਪਹਿਲੇ ਕਿ ਉਸ ਨੂੰ ਕੁਝ ਬੁਰਾ ਭਲਾ ਕਹਿੰਦਾ ਕੁਲਦੀਪ ਨੇ ਕਹਿ ਦਿੱਤਾ ਕਿ "ਮੈਂ ਤੇ ਭਾਬੀ ਨੂੰ ਅਜ਼ਮਾਣ ਗਿਆ ਸਾਂ ਕਿ ਕਿਤੇ ਤੇਰੇ ਨਾਲ ਧੋਖਾ ਤੇ ਨਹੀਂ ਕਰਦੀ। ਤੂੰ ਤੇ ਸਾਰਾ ਦਿਨ ਦੁਕਾਨ 'ਤੇ ਰਹਿੰਦਾ ਹੈਂ। ਪਰ ਐਸੀ ਕੋਈ ਗੱਲ ਨਹੀਂ, ਬੜੀ ਚੰਗੀ ਹੈ, ਬਹੁਤ ਖੁਸ਼ ਕਿਸਮਤ ਹੈਂ ਤੂੰ ਕਿ ਇਹੋ ਜਿਹੀ ਪਤਨੀ ਤੈਨੂੰ ਮਿਲੀ ਹੈ। ਬਾਕੀ ਅਨਜਾਣੇ ਵਿਚ ਤਾਂ ਕਿਸੇ ਕੋਲੋਂ ਵੀ ਗ਼ਲਤੀ ਹੋ ਜਾਂਦੀ ਹੈ ਜੋ ਉਸ ਦਾ ਅਤੀਤ ਸੀ ਉਸ ਨੂੰ ਭੁੱਲ ਗਈ ਹੈ ਤੇ ਤੇਰੀ ਬਹੁਤ ਇੱਜ਼ਤ ਕਰਦੀ ਹੈ। ਮੈਂ ਤੇਰਾ ਮਿੱਤਰ ਹੋਣ ਦੇ ਨਾਤੇ ਹੀ ਗਿਆ ਸਾਂ ਕਿ ਸਭ ਠੀਕ-ਠਾਕ ਹੈ" ਇਹ ਕਹਿ ਕੇ ਕੁਲਦੀਪ ਨੇ ਆਪਣੀ ਮਿੱਤਰਤਾ ਬਚਾ ਲਈ ਤੇ ਹੋਰ ਭਰੋਸਾ ਬਣਾ ਲਿਆ।

## 4

**ਛੇ** ਅੱਠ ਮਹੀਨੇ ਇਵੇਂ ਹੀ ਬੀਤ ਗਏ। ਬੱਚੇ ਦੀ ਕੋਈ ਉਮੀਦ ਨਹੀਂ ਜਾਗੀ। ਪ੍ਰੀਤੀ ਤੇ ਬਬਲੂ ਦਾ ਜੀਵਨ ਸਧਾਰਣ ਤਰੀਕੇ ਨਾਲ ਚਲਦਾ ਰਿਹਾ। ਮਹੀਨੇ ਵਿਚ ਇਕ ਅੱਧ ਵਾਰ ਉਹ ਸ਼੍ਰੀਨਗਰ ਆਪਣੀ ਮਾਂ ਨੂੰ ਮਿਲਣ ਚਲੀ ਜਾਂਦੀ ਆਪ ਉਹ ਬਾਰਾਮੂਲੇ ਰਹਿੰਦੀ ਸੀ, ਕੁਲਦੀਪ ਨੇ ਦੁਕਾਨ ਦੇ ਕੋਲ ਹੀ ਇਕ ਕਮਰਾ ਰਸੋਈ ਕਿਰਾਏ ਤੇ ਲਿਆ ਹੋਇਆ ਸੀ।

ਪਰ ਕੁਲਦੀਪ ਆਪਣਾ ਅਪਮਾਨ ਭੁੱਲਿਆ ਨਹੀਂ ਸੀ, ਕਿਸੇ ਨਾ ਕਿਸੇ ਢੰਗ ਨਾਲ ਉਹ ਪ੍ਰੀਤੀ ਕੋਲੋਂ ਅਪਮਾਨ ਦਾ ਹਿਸਾਬ ਚੁੱਕਤਾ ਕਰਨਾ ਚਾਹੁੰਦਾ ਸੀ। ਇਸ ਘਟਨਾ ਤੋਂ ਬਾਦ ਉਸਦੀ ਮਿੱਤਰਤਾ ਬਬਲੂ ਨਾਲ ਵੱਧ ਗਈ ਸੀ, ਭਾਵੇਂ ਉਸ ਦੇ ਘਰ ਨਹੀਂ ਸੀ ਜਾਂਦਾ ਪਰ ਉਸ ਦੀ ਆਰਥਿਕ ਸਹਾਇਤਾ ਕਰ ਦੇਂਦਾ ਸੀ ਕਿਉਂਕਿ ਕਰਿਆਨੇ ਦੀ ਦੁਕਾਨ ਕੋਈ ਖਾਸ ਚਲਦੀ ਵੀ ਨਹੀਂ ਸੀ। ਬਬਲੂ ਵੀ ਉਸ ਤੇ ਬਹੁਤ ਭਰੋਸਾ ਕਰਦਾ ਸੀ। ਕੁਲਦੀਪ ਠੇਕੇਦਾਰੀ ਕਰਦਾ ਸੀ, ਹੱਥੋਂ ਸੌਖਾ ਸੀ ਤੇ ਅੱਛੇ ਪਰਿਵਾਰ ਤੋਂ ਵੀ ਸੀ। ਹਾਲੀ

ਵਿਆਹ ਨਹੀਂ ਸੀ ਕੀਤਾ ਉਸ ਨੇ ਤੇ ਮਿੱਤਰ ਮੰਡਲੀ ਵਿਚ ਚੰਗੀ ਪਕੜ ਸੀ। ਦੋਸਤਾਂ ਯਾਰਾਂ ਨਾਲ ਪਾਰਟੀ ਆਦਿ ਕਰਨਾ ਉਸਦਾ ਸ਼ੌਕ ਸੀ। ਕਿਸੇ ਵੀ ਯਾਰ ਦੋਸਤ ਦੀ ਲੋੜ ਵੇਲੇ ਮਦਦ ਕਰ ਦੇਂਦਾ ਸੀ ਤੇ ਸਭ ਦਾ ਚਹੇਤਾ ਸੀ। ਕੋਈ ਦੋਸਤ ਉਸ ਦੀ ਗੱਲ ਨਹੀਂ ਸੀ ਟਾਲਦਾ।

ਇਕ ਦਿਨ ਉਸ ਨੇ ਬਬਲੂ ਨੂੰ ਕਿਹਾ, "ਯਾਰ ਤੇਰੇ ਵਿਆਹ ਦੀ ਸਾਲਗ੍ਰਿਹ ਆਣ ਵਾਲੀ ਹੈ, "ਕਿਤੇ ਬਾਹਰ ਜਾ ਕੇ ਮਨਾਈਏ, ਗੁਲਮਰਗ ਚਲੀਏ ਜਾਂ ਪਹਿਲਗਾਮ। ਵਧੀਆ ਜਸ਼ਨ ਕਰਾਂਗੇ ਤੇ ਯਾਦਗਾਰ ਦਿਨ ਮਨਾਵਾਂਗੇ।" ਕੀ ਖਿਆਲ ਹੈ ਤੇਰਾ?"

"ਗੱਲ ਤਾਂ ਤੇਰੀ ਠੀਕ ਹੈ ਵੀਰੇ! ਪਰ ਪ੍ਰੀਤੀ ਨੂੰ ਪੁੱਛਣਾ ਪਏਗਾ।" ਬਬਲੂ ਨੇ ਉੱਤਰ ਦਿਤਾ।

"ਯਾਰ ਭਾਬੀ ਨੂੰ ਦੱਸਣ ਦੀ ਕੀ ਲੋੜ ਹੈ।" ਕੁਲਦੀਪ ਨੇ ਸੁਝਾਇਆ।

"ਫਿਰ ਵੀ ਯਾਰ ਉਹ ਜਾਣ ਲਈ ਤਿਆਰ ਹੋਣੀ ਚਾਹੀਦੀ ਹੈ।"

"ਉਸ ਨੂੰ ਦੱਸਣ ਦੀ ਲੋੜ ਹੀ ਨਹੀਂ। ਸ਼ੁਰਪਰਸਿਣ ਹੋਣਾ ਚਾਹੀਦਾ ਹੈ।"

ਕੀ ਤੂੰ ਉਸ ਨੂੰ ਜਾਣ ਵਾਸਤੇ ਮਨਾ ਸਕਦਾ ਹੈਂ? ਤੂੰ ਮੇਰਾ ਨਾਂ ਹੀ ਨਹੀਂ ਲੈਣਾ। ਤੂੰ ਉਸ ਨੂੰ ਕਹਿ ਕੇ ਤੁਸੀਂ ਦੋਨੋਂ ਹੀ ਸਾਲਗ੍ਰਿਹ ਮਨਾਉਣ ਜਾਉਗੇ। ਕਿੱਥੇ ਜਾਣਾ ਹੈ ਮੈਂ ਜਗ੍ਹਾ 'ਬੁੱਕ' ਕਰ ਕੇ ਤੈਨੂੰ ਦੱਸ ਦਿਆਂਗਾ। ਟੈਕਸੀ ਦਾ ਵੀ ਪ੍ਰਬੰਧ ਕਰ ਦਿਆਂਗਾ ਤੇ ਮੈਂ ਅਚਾਨਕ ਹੀ ਉਥੇ ਸ਼ਾਮ ਨੂੰ ਆ ਜਾਵਾਂਗਾ ਤੇ ਇਹ ਵੀ ਭਾਬੀ ਲਈ ਸ਼ੁਰਪਰਸਿਣ ਹੋਏਗਾ। ਕੀ ਖ਼ਿਆਲ ਹੈ?"

ਕੁਲਦੀਪ ਨੇ ਸਾਰੇ ਪ੍ਰੋਗਰਾਮ ਦਾ ਵੇਰਵਾ ਬੱਬਲੂ ਨੂੰ ਸਮਝਾਇਆ।

"ਹਾਂ ਯਾਰ ਇਹ ਸਕੀਮ ਠੀਕ ਰਹੇਗੀ, ਮੈਂ ਪ੍ਰੀਤੀ ਨਾਲ ਗੱਲ ਕਰਕੇ ਪ੍ਰੋਗਰਾਮ ਬਨਾਉਂਦਾ ਹਾਂ।" ਬੱਬਲੂ ਦਾ ਉੱਤਰ ਸੀ।

ਕੁਲਦੀਪ ਦੀ ਚਾਲ ਲਗਦਾ ਸੀ ਸਫ਼ਲ ਹੋ ਜਾਏਗੀ। ਉਸ ਨੂੰ ਪਤਾ ਸੀ ਅਗਰ ਕੁਲਦੀਪ ਦਾ ਨਾਂ ਕਿਤੇ ਆਇਆ ਤਾਂ ਪ੍ਰੀਤੀ ਜਾਣ ਲਈ ਮਨ੍ਹਾਂ ਕਰ ਦੇਵੇਗੀ। ਇਸ ਲਈ ਉਸ ਨੇ ਬੱਬਲੂ ਨੂੰ ਭਰੋਸੇ ਵਿਚ ਲੈ ਕੇ ਵਿਉਂਤ ਰਚੀ। ਪ੍ਰੀਤੀ ਨੂੰ ਜਾਣਾ ਚੰਗਾ ਲੱਗਿਆ, ਸਾਲ ਤੋਂ ਉਹ ਇਹੋ ਜਿਹੀ ਥਾਂ ਨਹੀਂ ਗਈ ਸੀ। ਝੀਲਾਂ ਤੇ ਦੇਵਦਾਰਾਂ ਦੀ ਸਾਂ-ਸਾਂ ਸੁਣਿਆ ਬਹੁਤ ਸਮੇਂ ਹੋ ਗਿਆ ਸੀ। ਉਹ ਫਿਰ ਉਸੇ ਵਾਤਾਵਰਨ ਨੂੰ ਜੀਣਾ ਚਾਹੁੰਦੀ ਸੀ, ਜਿਹੜਾ ਕੁਕਰਨਾਗ ਤੇ ਵੈਰੀਨਾਗ ਦੇ ਚਸ਼ਮੇ ਤੇ ਉਸ ਨੇ ਫ਼ਿਆਜ਼ ਨਾਲ ਵਿਅਤੀਤ ਕੀਤਾ ਸੀ। ਭਾਵੇਂ ਵਕਤ ਬੀਤਣ ਨਾਲ ਕੁਝ ਯਾਦਾਂ ਧੁੰਦਲੀਆਂ ਹੋ ਗਈਆਂ ਸਨ, ਉਸ ਦੇ ਮਨ ਮਮਤਿਸ ਤੋਂ ਮੁੱਕੀਆਂ ਨਹੀਂ ਸਨ ਚਿਣੰਗ ਧੁਖਦੀ ਸੀ ਕਲੇਜੇ ਦੇ ਕਿਸੇ ਕੋਨੇ ਵਿਚ।

ਨਿਰਧਾਰਤ ਦਿਨ ਕੁਲਦੀਪ ਤੇ ਪ੍ਰੀਤੀ ਪਹਿਲਗਾਮ ਚਲੇ ਗਏ। ਪਿਛਲੇ ਸਾਲ

ਵਰਗਾ ਹੀ ਮੌਸਮ ਸੀ ਸੁਹਾਵਨਾ ਤੇ ਲੁਭਾਵਣਾ ਹੋਟਲ ਵਿਚ ਕਮਰਾ ਬੁੱਕ ਸੀ। ਥੋੜ੍ਹੇ ਵਕਤ ਅਰਾਮ ਕਰਨ ਮਗਰੋਂ ਬਾਹਰ ਸੈਰ ਕਰਨ ਨਿਕਲੇ। ਚਲਦੇ-ਚਲਦੇ ਦੂਰ ਨਿਕਲ ਗਏ। ਜਿਧਰ ਨਾਲੇ ਦੇ ਕਿਨਾਰੇ ਵੱਲ ਪਾਣੀ ਦਾ ਉਹੀ ਸੰਗੀਤ ਜਿਹੜਾ ਕਈ ਵਾਰੀ ਪਹਿਲੇ ਵੀ ਸੁਣ ਚੁੱਕੀ ਸੀ। ਪ੍ਰੀਤੀ ਤੇਜ਼ ਠੰਢੀ ਹਵਾ ਤੇ ਤਨ ਨੂੰ ਠੰਡਕ ਪਹੁੰਚਾਉਂਦੀ ਚਲ ਰਹੀ ਸੀ। ਤਨ 'ਤੇ ਪਾਏ ਵਸਤਰ ਵੀ ਉੱਡ-ਉੱਡ ਜਾਂਦੇ ਉਹਨਾਂ ਲਹਿਰਾਂ ਦੀ ਰਫ਼ਤਾਰ ਵਿਚ। ਬੱਬਲੂ ਨੂੰ ਵੀ ਆਪਣੀ ਪਤਨੀ ਨਾਲ ਚਲਦਿਆਂ ਇਕ ਅਲੌਕਿਕ ਸੰਸਾਰ ਦੀ ਅਨੁਭੂਤੀ ਹੋ ਰਹੀ ਸੀ। ਇਹੋ ਜਿਹੇ ਮੰਜ਼ਰ ਦੀ ਉਹ ਕਲਪਨਾ ਵੀ ਨਹੀਂ ਕਰ ਸਕਦਾ ਸੀ। ਉਸ ਦੇ ਜੀਵਨ ਦਾ ਵਾਕਿਆ ਹੀ ਅਭੁੱਲ ਦਿਨ ਸੀ।

ਸ਼ਾਮ ਹੁੰਦੇ-ਹੁੰਦੇ ਉਹ ਵਾਪਸ ਹੋਟਲ ਆ ਗਏ। ਰਿਸੇਪਸ਼ਨ ਤੋਂ ਚਾਬੀ ਲਈ ਤੇ ਹੋਟਲ ਦੀ ਲਾਬੀ ਵਿਚ ਕੁਲਦੀਪ ਨੂੰ ਬੈਠੇ ਵੇਖ ਕੇ ਪ੍ਰੀਤੀ ਦੇ ਜਿਵੇਂ ਹੋਸ਼ ਉੱਡ ਗਏ, ਬੜੀ ਮੁਸ਼ਕਿਲ ਨਾਲ ਬੱਬਲੂ ਨੇ ਉਸ ਨੂੰ ਸਹਾਰਾ ਦਿੱਤਾ ਤੇ ਭੁੰਜੇ ਡਿੱਗਣ ਤੋਂ ਬਚਾਇਆ। ਪਾਣੀ ਮੰਗਾਇਆ, ਪਿਲਾਇਆ ਤੇ ਉਹ ਕੁਝ ਠੀਕ ਹੋਈ। ਬਬਲੂ ਵਾਰ-ਵਾਰ ਪੁੱਛਦਾ ਰਿਹਾ "ਕੀ ਹੋਇਆ? ਤੂੰ ਤੇ ਬਿਲਕੁਲ ਠੀਕ ਸੀ। ਹੁਣ ਠੀਕ ਹੈਂ?" ਕਿੰਨੇ ਹੀ ਸਵਾਲ ਉਹ ਕਰ ਬੈਠਾ, ਕੁਲਦੀਪ ਵੀ ਕੋਲ ਆ ਗਿਆ ਤੇ ਪ੍ਰੀਤੀ ਨੂੰ ਸਹਾਰਾ ਦੇਣ ਦਾ ਯਤਨ ਕੀਤਾ। ਥੋੜ੍ਹੀ ਦੇਰ ਬਾਅਦ ਸਭ ਠੀਕ ਹੋ ਗਿਆ। ਪ੍ਰੀਤੀ ਨੇ ਵੀ ਆਪਣੇ ਆਪ ਨੂੰ ਸੰਭਾਲ ਲਿਆ। ਕੁਲਦੀਪ ਨੇ ਆਪਣੇ ਆਣ ਦਾ ਇਕ ਸੰਯੋਗ ਹੀ ਦੱਸਿਆ ਕਿ "ਉਸਦਾ ਠੇਕੇਦਾਰੀ ਦਾ ਕੰਮ ਇਥੇ ਚਲ ਰਿਹਾ ਹੈ ਤੇ ਉਹ ਹਰ ਹਫਤੇ ਇਥੇ ਆਂਦਾ ਹੈ।"

ਬਬਲੂ ਪ੍ਰੀਤੀ ਨੂੰ ਆਪਣੇ ਕਮਰੇ ਵਿਚ ਲੈ ਗਿਆ। ਅਰਾਮ ਕਰਨ ਲਈ ਬੈੱਡ 'ਤੇ ਬਿਠਾ ਦਿੱਤਾ, ਚਾਹ ਪਾਣੀ ਮੰਗਾਇਆ ਤੇ ਪ੍ਰੀਤੀ ਤੋਂ ਫਿਰ ਪੁੱਛਿਆ, "ਕੀ ਹੋਇਆ ਸੀ?"

"ਚੱਕਰ ਆ ਗਿਆ ਸੀ, ਪਰ ਮੈਂ ਹੈਰਾਨ ਹਾਂ ਕਿ ਤੁਹਾਡਾ ਦੋਸਤ ਇਥੇ ਕਿਵੇਂ ਆਇਆ ਹੈ?"

"ਝੱਲੀਏ! ਕਾਰੋਬਾਰੀ ਬੰਦਾ ਹੈ, ਠੇਕੇਦਾਰ ਹੈ, ਇਥੇ ਵੀ ਉਹਦਾ ਠੇਕਾ ਚਲ ਰਿਹਾ ਹੈ, ਉਸੇ ਸਿਲਸਿਲੇ ਵਿਚ ਆਇਆ ਹੋਣਾ ਹੈ। ਇਸ ਵਿਚ ਪ੍ਰੇਸ਼ਾਨੀ ਵਾਲੀ ਕਿਹੜੀ ਗੱਲ ਹੈ?" ਕੁਲਦੀਪ ਬੜਾ ਹੀ ਚੰਗਾ ਬੰਦਾ ਹੈ। ਦੋਸਤਾਂ ਦਾ ਦੋਸਤ ਹੈ। ਕਿਰਦਾਰ ਦਾ ਵੀ ਐਨਾ ਮਾੜਾ ਨਹੀਂ। ਤੂੰ ਸ਼ਾਇਦ ਉਸ ਸ਼ਾਮ ਦੇ ਕਾਰਨ ਪ੍ਰੇਸ਼ਾਨ ਹੈਂ ਜਦੋਂ ਮੇਰੇ ਘਰ ਨਾ ਹੋਣ 'ਤੇ ਉਹ ਸਾਡੇ ਘਰ ਆਇਆ ਸੀ। ਉਸ ਨੇ ਮੈਨੂੰ ਦੱਸ ਦਿੱਤਾ ਸੀ। ਉਹਦੇ ਦਿਲ ਵਿਚ ਐਸਾ ਕੁਝ ਨਹੀਂ ਸੀ, ਉਹ ਕੇਵਲ ਤੈਨੂੰ ਅਜ਼ਮਾਣ ਆਇਆ ਸੀ।" ਬਬਲੂ ਨੇ ਸਮਝਾਇਆ।

"ਮੈਨੂੰ ਕੀ ਅਜ਼ਮਾਣਾ ਸੀ?" ਪ੍ਰੀਤੀ ਨੇ ਪੁੱਛਿਆ।

"ਲੋਕਾਂ ਦੇ ਮਨ ਵਿਚ ਕਈ ਗ਼ਲਤ-ਫ਼ਹਿਮੀਆਂ ਪਲਦੀਆਂ ਰਹਿੰਦੀਆਂ ਨੇ। ਤੂੰ ਉਸ ਘਟਨਾ ਨੂੰ ਭੁੱਲ ਜਾ। ਕੋਈ ਗੱਲ ਨਹੀਂ। ਘੰਟਾ ਦੋ ਘੰਟੇ ਬੈਠਾਂਗੇ, ਗੱਪ-ਸ਼ੱਪ ਲਾਵਾਂਗਾ, ਖਾਣਾ ਖਾ ਕੇ ਉਹ ਆਪਣੇ ਕਮਰੇ ਵਿਚ ਤੇ ਅਸੀਂ ਆਪਣੇ ਕਮਰੇ ਵਿਚ।"

"ਠੀਕ ਹੈ।" ਪ੍ਰੀਤੀ ਨੇ ਹਾਮੀ ਭਰ ਦਿੱਤੀ। ਬਬਲੂ ਨੇ ਕੁਲਦੀਪ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਤੇ ਆ ਕੇ ਉਹ ਸਾਹਮਣੇ ਪਏ ਸੋਫੇ 'ਤੇ ਬੈਠ ਗਿਆ। ਹਲਕੀ-ਫੁਲਕੀ ਗੱਲ-ਬਾਤ ਚਲਦੀ ਰਹੀ। ਰਾਤ ਪੈ ਗਈ ਸੀ। ਮੌਸਮ ਵੀ ਥੋੜ੍ਹਾ ਠੰਢਾ ਹੋ ਗਿਆ ਸੀ। ਸਤੰਬਰ ਦੇ ਮਹੀਨੇ ਪਹਿਲਗਾਮ ਵਿਚ ਠੰਢ ਸ਼ੁਰੂ ਹੋ ਜਾਂਦੀ ਹੈ, ਖਾਸ ਕਰ ਸ਼ਾਮ ਹੋਣ ਤੋਂ ਬਾਦ।

ਪਹਿਲਗਾਮ ਕਸ਼ਮੀਰ ਵਰਗੇ ਸਵਰਗ ਵਿਚ ਇਕ ਹੋਰ ਸਵਰਗ ਹੈ। ਅਮਰਨਾਥ ਦੀ ਯਾਤਰਾ ਦਾ ਇਹ ਬੇਸ ਕੈਂਪ ਹੈ। ਸ਼ਰਧਾਲੂ ਯਾਤਰਾ ਅਰੰਭ ਇਥੋਂ ਹੀ ਕਰਦੇ ਹਨ, ਯਾਤਰਾ ਦੀ ਚੜ੍ਹਾਈ ਇਥੋਂ ਸ਼ੁਰੂ ਹੁੰਦੀ ਹੈ, ਸ਼ਰਧਾਲੂ ਪੈਦਲ ਘੋੜਿਆਂ ਤੇ ਜਾਂ ਪੈਦਲ ਪਾਲਕੀਆਂ ਤੇ ਬੈਠ ਕੇ ਸ੍ਰੀ ਅਮਰਨਾਥ ਦੇ ਦਰਸ਼ਨਾਂ ਲਈ ਜਾਂਦੇ ਹਨ ਜਿਥੇ ਬਰਫ ਦੇ ਬਣੇ ਸ਼ਿਵਲਿੰਗ ਦੇ ਦਰਸ਼ਨ ਕਰਦੇ ਹਨ। ਉਥੇ ਸ਼ਿਵਲਿੰਗ ਬਰਫ ਦਾ ਬਣ ਜਾਂਦਾ ਹੈ ਤੇ ਯਾਤਰਾ ਅਰੰਭ ਹੋਣ 'ਤੇ ਹੌਲੀ-ਹੌਲੀ ਪਿਗਲਣ ਲਗਦਾ ਹੈ ਤੇ ਰੱਖੜੀ ਦੀ ਪੂਰਨਮਾਸ਼ੀ ਤਕ ਪਿਘਲ ਜਾਂਦਾ ਹੈ। ਹਿੰਦੂ ਧਰਮ ਦੀ ਆਸਥਾ ਦਾ ਪ੍ਰਤੀਕ ਹੈ ਇਹ ਸ਼ਿਵਲਿੰਗ ਤੇ ਇਹ ਯਾਤਰਾ। ਲੱਖਾਂ ਲੋਕ ਹਰ ਸਾਲ ਯਾਤਰਾ ਕਰਦੇ ਹਨ ਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਦੇ ਹਨ।

ਪਹਿਲਗਾਮ ਆਪਣੀ ਸੁੰਦਰਤਾ ਤੇ ਮੌਸਮ ਕਾਰਨ ਸੈਲਾਨੀਆਂ ਲਈ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੈ। ਇਹ ਸਥਾਨ ਕੁਲਦੀਪ ਨੇ ਚੁਣਿਆ ਸੀ ਆਪਣੇ ਮਿੱਤਰ ਦੀ ਸ਼ਾਦੀ ਦੀ ਸਾਲਗ੍ਰਿਹ ਮਨਾਣ ਲਈ ਕਮਰੇ ਵਿਚ ਤਿੰਨੋ ਬੈਠੇ ਗੱਪਸ਼ਪ ਲਾਂਦੇ ਰਹੇ। ਕੁਲਦੀਪ ਕਾਫ਼ੀ ਹਦ ਤਕ ਆਪਣੀ ਹਰਕਤ ਦੀ ਸਫਾਈ ਦੇ ਚੁੱਕਾ ਸੀ। ਵਾਤਾਵਰਨ ਠੀਕ ਹੋ ਗਿਆ ਸੀ। ਪ੍ਰੀਤੀ ਦੇ ਮਨ ਤੋਂ ਵੀ ਭਾਰ ਉੱਤਰ ਚੁੱਕਾ ਸੀ ਤੇ ਉਹ ਬਿਲਕੁਲ ਠੀਕ ਹੋ ਗਈ ਸੀ। ਉਸ ਨੇ ਬਬਲੂ ਨੂੰ ਕਿਹਾ, "ਯਾਰ ਖਾਣੇ ਦਾ ਕਹਿ ਦਿੰਦੇ ਹਾਂ। ਤਿਆਰ ਹੁੰਦੇ ਵੀ ਵਕਤ ਲਗ ਜਾਂਦਾ ਹੈ, ਜਦ ਤਕ ਖਾਣਾ ਲਗਦਾ ਹੈ, ਮੈਂ ਥੋੜ੍ਹੀ ਗੁਸਤਾਖ਼ੀ ਕਰ ਲੈਂਦਾ ਹੈ।"

"ਕਿਹੜੀ ਗੁਸਤਾਖ਼ੀ?" ਬਬਲੂ ਨੇ ਪੁੱਛਿਆ।

"ਯਾਰ ਤੈਨੂੰ ਪਤਾ ਹੀ ਹੈ ਦੋ ਤਿੰਨ ਪੈੱਗ ਦਾਰੂ ਦੇ ਪੀਂਦਾ ਹਾਂ ਰੋਟੀ ਖਾਣ ਤੋਂ ਪਹਿਲੇ। ਅਗਰ ਭਾਬੀ ਜੀ ਨੂੰ ਕੋਈ ਇਤਰਾਜ਼ ਨਾ ਹੋਵੇ?" ਕੁਲਦੀਪ ਨੇ ਪੁੱਛਿਆ।

"ਕੋਈ ਗੱਲ ਨਹੀਂ ਯਾਰ। ਤੈਨੂੰ ਪਤਾ ਹੈ ਮੈਂ ਤੇ ਕਦੀ ਪੀਂਦਾ ਨਹੀਂ ਤੇ ਨਾ ਹੀ ਕਦੀ ਪੀਣਾ ਚਾਹੁੰਦਾ ਹਾਂ।"

"ਹਾਂ ਬਈ ਤੂੰ ਤੇ ਸੰਤ ਪੁਰਸ਼ ਹੈਂ ਤੈਨੂੰ ਤੇ ਅਸੀਂ ਪੁੱਛਦੇ ਵੀ ਨਹੀਂ। "ਕੋਈ

ਸ਼ਰਬਤ ਜਾਂ ਕੋਕਾ-ਕੋਲਾ ਗਲਾਸ ਪੀ ਸਕਦੇ ਹਾਂ ਛੋਮਪਓਨੇ ਲਈ।"

ਹਾਂ ਹਾਂ ਕਿਉਂ ਨਹੀਂ। ਤੂੰ ਸਾਡੇ ਵਾਸਤੇ ਕੋਕਾ ਕੋਲਾ ਹੀ ਮੰਗਵਾ ਲੈ ਕਿਉਂ ਪ੍ਰੀਤੀ?" ਬਬਲੂ ਨੇ ਪ੍ਰੀਤੀ ਤੋਂ ਪੁੱਛਿਆ।

"ਹਾਂ ਕੋਈ ਗੱਲ ਨਹੀਂ।" ਪ੍ਰੀਤੀ ਨੇ ਹਾਂ ਵਿਚ ਸਿਰ ਹਿਲਾਇਆ। ਕੁਲਦੀਪ ਨੇ ਵੇਟਰ ਬੁਲਾਇਆ, ਖਾਣੇ ਲਈ ਕਿਹਾ ਤੇ ਨਾਲੇ ਆਪਣੇ ਕਮਰੇ 'ਚੋਂ ਦਾਰੂ ਮੰਗਾਈ ਤੇ ਦੋ ਗਲਾਸਾਂ ਵਿਚ ਕੋਕਾ ਕੋਲਾ ਮੰਗਾਇਆ। ਵੇਟਰ ਨੇ ਸਭ ਕੁਝ ਲਿਆ ਕੇ ਟੇਬਲ 'ਤੇ ਰੱਖ ਦਿੱਤਾ। ਕੁਲਦੀਪ ਨੇ ਆਪਣੇ ਲਈ ਪੈੱਗ ਬਣਾਇਆ ਤੇ ਉਹਨਾਂ ਨੂੰ ਕੋਕਾ ਕੋਲਾ ਫੜਾ ਦਿੱਤਾ। ਇਹ ਸਵਾ ਘੰਟਾ ਦੌਰ ਚਲਿਆ। ਉਸ ਦੌਰਾਨ ਹੀ ਪ੍ਰੀਤੀ ਤੇ ਬਬਲੂ ਦਾ ਸਿਰ ਚਕਰਾਣ ਲੱਗਾ, ਅੱਖਾਂ ਬੰਦ ਹੋਣ ਲੱਗੀਆਂ, ਹੌਲੀ-ਹੌਲੀ ਗੱਲਾਂ ਕਰਨੋਂ ਵੀ ਰੁਕ ਗਏ ਤੇ ਬੈੱਡ 'ਤੇ ਪਸਰ ਗਏ, ਲਗਿਆਂ ਜਿਵੇਂ ਹੋਸ਼ ਹੀ ਗਵਾ ਬੈਠੇ ਹੋਣ। ਖਾਣਾ ਟੇਬਲ 'ਤੇ ਲਗ ਗਿਆ ਸੀ। ਕੁਲਦੀਪ ਨੇ ਵੇਟਰ ਨੂੰ ਹਦਾਇਤ ਕੀਤੀ ਕਿ ਜਦੋਂ ਉਸ ਨੂੰ ਬੁਲਾਏਗਾ ਤਦ ਹੀ ਆਣਾ।

ਕੁਲਦੀਪ ਆਪਣੀ ਚਾਲ ਵਿਚ ਸਫ਼ਲ ਹੋ ਗਿਆ ਸੀ। ਉਸ ਨੇ ਕੋਕ ਵਿਚ ਨਸ਼ੇ ਦੀ ਦਵਾਈ ਪਵਾ ਕੇ ਦੋਨਾਂ ਨੂੰ ਬੇਹੋਸ਼ ਕਰ ਦਿੱਤਾ ਸੀ ਤੇ ਦੋਨੋਂ ਬੇਸੁਧ ਹੋ ਕੇ ਸੌਂ ਗਏ ਸਨ। ਅੱਧੇ ਘੰਟੇ ਵਿਚ ਹੀ ਬੇਹੋਸ਼ੀ ਦੀ ਦਵਾਈ ਅਸਰ ਕਰ ਗਈ ਸੀ। ਕੁਲਦੀਪ ਨੇ ਬਬਲੂ ਨੂੰ ਕਾਫ਼ੀ ਹਿਲਾਇਆਂ ਪਰ ਪੂਰੀ ਤਰ੍ਹਾਂ ਬੇਹੋਸ਼ ਸੀ। ਪ੍ਰੀਤੀ ਨੂੰ ਹਿਲਾ ਕੇ ਦੇਖਿਆ ਉਹ ਵੀ ਬੇਸੁਧ ਸੀ। ਫਿਰ ਉਸ ਨੇ ਪ੍ਰੀਤੀ ਨੂੰ ਨਿਰਵਸਤ੍ਰ ਕਰ ਕੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਤੇ ਉਹਨਾਂ ਦੇ ਜਾਗਣ ਤੋਂ ਪਹਿਲੇ ਹੋਟਲ ਦਾ ਸਾਰਾ ਹਿਸਾਬ ਕਿਤਾਬ ਕਰ ਕੇ ਹੋਟਲ ਛੱਡ ਗਿਆ।

ਜਦੋਂ ਪ੍ਰੀਤੀ ਦੀ ਨੀਂਦ ਖੁੱਲ੍ਹੀ, ਸਿਰ ਭਾਰਾ ਸੀ, ਨਿਰਵਸਤ੍ਰ ਬਿਸਤਰ 'ਤੇ ਪਈ ਸੀ, ਉਸ ਦਾ ਅੰਗ-ਅੰਗ ਟੁੱਟ ਰਿਹਾ ਸੀ, ਸਰੀਰ ਤੇ ਥਾਂ-ਥਾਂ ਤੇ ਕਾਲੇ ਨਿਸ਼ਾਨ ਪਏ ਸਨ, ਪੇਟ ਵਿਚ ਦਰਦ ਸੀ, ਉਹ ਫਿਰ ਲੁੱਟ ਚੁੱਕੀ ਸੀ, ਉਸ ਦੇ ਨਾਲ ਬਲਾਤਕਾਰ ਹੋ ਗਿਆ ਸੀ। ਉਸਨੇ ਬਬਲੂ ਨੂੰ ਜਗਾਇਆ, ਉਹ ਹਾਲੀ ਵੀ ਬੇਹੋਸ਼ ਸੀ। ਪ੍ਰੀਤੀ ਸਭ ਕੁਝ ਸਮਝ ਗਈ। ਉਹ ਸਮਝ ਗਈ ਕਿ ਕੁਲਦੀਪ ਦੀ ਚਾਲ ਸੀ। ਕੱਪੜੇ ਪਾ ਕੇ ਵੇਟਰ ਨੂੰ ਬੁਲਾਇਆ, ਕੁਲਦੀਪ ਨੂੰ ਬੁਲਾਉਣ ਵਾਸਤੇ ਕਿਹਾ ਪਰ ਉਸਦਾ ਉੱਤਰ ਸੀ, "ਮੇਮ ਸਾਹਿਬ, ਵੋਹ ਤੋ ਸੁਬਹ ਜਲਦੀ ਹੀ ਚਲੇ ਗਏ ਹੈਂ।"

ਪ੍ਰੀਤੀ ਦੇ ਸੱਤੀਂ ਕੱਪੜੀਂ ਅੱਗ ਲਗ ਗਈ, ਗੁੱਸੇ ਤੇ ਕ੍ਰੋਧ ਵਿਚ ਪਾਗ਼ਲ ਹੋ ਗਈ। ਅਗਰ ਉਸ ਨੂੰ ਕੁਲਦੀਪ ਉਸੇ ਵੇਲੇ ਮਿਲ ਜਾਂਦਾ ਤਾਂ ਉਸ ਦਾ ਖ਼ੂਨ ਕਰ ਦਿੰਦੀ। ਉਸ ਨੂੰ ਕੁਝ ਸੁਝ ਨਹੀਂ ਸੀ ਰਿਹਾ। ਉਹ ਹੁਣ ਬਬਲੂ ਨੂੰ ਵੀ ਨਹੀਂ ਜਗਾਉਣਾ ਚਾਹੁੰਦੀ ਸੀ। ਉਹਦੀ ਸੋਚ ਵਿਚ ਇਹ ਵੀ ਗੱਲ ਆਈ ਕਿ ਕਿਤੇ ਬਬਲੂ ਦੇ ਨਾਲ ਕੁਲਦੀਪ ਨੇ

ਮਿਲ ਕੇ ਤੇ ਨਹੀਂ ਇਹ ਯੋਜਨਾ ਬਣਾਈ। "ਪਰ ਇਹ ਕਿਵੇਂ ਹੋ ਸਕਦਾ ਹੈ।" ਬਬਲੂ ਤੇ ਹੁਣ ਵੀ ਬੇਹੋਸ਼ ਹੈ। ਜ਼ਰੂਰ ਕੋਕ ਵਿਚ ਕੁਝ ਮਿਲਾ ਕੇ ਸਾਨੂੰ ਬੇਹੋਸ਼ ਕਰ ਦਿੱਤਾ ਹੈ।" ਉਹਦਾ ਮਨ ਵਾਰ ਵਾਰ ਬਬਲੂ ਨੂੰ ਵੀ ਦੋਸ਼ੀ ਠਹਿਰਾਂਦਾ। ਵਾਰ-ਵਾਰ ਸੋਚਦੀ ਕਿ ਬਬਲੂ ਨੂੰ ਪਤਾ ਸੀ ਕਿ ਕੁਲਦੀਪ ਨੇ ਇਥੇ ਆਣਾ ਹੈ। ਦੋਨਾਂ ਨੇ ਮਿਲ ਕੇ ਇਹ ਸਾਜ਼ਿਸ਼ ਰਚੀ ਹੈ। ਨਫ਼ਰਤ ਦੀ ਜ਼ਹਿਰ ਘੁਲ ਗਈ ਸੀ ਉਹਦੇ ਦਿਲ ਤੇ ਦਿਮਾਗ਼ ਉੱਤੇ। ਕੁਲਦੀਪ ਦਾ ਬਹੁਤ ਵੱਡਾ ਤੇ ਘ੍ਰਣਿਤ ਅਪਰਾਧ ਸੀ ਜੋ ਮੁਆਫ਼ ਕਰਨ ਦੇ ਯੋਗ ਨਹੀਂ ਸੀ।

ਪ੍ਰੀਤੀ ਸਭ ਕੁਝ ਛੱਡ ਕੇ ਹੋਟਲ 'ਚੋਂ ਨਿਕਲ ਗਈ। ਬਬਲੂ ਸੁੱਤਾ ਹੀ ਰਿਹਾ ਤੇ ਉਸ ਦੇ ਪਰਸ 'ਚੋਂ ਪੈਸੇ ਕੱਢ ਕੇ ਲੈ ਗਈ ਸ੍ਰੀਨਗਰ ਜਾਣ ਦਾ ਕਿਰਾਇਆ। ਉਸ ਦੇ ਜੀਵਨ ਵਿਚ ਫਿਰ ਇਕ ਮੋੜ ਆ ਗਿਆ। ਆਪਣੀਆਂ ਸਾਰੀਆਂ ਉਮੀਦਾਂ ਤੇ ਖਾਹਿਸ਼ਾਂ ਨੂੰ ਕੁਰਬਾਨ ਕਰਕੇ ਉਸ ਨੇ ਇਸ ਜ਼ਿੰਦਗੀ ਲਈ ਸਮਝੌਤਾ ਕੀਤਾ ਸੀ। ਉਸ ਨੂੰ ਕੀ ਮਿਲਿਆ? ਉਹ ਵਿਆਹ ਕਰਕੇ ਵੀ ਜ਼ਲੀਲ ਹੋਈ, ਬੇਇਜ਼ਤ ਹੋਈ। ਆਪਣੇ ਜ਼ਮੀਰ ਤੋਂ ਉਹ ਗਿਰ ਗਈ ਸੀ। ਇਹੋ ਕੁਝ ਇਥੇ ਹੋਣਾ ਸੀ ਤਾਂ ਫਿਆਜ਼ ਮਾੜਾ ਸੀ। ਉਹ ਸੋਚਦੀ ਰਹੀ ਤੇ ਸ੍ਰੀਨਗਰ ਚਲੀ ਗਈ। ਸ੍ਰੀਨਗਰ ਆ ਕੇ ਆਪਣੇ ਘਰ ਨਹੀਂ ਗਈ। ਗੁਰਦਵਾਰੇ ਨਹੀਂ ਗਈ। ਕਿਸੇ ਪਤਵੰਤੇ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ, ਸਿੱਧੀ ਉਸ ਟਿਕਾਣੇ ਤੇ ਗਈ ਜਿਥੇ ਉਸ ਨੂੰ ਫ਼ਿਆਜ਼ ਦੇ ਮਿਲਣ ਦੀ ਆਸ ਸੀ। ਫ਼ਿਆਜ਼ ਮਿਲਿਆ, ਬਹੁਤ ਹੈਰਾਨ ਹੋਇਆ ਇਕ ਸਾਲ ਬਾਅਦ ਪ੍ਰੀਤੀ ਨੂੰ ਵੇਖ ਕੇ। ਪ੍ਰੀਤੀ ਦੇ ਖੁੱਲ੍ਹੇ ਵਾਲ, ਮੱਥੇ ਤੇ ਤਿਉੜੀ, ਅੱਖਾਂ ਵਿਚ ਗੁੱਸੇ ਦੀ ਲਾਲੀ ਸੀ, ਨਾ ਕੋਈ ਹਾਰ ਨਾ ਕੋਈ ਸ਼ਿੰਗਾਰ ਉਹਨੇ ਹੈਰਾਨੀ ਵਿਚ ਪੁਛਿਆ, "ਪ੍ਰੀਤੀ ਕਿਆ ਹੂਆ ਹੈ?"

"ਮੈਂ ਲੁੱਟ ਗਈ ਫ਼ਿਆਜ਼। ਪਹਿਲੇ ਭੀ ਲੁੱਟੀ ਥੀ ਅਬ ਤੋ ਮਿੱਟੀ ਮੇਂ ਮਿਲ ਗਈ ਹੈ ਮੇਰੀ ਜ਼ਿੰਦਗੀ। ਮੈਂ ਫਿਰ ਸੇ ਤੇਰੇ ਪਾਸ ਆਈ ਹੂੰ। ਮੇਰਾ ਕੋਈ ਸਹਾਰਾ ਨਹੀਂ ਤੇਰੇ ਸਿਵਾ।" ਧੋਖੇ ਸੇ ਮੇਰੀ ਇੱਜ਼ਤ ਲੂਟੀ ਗਈ, ਮੇਰੇ ਸੇ ਬਲਾਤਕਾਰ ਕੀਆ ਗਿਆ। ਮੈਂ ਟੁੱਟ ਗਈ ਹੂੰ। ਯਾ ਤੂੰ ਮੇਰਾ ਸਹਾਰਾ ਹੈ ਯਾ ਮੁਝੇ ਮੌਤ ਕੇ ਆਗੋਸ਼ ਮੇਂ ਜਾਣਾ ਹੈ।" ਪ੍ਰੀਤੀ ਤੇ ਸਬਰ ਦਾ ਬੰਧ ਟੁੱਟ ਗਿਆ, ਫਿਆਜ਼ ਦੇ ਗਲੇ ਲਗ ਕੇ ਰੋ ਪਈ, ਹਿਚਕੋਲੇ ਲੈਣ ਲਗ ਗਈ। ਫਿਆਜ਼ ਨੇ ਉਸ ਨੂੰ ਸੀਨੇ ਨਾਲ ਲਗਾ ਲਿਆ, ਦਿਲਾਸਾ ਦਿੱਤਾ, ਪੂਰੀ ਗੱਲ ਸੁਣੀ ਤੇ ਫਿਰ ਬੋਲਿਆ, "ਪ੍ਰੀਤੀ ਘਬਰਾਨੇ ਦੀ ਕੋਈ ਬਾਤ ਨਹੀਂ। ਮੈਂ ਹੂੰ ਨਾ ਤੇਰੇ ਸਾਥ, ਜੋ ਹੂਆ ਉਸ ਕਾ ਮੁਝੇ ਬਹੁਤ ਅਫ਼ਸੋਸ ਹੈ ਔਰ ਦੁੱਖ ਹੈ। ਮੈਂ ਤੁਮਹੇਂ ਅਪਨੀ ਜਾਨ ਸੇ ਭੀ ਜ਼ਿਆਦਾ ਚਾਹਤਾ ਹੂੰ। ਸਾਰੀ ਉਮਰ ਤੇਰੇ ਸਾਥ ਗਜ਼ਾਰੂੰਗਾ ਤੇਰੀ ਹਰ ਪ੍ਰੇਸ਼ਾਨੀ ਕੋ ਦੂਰ ਕਰੂੰਗਾ। ਮੈਂ ਤੁਮਹੇਂ ਅਪਨੇ ਘਰ ਲੈ ਜਾਊਂਗਾ। ਮਾਂ ਬਾਪ ਸੇ ਖੁਲ੍ਹ ਕਰ ਬਾਤ ਕਰੂੰਗਾ। ਉਸ ਸਿੱਖ ਸੇ ਤੁਝੇ ਤਲਾਕ ਦਿਲਾਊਂਗਾ ਔਰ ਸ਼ਾਦੀ ਕਰਕੇ ਤੇਰੇ ਸਾਥ ਜ਼ਿੰਦਗੀ ਬਸਾਊਂਗਾ।" ਪ੍ਰੀਤੀ ਦਾ ਮਨ ਹਲਕਾ ਹੋਇਆ, ਅੱਖਾਂ ਪੂੰਝੀਆਂ ਤੇ ਫਿਆਜ਼ ਨਾਲ ਉਸ ਦੇ ਮੋਟਰ ਸਾਈਕਲ ਤੇ ਬੈਠ ਕੇ ਚਲੀ ਗਈ ਕਿਤੇ ਦੂਰ।

## 5

**ਸ੍ਰੀ**ਨਗਰ ਦੇ ਇਲਾਕੇ ਵਿਚ ਫਿਰ ਖ਼ਬਰ ਫੈਲ ਗਈ ਕਿ ਪ੍ਰੀਤੀ ਫਿਰ ਭੱਜ ਗਈ ਹੈ ਪਤੀ ਨੂੰ ਛੱਡ ਕੇ। ਫਿਰ ਸਿੱਖ ਜਥੇਬੰਦੀਆਂ ਹਰਕਤ ਵਿਚ ਆਈਆਂ, ਫਿਰ ਘਰ-ਘਰ ਚਰਚੇ ਹੋਣ ਲਗ ਗਏ। ਫਿਰ ਤ੍ਰੀਮਤਾਂ ਜੁੜ ਬੈਠਣ ਲਗੀਆਂ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕਹੇ ਘਰ ਵਾਲਾ ਨਾਮਰਦ ਹੈ, ਕੋਈ ਕਹੇ ਖਰਚੇ ਤੋਂ ਤੰਗ ਹੋਵੇਗੀ ਤੇ ਹੋਰ ਕਿੰਨੀਆਂ ਸਾਰੀਆਂ ਗੱਲਾਂ।

ਅਸਲ ਵਿਚ ਕਸ਼ਮੀਰ ਵਿਚ ਸਿੱਖ ਬਰਾਦਰੀ ਘੱਟ ਗਿਣਤੀ ਵਿਚ ਹੈ। ਸਭ ਤੋਂ ਅਧਿਕ ਵੱਸੋਂ ਬਾਰਾਮੂਲਾ ਜ਼ਿਲ੍ਹੇ ਦੀ ਹੈ, ਫਿਰ ਸ੍ਰੀਨਗਰ ਜ਼ਿਲ੍ਹਾ ਤੇ ਅਨੰਤਨਾਗ ਜ਼ਿਲ੍ਹਾ। ਇਹ ਸਿਰਫ਼ ਤਿੰਨ ਹੀ ਜ਼ਿਲ੍ਹੇ ਸਨ ਤੇ ਪੰਦਰਾਂ ਵੀਹ ਹਜ਼ਾਰ ਦੇ ਕਰੀਬ ਹੀ ਸਿੱਖ ਰਹਿੰਦੇ ਸਨ। ਤਕਰੀਬਨ ਹਰ ਇਕ ਦੀ ਪਛਾਣ ਜਾਂ ਰਿਸ਼ਤੇਦਾਰੀ ਨਿਕਲ ਜਾਂਦੀ ਹੈ। ਲਗਭਗ ਸਭ ਇਕ ਦੂਜੇ ਨੂੰ ਜਾਣਦੇ ਹਨ ਕਿਸੇ ਨਾ ਕਿਸੇ ਰਿਸ਼ਤੇ ਕਾਰਨ। ਇਸ ਲਈ ਸੀਮਤ ਜਨ ਸੰਖਿਆ ਕਾਰਨ ਸਿੱਖ ਸਮਾਜ ਵਿਚ ਕੋਈ ਵੀ ਘਟਨਾ ਹੋਵੇ, ਖ਼ਬਰ ਅੱਗ ਵਾਂਗ ਫੈਲ ਜਾਂਦੀ ਹੈ। ਪ੍ਰੀਤੀ ਦੇ ਦੁਬਾਰਾ ਚਲੇ ਜਾਣ ਦੀ ਖ਼ਬਰ ਇੰਜ ਹੀ ਫੈਲ ਗਈ।

ਬਾਰਾਮੂਲੇ ਦੀ ਪ੍ਰਬੰਧਕ ਕਮੇਟੀ ਨੇ ਪੋਲੀਸ ਪ੍ਰਸਾਸ਼ਨ ਕੋਲ ਸ਼ਕਾਇਤ ਕੀਤੀ, ਸ੍ਰੀਨਗਰ ਦੀ ਕਮੇਟੀ ਵੀ ਪੁਲਿਸ ਡੀ.ਜੀ.ਪੀ. ਤੋਂ ਇਲਾਵਾ ਮੁਖ ਮੰਤਰੀ ਕੋਲ ਗਏ। ਪਰ ਪ੍ਰੀਤੀ ਨੂੰ ਲੱਭਣ ਵਿਚ ਸਮਾਂ ਨਹੀਂ ਲੱਗਿਆ ਕਿਉਂਕਿ ਹੁਣ ਤੇ ਲੈ ਜਾਣ ਵਾਲਾ ਵੀ ਨਾਮੀ ਸੀ। ਪੁਲਿਸ ਨੇ ਫਿਆਜ਼ ਦੇ ਘਰ ਦੰਬਿਸ਼ ਦਿੱਤੀ ਤੇ ਪ੍ਰੀਤੀ ਨੂੰ ਹਿਰਾਸਤ ਵਿਚ ਲੈ ਲਿਆ, ਫਿਆਜ਼ ਨੂੰ ਪਕੜ ਲਿਆ ਤੇ ਦੋਨਾਂ ਨੂੰ ਨਜ਼ਰਬੰਦ (ਲਾਕਅਪ) ਵਿਚ ਬੰਦ ਕਰ ਦਿੱਤਾ। ਪ੍ਰੀਤੀ ਦਾ ਹਰ ਸਵਾਲ ਦਾ ਇਕੋ ਜਵਾਬ ਸੀ, "ਮੈਂ ਆਪਣੇ ਘਰਵਾਲੇ ਕੋਲ ਨਹੀਂ ਜਾਣਾ। ਮੈਨੂੰ ਉਸ ਤੋਂ ਤਲਾਕ ਚਾਹੀਦਾ ਹੈ। ਮੈਂ ਫਿਆਜ਼ ਨਾਲ ਵਿਆਹ ਕਰਾਣਾ ਹੈ। ਮੈਂ ਆਪਣਾ ਧਰਮ ਬਦਲਣਾ ਹੈ, ਮੈਂ ਸਿੱਖ ਨਹੀਂ ਰਹਿਣਾ ਚਾਹੁੰਦੀ। ਮੈਂ ਇਸਲਾਮ ਕਬੂਲ ਕਰ ਲਿਆ ਹੈ, ਮੈਂ ਕਲਿਮਾ ਪਹਿਲਾਂ ਹੀ ਪੜ੍ਹ ਚੁੱਕੀ ਹਾਂ, ਕਾਫ਼ਰ ਹੋ ਗਈ ਸਾਂ, ਦੁਬਾਰਾ ਤੋਂ ਫਿਰ ਕਲਿਮਾ ਪੜ੍ਹ ਲਿਆ ਹੈ। ਮੈਂ ਮੁਸਲਮਾਣੀ ਹਾਂ।"

ਇਹ ਸਿੱਖ ਜਥੇਬੰਦੀਆਂ ਵਾਸਤੇ ਗੰਭੀਰ ਵਿਸ਼ਾ ਸੀ। ਅਗਰ ਇਸ ਮਸਲੇ ਦਾ ਕੋਈ ਹੱਲ ਨਾ ਨਿਕਲਿਆ ਤਾਂ ਹੋਰ ਕੁੜੀਆਂ ਤੇ ਵੀ ਇਸ ਦਾ ਅਸਰ ਪਏਗਾ। ਇਹ ਕਲਿਮਾ ਪੜ੍ਹਨ ਵਾਲੀ ਗੱਲ ਵੀ ਚਿੰਤਾਜਨਕ ਸੀ, ਜਿਵੇਂ ਸਿੱਖ ਧਰਮ ਵਿਚ ਅੰਮ੍ਰਿਤ ਛਕਾ ਕੇ ਸਿੱਖ ਬਣਨਾ, ਗੁਰੂ ਦੇ ਪੱਕੇ ਸਿੱਖ ਬਣ ਜਾਂਦੇ ਹਨ, ਇਵੇਂ ਹੀ ਇਸਲਾਮ ਵਿਚ ਕਲਿਮਾ ਪੜ੍ਹਾ ਕੇ ਕਿਸੇ ਗ਼ੈਰ ਇਸਲਾਮ ਦੇ ਧਰਮ ਵਾਲੇ ਨੂੰ ਮੁਸਲਮਾਨ ਬਣਾਇਆ ਜਾਂਦਾ ਹੈ।

ਪ੍ਰੀਤੀ ਮੁਸਲਮਾਨ ਬਣ ਗਈ ਸੀ ਪਰ ਉਹ ਫਿਆਜ਼ ਨਾਲ ਵਿਆਹ ਨਹੀਂ ਕਰ ਸਕਦੀ ਸੀ। ਪਹਿਲੇ ਉਸ ਨੂੰ ਬਬਲੂ ਕੋਲੋਂ ਤਲਾਕ ਲੈਣਾ ਪੈਣਾ ਸੀ। ਇਸ ਮਸਲੇ ਦਾ

ਹੱਲ ਲੱਭਣ ਲਈ ਧਰਮ ਦੇ ਆਗੂਆਂ ਨੇ ਕਈ ਵਿਚਾਰ ਵਟਾਂਦਰੇ ਕੀਤੇ। ਕੁੜੀ ਨੂੰ ਸਮਝਾਣ ਲਈ ਥਾਣੇ ਗਏ ਜਿੱਥੇ ਉਹ ਲਾਕਅਪ ਵਿਚ ਸੀ। ਉਸ ਨੂੰ ਮਿਲੇ ਸਮਝਾਣ ਦਾ ਬਹੁਤ ਯਤਨ ਕੀਤਾ। ਬਬਲੂ ਨੂੰ ਨਾਲ ਲੈ ਕੇ ਗਏ। ਬਬਲੂ ਤੇ ਇਹੋ ਕਹਿੰਦਾ "ਮੇਰਾ ਕਸੂਰ ਕੀ ਹੈ? ਮੈਂ ਕੀਤਾ ਕੀ ਹੈ? ਤੇਰੀ ਹਰ ਗੱਲ ਮੰਨੀ ਹੈ, ਜਿਵੇਂ ਤੂੰ ਕਿਹਾ, ਮੈਂ ਉਸੇ ਤਰ੍ਹਾਂ ਹੀ ਕੀਤਾ ਹੈ।"

"ਕੀ ਮੈਂ ਤੈਨੂੰ ਕਿਹਾ ਸੀ ਕਿ ਤੂੰ ਮੇਰੀ ਦਲਾਲੀ ਕਰ? ਧੋਖੇ ਨਾਲ ਆਪਣੇ ਦੋਸਤ ਨਾਲ ਮਿਲ ਕੇ ਤੂੰ ਮੇਰੀ ਪੱਤ ਲੁਟਾਈ, ਮੈਨੂੰ ਨਸ਼ੇ ਦੀ ਦਵਾਈ ਦੇ ਕੇ ਬੇਹੋਸ਼ ਕੀਤਾ, ਮੈਨੂੰ ਨਿਰਵਸਤਰ ਕੀਤਾ, ਮੇਰੀ ਇਜ਼ਤ ਲੁੱਟੀ, ਮੈਨੂੰ ਬੇਇਜ਼ਤ ਕੀਤਾ। ਇਹ ਸਭ ਤੇਰੀ ਮਰਜ਼ੀ ਨਾਲ ਹੋਇਆ। ਅਗਰ ਤੈਨੂੰ ਪੈਸੇ ਦੀ ਕਮੀ ਸੀ, ਮੈਨੂੰ ਕਹਿੰਦਾ, ਮੈਂ ਲੀਰਾਂ ਤੇ ਟਾਕੀਆਂ ਲਗਾ ਕੇ ਗੁਜ਼ਾਰਾ ਕਰ ਲੈਂਦੀ, ਅੱਧੀ ਰੋਟੀ ਖਾਂਦੀ ਪਰ ਬੇਇਜ਼ਤ ਨਾ ਹੁੰਦੀ, ਐਨੀ ਜ਼ਲੀਲ ਤੇ ਨਾ ਹੁੰਦੀ, ਤੂੰ ਮੈਨੂੰ ਕਿਤੇ ਦਾ ਨਹੀਂ ਛੱਡਿਆ, ਮਰਨ ਤੋਂ ਬਿਨ੍ਹਾਂ ਮੇਰਾ ਕੋਈ ਚਾਰਾ ਨਹੀਂ ਤਾਂ ਹੀ ਮੈਂ ਇਸਲਾਮ ਧਰਮ ਕਬੂਲ ਕਰ ਲਿਆ ਹੈ। ਮੈਨੂੰ ਨਫ਼ਰਤ ਹੋ ਗਈ ਹੈ, ਤੇਰੇ ਨਾਲ, ਤੇਰੇ ਧਰਮ ਦੇ ਨਾਲ ਤੇ ਤੇਰੇ ਸਮਾਜ ਦੇ ਨਾਲ।"

ਪ੍ਰੀਤੀ ਦਾ ਇਹ ਅੰਤਿਮ ਫੈਸਲਾ ਸੀ ਤੇ ਉਹ ਕਿਸੇ ਵੀ ਕੀਮਤ ਤੇ ਟੱਸ ਤੋਂ ਮੱਸ ਨਹੀਂ ਹੋਣਾ ਚਾਹੁੰਦੀ ਸੀ। ਸਿੱਖ ਸਮਾਜ ਵਾਸਤੇ ਵੀ ਇਹ ਚੁਨੌਤੀ ਸੀ। ਧਾਰਮਕ ਆਗੂਆਂ ਵਾਸਤੇ ਵੀ ਚਿੰਤਾ ਦਾ ਵਿਸ਼ਾ ਸੀ।

ਕੁਝ ਦਿਨ ਨਜ਼ਰਬੰਦ (ਲਾਕ ਅਪ) ਵਿਚ ਰੱਖਣ ਤੋਂ ਬਾਅਦ ਧਰਮ ਸਭਾ ਵਾਲਿਆਂ ਨੇ ਪ੍ਰੀਤੀ ਨੂੰ ਆਪਣੇ ਸਰਕਸ਼ਨ ਵਿਚ ਲੈ ਲਿਆ। ਗੁਰਦੁਆਰੇ ਦੀ ਸਰਾਂ ਦੇ ਕਮਰੇ ਵਿਚ ਰੱਖਿਆ, ਬਹੁਤ ਸਮਝਾਇਆ, ਸਿੱਖ ਧਰਮ ਦੀਆਂ ਪਰੰਪਰਾਵਾਂ ਬਾਰੇ ਚਿੰਤਨ ਕਰਵਾਇਆ। ਮਾਂ ਨੇ ਬੜੇ ਤਰਲੇ ਕੀਤੇ, ਵਿਲਾਪ ਕੀਤਾ, ਆਪਣੀ ਮਮਤਾ ਦਾ ਵਾਸਤਾ ਪਾਇਆ, ਕਈ ਦਿਨ ਉਸ ਦੀ ਸੋਚ ਨੂੰ ਬਦਲਣ ਵਿਚ ਲਗ ਗਏ। ਉਸ ਨੂੰ ਕਸ਼ਮੀਰ ਤੋਂ ਬਾਹਰ ਰੱਖਣ ਲਈ ਪ੍ਰਬੰਧ ਕੀਤਾ ਗਿਆ ਤਾਂ ਜੋ ਐਸੇ ਵਾਤਾਵਰਨ ਤੋਂ ਦੂਰ ਰਹਿ ਕੇ ਉਹ ਆਪਣੇ ਪਤੀ ਨਾਲ ਨਵੇਂ ਤੋਂ ਜੀਵਨ ਸ਼ੁਰੂ ਕਰ ਸਕੇ।

## 6

ਉਧਰ ਬਲਬੀਰ ਉਰਫ਼ ਬਬਲੂ ਦਾ ਪਰਿਵਾਰ ਵੀ ਬਹੁਤ ਸਦਮੇ ਵਿਚ ਸੀ ਉਸ ਦੇ ਪਿਤਾ ਬਹੁਤ ਗੁਸੈਲ ਸਨ ਤੇ ਘਰੋਂ ਬਾਹਰ ਨਹੀਂ ਨਿਕਲ ਸਕਦੇ ਸਨ। ਬਬਲੂ ਲਈ ਘਰ ਆਣ ਦੀ ਹਿੰਮਤ ਨਹੀਂ ਸੀ। ਕਿਸ ਮੂੰਹ ਘਰ ਆਂਦਾ? ਕਿਵੇਂ ਪਿਤਾ ਦੇ ਰੂ-ਬ-ਰੂ ਹੁੰਦਾ। ਗ਼ਲਤੀ ਉਹਦੀ ਆਪਣੀ ਸੀ। ਪਿਤਾ ਦੇ ਲੱਖ ਵਾਰ ਮਨ੍ਹਾਂ ਕਰਨ ਤੇ ਵੀ ਉਹ ਬਾਜ ਨਹੀਂ ਸੀ ਆਇਆ। ਜ਼ਿਦ ਨਾਲ ਵਿਆਹ ਕੀਤਾ ਸੀ। ਪ੍ਰੀਤੀ ਨੂੰ ਵੇਖ ਕੇ ਹੀ ਉਸ ਦੀ ਸੁੰਦਰਤਾ ਤੇ ਲੱਟੂ ਹੋ ਗਿਆ ਸੀ।

ਆਪਣੇ ਦਿਲ ਦਾ ਚੈਨ ਤੇ ਸਕੂਨ ਗਵਾ ਬੈਠਾ ਸੀ। ਕਈ ਰਿਸ਼ਤੇਦਾਰਾਂ ਤੇ ਸਾਕ-ਸਬੰਧੀਆਂ ਦੇ ਸਮਝਾਣ ਤੇ ਵੀ ਨਹੀਂ ਸਮਝਿਆ ਸੀ। ਪ੍ਰੀਤੀ ਦੀ ਸੂਰਤ ਉਹਦੇ ਰੂਹ ਵਿਚ ਵੱਸ ਗਈ ਸੀ। ਭਾਵੇਂ ਉਹ ਸਮਾਜ ਕਾਰਨ ਪ੍ਰੀਤੀ ਨਾਲ ਵਿਆਹ ਕਰਨ ਦਾ ਫੈਸਲਾ ਨਾ ਕਰਦਾ ਪਰ ਉਸ ਦੀ ਸੂਰਤ ਨੇ ਹੀ ਉਸ ਨੂੰ ਦੀਵਾਨਾ ਬਣਾ ਦਿੱਤਾ ਸੀ। ਉਸ ਦੇ ਪਿਤਾ ਨੇ ਉਸ ਨੂੰ ਚਿਤਾਵਨੀ ਦਿੱਤੀ ਸੀ ਕਿ "ਜਿਹੜੀ ਕੁੜੀ ਆਪਣੇ ਮਾਂ ਪਿਉ ਦੀ ਇੱਜ਼ਤ ਨੂੰ ਕਲੰਕ ਲਾ ਕੇ ਦੂਸਰੇ ਧਰਮ ਦੇ ਮੁੰਡੇ ਨਾਲ ਭੱਜ ਗਈ ਸੀ, ਉਸ 'ਤੇ ਕਿਵੇਂ ਯਕੀਨ ਕੀਤਾ ਜਾ ਸਕਦਾ ਹੈ? ਕੀ ਭਰੋਸਾ ਹੈ ਉਹ ਫਿਰ ਨਾ ਐਵੇਂ ਕਰ ਲਵੇ। ਇਸ ਜੂਠ ਨੂੰ ਘਰ ਨਹੀਂ ਲਿਆਣਾ, ਮੈਂ ਆਪਣੀ ਨੂੰਹ ਨਹੀਂ ਬਣਾਣੀ। ਦੁਨੀਆ ਦੀਆਂ ਨਜ਼ਰਾਂ ਮੇਰੇ ਘਰ ਉਤੇ ਟਿਕੀਆਂ ਰਹਿਣਗੀਆਂ। ਲੋਕਾਂ ਨੇ ਬਾਹਰ ਮੂੰਹ ਨਹੀਂ ਕੱਢਣ ਦੇਣਾ।"

"ਥੋੜ੍ਹੇ ਚਿਰ ਬਾਅਦ ਸਭ ਠੀਕ ਹੋ ਜਾਏਗਾ ਬਾਪੂ!" ਬਲਬੀਰ ਨੇ ਆਪਣੇ ਪਿਤਾ ਨੂੰ ਭਰੋਸਾ ਦਵਾਣ ਦਾ ਯਤਨ ਕੀਤਾ ਸੀ।

"ਸਵਾਹ ਠੀਕ ਹੋਏਗਾ?" ਜਿਸ ਤ੍ਰੀਮਤ ਨੂੰ ਕਿਸੇ ਹੋਰ ਮਰਦ ਦੀ ਲੱਤ ਲਗ ਜਾਏ ਉਹ ਸੁਧਰ ਨਹੀਂ ਸਕਦੀ। ਅਗਰ ਤੂੰ ਇਸੇ ਤਰ੍ਹਾਂ ਜ਼ਿਦ ਫੜੀ ਰੱਖੀ, ਮੈਂ ਤੈਨੂੰ ਘਰੋਂ ਕੱਢ ਦਿਆਂਗਾ। ਆਪਣੀ ਜ਼ਾਇਦਾਦ ਤੋਂ ਬੇਦਖ਼ਲ ਕਰ ਦਿਆਂਗਾ।"

"ਮੈਨੂੰ ਬੇਦਖ਼ਲ ਕਰ ਦਿਓਗੇ ਤੇ ਹੋਰ ਕਿਸ ਨੂੰ ਦਿਓਗੇ? ਤੁਹਾਡਾ ਇਕੱਲਾ-ਇਕੱਲਾ ਪੁੱਤਰ ਹਾਂ। ਤੁਹਾਡੀਆਂ ਉਮੀਦਾਂ ਦਾ ਮੈਂ ਹੀ ਤਾਂ ਵਾਰਸ ਹਾਂ।"

ਮੈਨੂੰ ਐਸੇ ਵਾਰਸ ਦੀ ਲੋੜ ਨਹੀਂ ਜਿਹੜਾ ਮੇਰੇ ਖਾਨਦਾਨ ਦੀ ਇੱਜ਼ਤ ਨੂੰ ਮਲੀਆ-ਮੇਟ ਕਰ ਦੇਵੇ। ਮੈਂ ਕਿਸੇ ਧਰਮ ਸੰਸਥਾ ਨੂੰ ਸਾਰੀ ਜ਼ਮੀਨ ਜ਼ਾਇਦਾਦ ਦਾਨ ਕਰ ਦਿਆਂਗਾ। ਪਰ ਬਦਚਲਨ ਔਰਤ ਨੂੰ ਆਪਣੇ ਘਰ ਨਹੀਂ ਵਸਾਵਾਂਗਾ।" ਬਲਬੀਰ ਦੇ ਪਿਤਾ ਦਾ ਇਹ ਅੰਤਿਮ ਫੈਸਲਾ ਸੀ।

ਉਸ ਦੇ ਪਿਤਾ ਨੇ ਆਪਣੀਆਂ ਭੈਣਾਂ, ਸਾਲੀਆਂ, ਸਾਲੇ ਤੇ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਘਰ ਬੁਲਾਇਆ ਸੀ। ਸਭ ਨਾਲ ਵਿਚਾਰ-ਵਟਾਂਦਰਾ ਕੀਤਾ, ਬਲਬੀਰ ਦੀ ਜ਼ਿਦ ਬਾਰੇ ਦੱਸਿਆ ਤੇ ਦੁਹਾਈ ਪਾਈ ਕਿ "ਮੁੰਡੇ ਨੂੰ ਜਿਵੇਂ ਤਿਵੇਂ ਕਰ ਕੇ ਸਮਝਾਓ। ਖਾਨਦਾਨ ਦਾ ਬੇੜਾ ਗਰਕ ਨਾ ਕਰੇ। ਮੈਂ ਬਰਬਾਦ ਹੋ ਜਾਵਾਂਗਾ। ਦੂਜਾ ਪੁੱਤਰ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਫਿਰ ਇਹ ਜਿੱਥੇ ਵੀ ਖੇਹ ਖਾਂਦਾ ਮੈਨੂੰ ਕੋਈ ਫ਼ਿਕਰ ਨਹੀਂ ਸੀ।"

"ਕੋਈ ਗੱਲ ਨਹੀਂ ਵੀਰਾ! ਅਗਰ ਜਵਾਨੀ ਵਿਚ ਕਿਸੇ ਕੁੜੀ ਕੋਲੋਂ ਕੋਈ ਗ਼ਲਤੀ ਹੋ ਜਾਵੇ ਤਾਂ ਉਸ ਨੂੰ ਸਮਾਜ ਵਿਚੋਂ ਕੱਢਿਆ ਤੇ ਨਹੀਂ ਨਾ ਜਾ ਸਕਦਾ?" ਬਲਬੀਰ ਦੀ ਭੂਆ ਨੇ ਆਪਣੇ ਭਰਾ ਨੂੰ ਸਮਝਾਇਆ। "ਗ਼ਲਤੀ ਹੋ ਜਾਂਦੀ ਹੈ, ਅਗਰ ਕੋਈ ਸਵੇਰ ਦਾ ਭੁੱਲਿਆਂ ਸ਼ਾਮਾਂ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁਲਿਆ ਨਹੀਂ ਕਹਿੰਦੇ। ਕੁੜੀ ਮਾਂ ਪਿਉ ਕੋਲ ਘਰ ਆ ਗਈ ਹੈ। ਆਪਣੀ ਗ਼ਲਤੀ ਦਾ ਅਹਿਸਾਸ ਕਰ ਲਿਆ ਹੈ, ਤਾਂ ਫਿਰ

ਕੀ ਹਰਜ਼ ਹੈ ਅਗਰ ਬਬਲੂ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ।"

"ਮੈਂ ਤੈਨੂੰ ਭੈਣੇ ਬਬਲੂ ਨੂੰ ਸਮਝਾਣ ਵਾਸਤੇ ਸੱਦਿਆ ਸੀ ਨਾ ਕਿ ਤੂੰ ਮੈਨੂੰ ਭਾਸ਼ਨ ਦੇਵੇਂ।" ਬਲਬੀਰ ਦੇ ਪਿਤਾ ਨੇ ਗੁੱਸੇ ਵਿਚ ਭੈਣ ਦੀ ਸਲਾਹ ਨੂੰ ਨਕਾਰਦਿਆਂ ਕਿਹਾ।

"ਵੀਰ ਜੀ! ਠੰਡੇ ਦਿਮਾਗ਼ ਨਾਲ ਸੋਚੋ, ਅਗਰ ਕੋਈ ਲੜਕੀ ਆਪਣੇ ਹੀ ਪਰਿਵਾਰ ਦੀ ਹੁੰਦੀ ਤੇ ਇਹੋ ਜਿਹੀ ਗ਼ਲਤੀ ਕਰ ਲੈਂਦੀ ਫਿਰ?"

ਮੈਂ ਉਹਦੇ ਟੋਟੇ-ਟੋਟੇ ਕਰ ਦਿੰਦਾ, ਨੇਸਤੋ ਨਬੂਦ ਕਰ ਦਿੰਦਾ ਜਿਹੜੀ ਖਾਨਦਾਨ ਦੇ ਨਾਂ ਤੇ ਦਾਗ਼ ਲਗਾਂਦੀ।"

"ਵੀਰਾ! ਧੀਆਂ ਦੇ ਦਰਦ ਬੜੇ ਗੂੜ੍ਹੇ ਹੁੰਦੇ ਹਨ। ਤੁਹਾਡੀ ਕੋਈ ਧੀ ਨਹੀਂ ਨਾ ਇਸ ਕਰਕੇ ਤੁਸੀਂ ਮਹਿਸੂਸ ਵੀ ਨਹੀਂ ਕਰ ਸਕਦੇ।" ਭੈਣ ਨੇ ਜਜ਼ਬਾਤੀ ਹੋ ਕੇ ਗੱਲ ਕੀਤੀ ਸੀ।

"ਕੀ ਹੋਇਆ ਧੀ ਨਹੀਂ ਭੈਣ ਤੇ ਹੈ ਨਾ।"

"ਜਦੋਂ ਭੈਣ ਜਵਾਨ ਸੀ ਉਹ ਵੇਲਾ ਹੋਰ ਸੀ ਵੀਰੇ! ਪੜ੍ਹਾਈਆਂ ਲਿਖਾਈਆਂ ਘਟ ਸਨ, ਆਵਾਜਾਈ ਘਟ ਸੀ। ਕੁੜੀਆਂ ਚਾਰ-ਦੀਵਾਰੀ ਵਿਚ ਹੀ ਰਹਿੰਦੀਆਂ ਸਨ। ਆਪਣੇ ਭੈਣ ਭਰਾਵਾਂ ਨਾਲ ਹੀ ਪਿਆਰ ਕਰਦੀਆਂ ਸਨ ਤੇ ਪਤਾ ਹੀ ਨਹੀਂ ਲਗਦਾ ਸੀ ਕਿ ਕਦੋਂ ਜਵਾਨ ਹੋਈਆਂ ਤੇ ਵਿਆਹੀਆਂ ਗਈਆਂ। ਹੁਣ ਵਕਤ ਬਦਲ ਗਿਆ ਹੈ।"

"ਇਹੋ ਜਿਹਾ ਵਕਤ ਵੀ ਨਹੀਂ ਬਦਲਿਆ ਕੇ ਖਾਨਦਾਨ ਦੀ ਇੱਜਤ ਨੂੰ ਮਿੱਟੀ ਵਿਚ ਮਿਲਾ ਦਿੱਤਾ ਜਾਵੇ?" ਬਬਲੂ ਦੇ ਪਿਤਾ ਨੇ ਉੱਤਰ ਦਿੱਤਾ।

ਖੈਰ! ਭੈਣ ਨੇ ਤੇ ਜੀਜੇ ਨੇ ਪੂਰੀ ਕੋਸ਼ਿਸ਼ ਕਰਕੇ ਬਬਲੂ ਦੇ ਪਿਤਾ ਨੂੰ ਰਾਜ਼ੀ ਕਰ ਲਿਆ ਇਸ ਸ਼ਰਤ ਉੱਤੇ ਕਿ ਉਹ ਬਰਾਤ ਨਾਲ ਨਹੀਂ ਜਾਏਗਾ ਪਰ ਡੋਲੀ ਉਸੇ ਦੇ ਘਰ ਆਏਗੀ।

ਪਿਤਾ ਦੇ ਇਸ ਫੈਸਲੇ ਨੇ ਬਲਬੀਰ ਦੇ ਜੀਵਨ ਵਿਚ ਇਕ ਨਵੀਂ ਖੁਸ਼ੀ ਤੇ ਚਾਅ ਪੈਦਾ ਕਰ ਦਿੱਤਾ। ਉਸਦੀਆਂ ਉਮੀਦਾਂ ਨੂੰ ਨਵੇਂ ਪਰ ਲੱਗ ਗਏ। ਉਸਨੇ ਮਨ ਵਿਚ ਕਈ ਵਿਉਂਤਾਂ ਬਣਾਈਆਂ ਸਨ ਪ੍ਰੀਤੀ ਨੂੰ ਲੈ ਕੇ ਮਨੋਂ ਮਨ ਪ੍ਰੀਤੀ ਉਹਦੇ ਜੀਵਨ ਵਿਚ ਵੱਸ ਗਈ ਸੀ। ਉਸਦੀ ਸੁੰਦਰਤਾ ਦਾ ਉਹ ਇੰਨਾ ਕਾਇਲ ਸੀ ਕਿ ਉਸ ਵਾਸਤੇ ਉਹ ਕੁਝ ਵੀ ਕਰ ਸਕਦਾ ਸੀ, ਘਰ ਬਾਰ, ਜ਼ਮੀਨ ਜ਼ਾਇਦਾਦ ਤੇ ਆਪਣੇ ਪਿਤਾ ਨੂੰ ਵੀ ਛੱਡਣ ਦਾ ਉਸ ਨੇ ਮਨ ਬਣਾ ਲਿਆ ਸੀ ਅਗਰ ਉਹ ਨਹੀਂ ਮੰਨਣਗੇ।

ਸੁਪਨਿਆਂ ਵਿਚ ਪ੍ਰੀਤੀ ਨੂੰ ਵੇਖਦਾ ਰਹਿੰਦਾ, ਫੁਰਨਿਆਂ ਵਿਚ ਉਸ ਨਾਲ ਜੀਵਨ ਬਤਾਣ ਦੀਆਂ ਵਿਉਂਤਾਂ ਘੜਦਾ ਰਹਿੰਦਾ।

ਉਸ ਦੇ ਪਿਤਾ ਨੇ ਹਾਮੀ ਤਾਂ ਜ਼ਰੂਰ ਭਰ ਦਿੱਤੀ ਸੀ ਪਰ ਕੋਈ ਪੈਸਾ, ਧੇਲਾ,

ਖਰਚ ਕਰਨ ਨੂੰ ਤਿਆਰ ਨਹੀਂ ਸੀ। ਕੰਜੂਸ ਤੇ ਮਤਲਬੀ ਸੁਭਾਅ ਦਾ ਬੰਦਾ ਸੀ। ਉਹ ਜਾਣਦਾ ਸੀ ਕਿ ਧਾਰਮਕ ਜਥੇਬੰਦੀਆਂ ਹੀ ਸਭ ਕੰਮ ਕਰਨ ਤੇ ਬਾਹਰੋਂ ਹੀ ਬਾਹਰੋਂ ਬਿਨ੍ਹਾਂ ਖਰਚੇ ਬਬਲੂ ਦਾ ਵਿਆਹ ਹੋ ਜਾਏ, ਇਸੇ ਲਈ ਉਸਨੇ ਸ਼ਰਤ ਰੱਖੀ ਸੀ ਕਿ ਉਹ ਬਰਾਤ ਨਾਲ ਨਹੀਂ ਜਾਵੇਗਾ ਪਰ ਡੋਲੀ ਉਸ ਦੇ ਘਰ ਆਵੇ। ਸਿੱਖ ਨੌਜਵਾਨ ਸਭਾ ਨੇ ਹੀ ਇਹ ਬੀੜਾ ਚੁੱਕਿਆ ਸੀ। ਜਵਾਨ ਮੁੰਡਿਆਂ ਨੇ ਪੈਸੇ ਇਕੱਠੇ ਕੀਤੇ, ਕੱਪੜੇ ਸਿਲਵਾਏ, ਕੋਈ ਇਕ-ਅੱਧਾ ਗਹਿਣਾ ਵੀ ਖਰੀਦਿਆ, ਕੁਝ ਦੋ ਚਾਰ ਪਤਵੰਤਿਆਂ ਨੂੰ ਨਾਲ ਲੈ ਕੇ ਜੰਞ ਬਣ ਕੇ ਦੋ ਤਿੰਨ ਟੈਕਸੀਆਂ ਦਾ ਪ੍ਰਬੰਧ ਕੀਤਾ, ਉਹ ਵੀ ਕੁਝ ਸਿੱਖ ਟੈਕਸੀ ਵਾਲਿਆਂ ਨੇ ਕਿਰਾਇਆ ਲੈਣ ਤੋਂ ਬਿਨ੍ਹਾਂ ਯੋਗਦਾਨ ਦਿੱਤਾ ਤੇ ਜੰਞ ਸ੍ਰੀਨਗਰ ਲੈ ਗਏ ਤੇ ਬਲਬੀਰ ਸਿੰਘ ਉਰਫ 'ਬਬਲੂ' ਦਾ ਵਿਆਹ ਪ੍ਰੀਤੀ ਨਾਲ ਹੋ ਗਿਆ ਤੇ ਉਹਨਾਂ ਦੇ ਜੀਵਨ ਦੀ ਨਵੀਂ ਸ਼ੁਰੂਆਤ ਹੋ ਗਈ ਜਿਸਦੀ ਪ੍ਰੀਤੀ ਨੂੰ ਘੱਟ ਉਮੀਦ ਸੀ।

## 7

**ਦੂ**ਜੇ ਪਾਸੇ ਫਿਆਜ਼ ਇਸ ਸਾਰੀ ਘਟਨਾ ਤੋਂ ਜਾਣੂੰ ਸੀ। ਉਸ ਉੱਤੇ ਉਹਦੇ ਮਾਂ ਪਿਉ ਤੇ ਰਿਸ਼ਤੇਦਾਰਾਂ ਨੇ ਸਖ਼ਤ ਨਜਰ ਰੱਖੀ ਹੋਈ ਸੀ ਕਿ ਕੋਈ ਵਾਰਦਾਤ ਨਾ ਕਰ ਬੈਠੇ। ਸ਼ਿੱਦਤ ਨਾਲ ਪਿਆਰ ਕਰਨ ਵਾਲੇ ਆਪਣੀ ਪ੍ਰੇਮਿਕਾ ਨੂੰ ਆਪਣੇ ਸੁਪਨਿਆਂ ਤੋਂ ਜੁਦਾ ਹੁੰਦਾ ਵੇਖ ਨਹੀਂ ਸਕਦੇ, ਬਰਦਾਸ਼ਤ ਨਹੀਂ ਕਰ ਸਕਦੇ। ਫਿਆਜ਼ ਉੱਤੇ ਘਰੋਂ ਬਾਹਰ ਨਿਕਲਣ ਦੀ ਪਾਬੰਦੀ ਲਗਾ ਦਿੱਤੀ। ਉਸਦੇ ਅੱਬਾ ਨਹੀਂ ਚਾਹੁੰਦੇ ਸਨ ਕੋਈ ਹੋਰ ਬਖੇੜਾ ਪਵੇ। ਉਸ ਨੂੰ ਬਹੁਤ ਸਮਝਾਇਆ। ਉਹ ਵੀ ਮਾਂ ਬਾਪ ਦਾ ਇਕਲੌਤਾ ਪੁੱਤਰ ਸੀ, ਅਮੀਰ ਸਨ। ਉਸ ਦੇ ਪਿਤਾ ਜਾਣੇ-ਮਾਣੇ ਠੇਕੇਦਾਰ ਸਨ। ਖਾਨਦਾਨੀ ਤੇ ਸ਼ਰੀਫ ਲੋਗ ਸਨ। ਫਿਆਜ਼ ਦੀ ਕਰਤੂਤ ਨਾਲ ਪਹਿਲੇ ਹੀ ਕਾਫ਼ੀ ਬਦਨਾਮੀ ਹੋ ਗਈ ਸੀ, ਖਾਨਦਾਨ ਦੀ। ਪ੍ਰੀਤੀ ਦੇ ਪਿਆਰ ਵਿਚ ਫਿਆਜ਼ ਪਾਗ਼ਲ ਹੋ ਗਿਆ ਸੀ। ਕਿਸੇ ਵੀ ਹਾਲਤ ਵਿਚ ਉਸਦੀ ਜੁਦਾਈ ਨਹੀਂ ਸਹਿ ਸਕਦਾ ਸੀ, ਉਸਤੋਂ ਦੂਰ ਨਹੀਂ ਹੋਣਾ ਚਾਹੁੰਦਾ ਸੀ। ਘਰ ਵਿਚ ਰਹਿ ਕੇ ਫਿਆਜ਼ ਬੀਮਾਰ ਹੋ ਗਿਆ। ਬੁਖਾਰ ਨੇ ਉਸਨੂੰ ਨਿਢਾਲ ਕਰ ਦਿੱਤਾ। ਡਾਕਟਰਾਂ ਦੀ ਅਤਿਅੰਤ ਕੋਸ਼ਿਸ਼ਾਂ ਨਾਲ ਬੁਖਾਰ ਨਹੀਂ ਉਤਰਿਆ। ਟਾਈਫਾਈਡ ਨਾਲ ਦਿਨ-ਬ-ਦਿਨ ਕਮਜ਼ੋਰ ਹੋਣ ਲਗ ਗਿਆ। ਮਾਤਾ ਪਿਤਾ ਨੂੰ ਬਹੁਤ ਚਿੰਤਾ ਹੋ ਗਈ। ਡਾਕਟਰ ਨੇ ਸਲਾਹ ਦਿੱਤੀ ਕਿ ਇਸ ਨੂੰ ਕਿਤੇ ਸ਼ਹਿਰ ਤੋਂ ਬਾਹਰ ਲੈ ਜਾਉ ਕਿਸੇ ਨਵੇਕਲੀ ਥਾਂ ਤੇ।

ਬਾਹਰ ਜਾ ਕੇ ਵੀ ਕੀ ਫਰਕ ਪੈਣਾ ਸੀ? ਤਪਸ਼ ਤੇ ਉਹਦੀ ਰੂਹ ਵਿਚ ਵੱਸ ਗਈ ਸੀ। ਉਸਦੀ ਦਵਾ ਤੇ ਕੇਵਲ ਪ੍ਰੀਤੀ ਸੀ, ਜਿਹੜੀ ਉਸਦੀ ਜ਼ਿੰਦਗੀ ਤੋਂ ਜੁਦਾ ਹੋ ਗਈ ਸੀ। ਅੱਠੇ ਪਹਿਰ ਸਿਰਫ ਪ੍ਰੀਤੀ ਹੀ ਉਸਦੇ ਦਿਲ ਦਿਮਾਗ ਤੇ ਛਾਈ ਰਹਿੰਦੀ ਉਸ ਤੋਂ ਸਿਵਾ ਹੋਰ ਕੁਝ ਉਹ ਸੋਚ ਹੀ ਨਹੀਂ ਸੀ ਸਕਦਾ। ਮਾਂ ਨੇ ਪਿਤਾ ਨੂੰ ਸਲਾਹ ਦਿੱਤੀ

ਕਿ "ਇਸਦੀ ਸ਼ਾਦੀ ਕਰ ਦੋ ਅੱਛਾ ਰਹੇਗਾ।"

"ਐਸੇ ਹਾਲਾਤ ਮੇਂ ਇਸਕੀ ਸ਼ਾਦੀ ਕਰਨੇ ਕਾ ਮਤਲਬ ਹੈ ਦੂਸਰੀ ਲੜਕੀ ਕੀ ਜ਼ਿੰਦਗੀ ਬਰਬਾਦ ਕਰਨੀ। ਇਸ ਹਾਲਾਤ ਮੇਂ ਯਹ ਕਿਸੀ ਕੇ ਸਾਥ ਨਹੀਂ ਰਹਿ ਸਕਤਾ, ਕਿਸੀ ਸੇ ਪਿਆਰ ਨਹੀਂ ਕਰ ਸਕਤਾ। ਇਸੇ ਔਰ ਵਕਤ ਦੇਨਾ ਪੜੇਗਾ।"

"ਅਗਰ ਖ਼ੁਦਾ ਨ ਖਾਸਤਾ ਕੁਝ ਹੋ ਗਿਆ ਇਸੇ ਤੋਂ ਹਮ ਕਹੀਂ ਕੇ ਨਹੀਂ ਰਹੇਂਗੇ। ਜੀਤੇ ਜੀਅ ਮਰ ਜਾਏਂਗੇ। ਹਮਾਰੀ ਆਂਖੋਂ ਕਾ ਨੂਰ ਹੈ ਹਮਾਰਾ ਬੇਟਾ। ਆਪ ਇਸ ਬਾਰੇ ਮੇਂ ਸ਼ਿੱਦਤ ਸੇ ਸੋਚੇਂ।" ਮਾਂ ਦਾ ਤਰਲਾ ਸੀ।

ਪਿਤਾ ਕੀ ਕਰ ਸਕਦਾ ਸੀ ਸਮਝਾਉਣ ਤੋਂ ਸਿਵਾ।

ਪਿਤਾ ਨੇ ਉਸ ਦੇ ਬਿਸਤਰ ਕੋਲ ਬੈਠ ਕੇ ਉਸ ਨੂੰ ਨਸੀਹਤ ਕਰਨ ਦੀ ਕੋਸ਼ਿਸ਼ ਕੀਤੀ। "ਆਖਿਰ ਤੁਮ ਨੇ ਸੋਚਾ ਕਿਆ ਹੈ? ਕਬ ਤਕ ਇਸ ਹਾਲ ਮੇਂ ਰਹੋਗੇ? ਪਹਿਲੇ ਤੋ ਤੁਮਨੇ ਬਹੁਤ ਬੜੀ ਗ਼ਲਤੀ ਕੀ। ਏਕ ਗ਼ੈਰ-ਮਜ਼ਹਬ ਕੀ ਲੜਕੀ ਕੋ ਪਸੰਦ ਕੀਆ, ਉਸ ਸੇ ਪਿਆਰ ਕੀਆ। ਤੁਮਨੇ ਸੋਚਾ ਭੀ ਨਹੀਂ ਕਿ ਤੁਮ ਉਸ ਸੇ ਜ਼ਿੰਦਗੀ ਭਰ ਸਾਥ ਨਹੀਂ ਰੱਖ ਸਕਤੇ। ਯਹ ਹਮਾਰੇ ਮਜ਼ਹਬ-ਈਮਾਨ ਔਰ ਭਾਈਚਾਰੇ ਕੇ ਖ਼ਿਲਾਫ਼ ਹੈ। ਮਾਨਾ ਕੇ ਤੁਮਾਰੀ ਉਸ ਸੇ ਜਾਨ-ਪਹਿਚਾਨ ਹੋ ਗਈ, ਦੋਸਤੀ ਹੋ ਗਈ ਪਰ ਇਸ ਕਦਰ ਤੁਮ ਉਸ ਸੇ ਮੁਹਬੱਤ ਕਰ ਬੈਠੋਗੇ? ਯਹ ਤੁਮਾਰੀ ਬਹੁਤ ਬੜੀ ਗਲਤੀ ਹੈ।"

"ਅੱਬਾ ਪਤਾ ਨਹੀਂ ਕੈਸੇ ਵੋਹ ਮੇਰੀ ਰੂਹ ਮੇਂ ਬਸ ਗਈ।" ਅੱਖਾਂ ਮੀਟ ਕੇ ਫਿਆਜ਼ ਨੇ ਉੱਤਰ ਦਿੱਤਾ।

"ਕਿਤਨੀ ਬਦਨਾਮੀ ਹੂਈ? ਸਾਰੀ ਵਾਦੀ ਮੇਂ ਯਹ ਕਿੱਸਾ ਕਿਤਨਾ ਮਸ਼ਹੂਰ ਹੋ ਗਿਆ। ਘਰ-ਘਰ ਮੇਂ ਇਸਕੀ ਚਰਚਾ ਹੋਈ, ਪੁਲੀਸ, ਸਰਕਾਰ ਔਰ ਸਿੱਖ ਭਾਈਚਾਰੇ ਕੀ ਨਜਰੋਂ ਮੇਂ ਹਮ ਗਿਰ ਗਏ ਜੋ ਹੂਆ ਉਸੇ ਭੂਲ ਜਾਉ। ਨਏ ਸੇ ਜ਼ਿੰਦਗੀ ਸ਼ੁਰੂ ਕਰੋ। ਸਮਝੋ ਕਿ ਯਹ ਏਕ ਸਪਨਾ ਥਾ ਵਕਤ ਰਹਿਤੇ ਟੂਟ ਗਿਆ ਔਰ ਮਜੀਦ ਬਰਬਾਦ ਹੋਨੇ ਸੇ ਤੁਮ ਬਚ ਗਏ।"

ਫਿਆਜ਼ ਅੱਖਾਂ ਬੰਦ ਕਰਕੇ ਸੁਣਦਾ ਰਿਹਾ। ਅੱਬਾ ਫਿਰ ਬੋਲੇ, "ਤੁਮ ਹਮਾਰੇ ਇਕਲੌਤੇ ਚਿਰਾਗ ਹੋ। ਐਸੇ ਹੀ ਏਕ ਔਰਤ ਕੀ ਮੁਹੱਬਤ ਮੇਂ ਜ਼ਿੰਦਗੀ ਖਤਮ ਕਰ ਲੋਗੇ ਤੋ ਕਿਆ ਹੋਗਾ? ਹਮਾਰੀ ਕਿਤਨੀ ਉਮੀਦੇਂ ਤੁਮ ਸੇ ਵਾਬਸਤਾ ਹੈ। ਤੁਮਹੇਂ ਮੇਰਾ ਕਾਮ ਸੰਭਾਲਨਾ ਹੈ। ਖਾਨਦਾਨ ਕੀ ਇੱਜ਼ਤ ਕੋ ਬਰਕਰਾਰ ਰੱਖਣਾ ਹੈ। ਸਮਾਜ ਮੇਂ ਮੂੰਹ ਦਿਖਾਨਾ ਹੈ। ਬਾਇੱਜ਼ਤ ਅਪਨੀ ਜਗ੍ਹਾ ਬਨਾਨੀ ਹੈ। ਐਸੇ ਹੀ ਸ਼ਹਜ਼ਾਦਾ ਸਲੀਮ ਬਣ ਕੇ ਪੜੇ ਰਹੋਗੇ ਤੋ ਬਾਤ ਨਹੀਂ ਬਨੇਗੀ। ਸਲੀਮ ਨੇ ਭੀ ਅਨਾਰਕਲੀ ਕੋ ਪੱਥਰੋਂ ਮੇਂ ਚਿਨਵਾ ਕਰ ਦੂਸਰੀ ਔਰਤ ਸੇ ਸ਼ਾਦੀ ਕੀ ਥੀ ਔਰ ਮੁਗ਼ਲ ਖਾਨਦਾਨ ਕੋ ਵਾਰਸ ਦੀਏ ਥੇ। ਆਪਣੇ ਆਪ ਕੋ ਸੰਭਾਲੋ ਔਰ ਇਸ ਸਦਮੇਂ ਸੇ ਬਾਹਰ ਆਉ। ਯਹ ਏਕ ਹਾਦਸਾ ਥਾ। ਐਸੀ ਵਾਰਦਾਤੋਂ

ਕੀ ਵਜਹ ਸੇ ਮਰਦ ਹਿੰਮਤ ਨਹੀਂ ਹਾਰਤੇ। ਸਮਝੋ ਕਿ ਵੋਹ ਲੜਕੀ ਮਰ ਗਈ ਹੈ।"

"ਨਹੀਂ ਅੱਬਾ ਐਸਾ ਮਤ ਕਹੀਏ। ਵੋਹ ਮੇਰੇ ਬਗ਼ੈਰ ਮਰ ਨਹੀਂ ਸਕਤੀ, ਵੋਹ ਮੁਝੇ ਛੋੜ ਨਹੀਂ ਸਕਤੀ। ਵੋਹ ਮੇਰੀ ਜਾਨ ਹੈ।"

"ਦੇਖੋ ਉਸਕੀ ਸ਼ਾਦੀ ਕਹੀਂ ਔਰ ਤੈਅ ਹੋ ਗਈ ਹੈ। ਸ਼ਾਦੀ ਕਰਕੇ ਅਪਨੇ ਸ਼ੌਹਰ ਕੇ ਸਾਥ ਚਲੀ ਜਾਏਗੀ। ਨਈਂ ਜ਼ਿੰਦਗੀ ਸ਼ੁਰੂ ਕਰ ਲੇਗੀ, ਉਸੇ ਭੂਲ ਜਾਉ ਔਰ ਉਸਕੀ ਖੈਰੀਅਤ ਕੀ ਦੁਆ ਕਰੋ। ਔਰ ਅਪਨੇ ਬਾਰੇ ਸੋਚੋ।" ਅੱਬਾ ਨੇ ਅੱਜ ਸੋਚ ਲਿਆ ਸੀ ਕਿ ਠੀਕ ਤਰ੍ਹਾਂ ਫਿਆਜ਼ ਨੂੰ ਰਸਤੇ ਤੇ ਲਿਆਇਆ ਜਾਏ।

"ਮੈਂ ਅਬੂ ਉਸ ਕੇ ਸਿਵਾ ਕੁਛ ਸੋਚ ਨਹੀਂ ਸਕਤਾ। ਪਲੀਜ ਆਪ ਚਲੇ ਜਾਏਂ, ਮੁਝੇ ਇਕੇਲੇ ਛੋੜ ਦੇਂ ਮੇਰਾ ਦਿਮਾਗ਼ ਫਟਨੇ ਲਗਾ ਹੈ। ਮੈਂ ਮਰ ਜਾਉਂਗਾ, ਯਹ ਕੋਈ ਹਾਦਸਾ ਨਹੀਂ ਮੇਰੀ ਜ਼ਿੰਦਗੀ ਕੀ ਵਾਰਦਾਤ ਹੈ। ਮੈਂ ਇਸ ਸੇ ਬਾਹਰ ਨਹੀਂ ਆ ਸਕਤਾ। ਮੁਝੇ ਵਕਤ ਚਾਹੀਏ। ਪਲੀਜ ਆਪ ਚਲੇ ਜਾਏਂ। ਫਿਆਜ਼ ਨੇ ਹੱਥ ਜੋੜ ਕੇ ਪਿਤਾ ਨੂੰ ਜਾਣ ਲਈ ਕਿਹਾ। ਪਿਤਾ ਨਿਕਲ ਗਏ ਕਮਰੇ ਵਿਚੋਂ ਤੇ ਸੋਚਿਆ ਕੇ ਇਹੋ ਜਿਹੇ ਯਤਨਾਂ ਨਾਲ ਹੀ ਉਸਦੀ ਸੋਚ ਬਦਲਣੀ ਪਵੇਗੀ। ਹਰ ਦਿਨ ਫਿਆਜ਼ ਨਾਲ ਵਕਤ ਗੁਜ਼ਾਰਨਾ ਪਏਗਾ।

ਫਿਆਜ਼ ਦੇ ਪਿਤਾ ਦੇ ਖ਼ਿਆਲ ਵਿਚ ਆਇਆ ਕਿ ਕਿਸੇ ਮੁੱਲਾ, ਮੌਲਵੀ ਨੂੰ ਵੀ ਬੁਲਾਇਆ ਜਾਵੇ ਜੋ ਇਸਨੂੰ ਕੁਝ ਸਮਝਾਏ, ਕੁਝ ਇਸਲਾਮ ਦੇ ਹਵਾਲੇ ਨਾਲ ਇਸਦਾ ਮਨ ਬਦਲੇ। ਹੋ ਸਕਦਾ ਹੈ ਉਸਦੇ ਸਮਝਾਣ ਨਾਲ ਇਸ ਦੀ ਸਮਝ ਵਿਚ ਕੋਈ ਗੱਲ ਆ ਜਾਏ।

ਦੂਜੇ ਦਿਨ ਮੌਲਵੀ ਸਾਹਿਬ ਨੂੰ ਬੁਲਾਇਆ ਗਿਆ ਉਹ ਫਿਆਜ਼ ਦੇ ਕੋਲ ਆ ਕੇ ਬੈਠਾ ਸਲਾਮ ਦੁਆ ਕਰਨ ਤੋ ਬਾਅਦ ਖ਼ੈਰ ਖ਼ਬਰ ਪੁੱਛੀ, "ਫਿਆਜ਼ ਬੇਟੇ ਸੁਨਾ ਆਪ ਬਹੁਤ ਬੀਮਾਰ ਹੈਂ।"

"ਨਹੀਂ ਮੌਲਵੀ ਸਾਹਿਬ ਮੈਂ ਠੀਕ ਹੂੰ। ਥੋੜ੍ਹਾ ਬੁਖਾਰ ਵਗੈਰਾ ਹੈ, ਡਾਕਟਰ ਇਲਾਜ ਕਰ ਰਹਾ ਹੈ। ਘਬਰਾਨੇ ਵਾਲੀ ਕੋਈ ਬਾਤ ਨਹੀਂ, ਠੀਕ ਹੋ ਜਾਏਗਾ।"

"ਬਰਖ਼ੁਰਦਾਰ ਤੁਮ ਯਹ ਇਸ਼ਕ ਵਿਸ਼ਕ ਕੇ ਚੱਕਰ ਮੇਂ ਕੈਸੇ ਪੜ ਗਏ?" ਮੌਲਵੀ ਨੇ ਪੁੱਛਿਆ।

"ਮੌਲਵੀ ਸਾਹਿਬ ਯਹ ਤਕਦੀਰ ਕੀ ਬਾਤ ਹੋਤੀ ਹੈ। ਕਬ ਕਿਆ ਹੋ ਜਾਏ ਯਹ ਤੋ ਅੱਲ੍ਹਾ ਕੇ ਹਾਥ ਮੇਂ ਹੈ।" ਫਿਆਜ਼ ਨੇ ਸ਼ਾਂਤੀ ਨਾਲ ਹੀ ਉੱਤਰ ਦਿੱਤਾ।

"ਕੋਈ ਮੁਸਲਮਾਨ ਲੜਕੀ ਨਹੀਂ ਮਿਲੀ ਤੁਮਹੇਂ?"

"ਮੈਨੇ ਕਹਾ ਨਾ ਕਿ ਸਭ ਅੱਲ੍ਹਾ ਕੇ ਹਾਥ ਹੋਤਾ ਹੈ।"

"ਜੋ ਅਲਾਹ ਕੇ ਹਾਥ ਹੋਤਾ ਹੈ ਵੋਹ ਐਸੇ ਨਹੀਂ ਹੋਤਾ। ਅੱਲ੍ਹਾ ਕੋ ਨਾ ਮਾਨਨੇ

ਵਾਲੇ ਕਾਫ਼ਰ ਹੋਤੇ ਹੈਂ। ਔਰ ਕਾਫਿਰੋਂ ਕੇ ਲੀਏ ਇਸਲਾਮ ਮੇਂ ਕੋਈ ਜਗ੍ਹਾ ਨਹੀਂ ਹੈ। ਤੁਮਹੇਂ ਉਸ ਲੜਕੀ ਕੋ ਇਸਲਾਮ ਕਬੂਲ ਕਰਵਾ ਕੇ ਨਿਕਾਹ ਕਰ ਲੇਨਾ ਚਾਹੀਏ ਥਾ।"

"ਮੈਨੇਂ ਐਸਾ ਹੀ ਕੀਆ ਹੈ। ਔਰ ਮੁਹੱਬਤ ਕਰਨੇ ਵਾਲੇ ਮਜ਼ਹਬ ਯਾ ਜਾਤ ਨਹੀਂ ਦੇਖਤੇ। ਨਾ ਹੀ ਮਜ਼ਹਬ ਦੇਖ ਕੇ ਮੁਹੱਬਤ ਹੋਤੀ ਹੈ। ਫਿਆਜ਼ ਨੇ ਮੌਲਵੀ ਨੂੰ ਉੱਤਰ ਦਿੱਤਾ।

"ਅਰੇ ਭਾਈ ਕਿਸੀ ਦੂਸਰੇ ਮਜ਼ਹਬ ਕੀ ਲੜਕੀ ਕੋ ਇਸਲਾਮ ਕਬੂਲ ਕਰਵਾ ਕੇ ਸ਼ਾਦੀ ਕਰਨਾ ਔਰ ਉਸ ਸੇ ਮੁਸਲਮਾਨ ਬੱਚੇ ਪੈਦਾ ਕਰਨਾ ਸਵਾਬ ਹੈ। (ਪੁੰਨ ਹੈ) ਅੱਲਾ ਮੀਆਂ ਇਸ ਸੇ ਖੁਸ਼ ਹੋਤੇ ਹੈਂ ਔਰ ਜੱਨਤ ਨਸੀਬ ਹੋਤੀ ਹੈ। ਤੁਮਨੇ ਸੁਨਿਹਰਾ ਮੌਕਾ ਹਾਥ ਸੇ ਗਵਾਂ ਦੀਆ। ਖੈਰ ਜੋ ਹੂਆ ਉਸੇ ਅਬ ਭੂਲ ਜਾਉ। ਅਪਨੇ ਵਾਲਦੇਨ ਕੀ ਬਾਤ ਮਾਨ ਕੇ ਸ਼ਾਦੀ ਕਰ ਲੋ, ਇਸੀ ਮੇ ਤੁਮ੍ਹਾਰਾ ਭਲਾ ਹੈ ਬਰਖੁਰਦਾਰ ਅੱਲਾ ਕਾ ਨਾਮ ਲੋ ਔਰ ਅੱਲਾ ਕੀ ਬੰਦਗੀ ਕਰੋ। ਖੁਦਾਵੰਦ ਕਰੀਮ ਬੇਹਤਰ ਕਰੇਂਗੇ।" ਮੌਲਵੀ ਤਸੱਬੀ (ਮਾਲਾ) ਫੇਰਦੇ ਹੋਏ ਕੁਝ ਪੜ੍ਹਦਾ ਰਿਹਾ। ਫਿਰ ਪੰਜ ਸੱਤ ਫੂਕਾਂ ਉਸਦੇ ਮੂੰਹ ਤੇ ਮਾਰੀਆਂ, ਤਸੱਬੀ ਨੂੰ ਫਿਆਜ਼ ਦੇ ਮੱਥੇ ਤੇ ਦੋ ਚਾਰ ਵਾਰੀਆਂ ਲਗਾ ਕੇ ਰੁਖ਼ਸਤ ਹੋਇਆ ਤੇ ਫਿਆਜ਼ ਦੇ ਮਾਂ ਪਿਉ ਨੂੰ ਤਸੱਲੀ ਦਿੱਤੀ ਕਿ "ਅੱਲ੍ਹਾ ਸਭ ਠੀਕ ਕਰੇਗਾ। ਲੜਕਾ ਠੀਕ ਹੋ ਜਾਏਗਾ ਔਰ ਉਸ ਲੜਕੀ ਕੋ ਭੂਲ ਜਾਏਗਾ।"

ਫਿਆਜ਼ ਦੇ ਮਾਤਾ ਪਿਤਾ ਨੂੰ ਥੋੜ੍ਹੀ ਤਸੱਲੀ ਹੋਈ ਕਿ ਮੌਲਵੀ ਸਾਹਿਬ ਕੋਈ ਮੰਤ੍ਰ ਆਦਿ ਪੜ ਕੇ ਕੋਈ ਤਵੀਜ਼ ਦੇ ਕੇ ਗਏ ਹਨ ਤੇ ਹਦਾਇਤ ਦਿੱਤੀ ਕਿ ਇਸਦੇ ਸੱਜੇ ਬਾਜੂ ਉਤੇ ਕਾਲੇ ਕੱਪੜੇ ਵਿਚ ਬੰਨ੍ਹ ਦਿਉ। ਅਲਾਹ ਰਹਿਮ ਕਰੇਗਾ। ਅਲ੍ਹਾ ਤੇ ਸਿੱਧੇ ਬੰਦਿਆਂ ਤੇ ਰਹਿਮ ਕਰਦਾ ਹੈ। ਜਿਹੜਾ ਇਸ਼ਕ ਵਿਚ ਪਾਗਲ ਹੋ ਗਿਆ ਹੋਵੇ ਉਸ ਤੇ ਮੰਤਰ ਕਿਥੇ ਚਲਦੇ ਹਨ? ਤਵੀਜ਼ ਵੀ ਕਿਥੇ ਅਸਰ ਕਰਦੇ ਹਨ?

## 8

**ਸਾ**ਰੇ ਪਾਸਿਓਂ ਦਬਾਅ ਦੇ ਕਾਰਨ, ਧਾਰਮਕ ਆਗੂਆਂ ਦੇ ਭਰੋਸਾ ਦੇਣ ਕਾਰਨ ਕਿ ਉਹ ਪ੍ਰੀਤੀ ਨੂੰ ਉਸਦੇ ਪਤੀ ਨਾਲ ਕਸ਼ਮੀਰ ਤੋਂ ਬਾਹਰ ਭੇਜ ਦੇਣਗੇ ਤੇ ਉਹਨਾਂ ਦੇ ਵੱਸਣ ਦੀ, ਕੰਮ ਦੀ, ਰੋਜ਼ਗਾਰ ਦੀ ਪੂਰੀ ਵਿਵਸਥਾ ਕਰਨਗੇ। ਪਰ ਦੁਬਾਰਾ ਬਲਬੀਰ ਨਾਲ ਜਾਣ ਲਈ ਉਹ ਬਲਬੀਰ ਨਾਲ ਗੱਲ ਕਰਨਾ ਚਾਹੁੰਦੀ ਸੀ। ਕੋਈ ਸ਼ਰਤ ਰੱਖਣਾ ਚਾਹੁੰਦੀ ਸੀ। ਇਸ ਲਈ ਉਸਨੇ ਬਲਬੀਰ ਨਾਲ ਬੈਠ ਕੇ ਅੱਗੇ ਕਿਵੇਂ ਜੀਵਨ ਚੱਲੇਗਾ ਉਸ ਤੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਤੇ ਬਲਬੀਰ ਨੂੰ ਬੁਲਾਇਆ ਤੇ ਵੱਖਰੇ ਕਮਰੇ ਵਿਚ ਬਿਠਾ ਕੇ ਸਲਾਹ-ਮੁਸ਼ਵਰਾ ਕਰਨ ਦਾ ਸਮਾਂ ਲਿਆ।

ਬਲਬੀਰ ਉਸ ਦੇ ਰੂ-ਬ-ਰੂ ਹੋ ਕੇ ਬਹੁਤ ਭਾਵੁਕ ਹੋ ਗਿਆ ਤੇ ਪ੍ਰੀਤੀ ਦਾ ਹੱਥ ਦੋਨਾਂ ਹੱਥਾਂ ਵਿਚ ਫੜ ਕੇ ਕਿਹਾ, "ਪ੍ਰੀਤੀ ਤੂੰ ਇਹ ਕੀ ਕੀਤਾ? ਮੇਰੇ ਪਿਆਰ ਦਾ ਇਹ

ਇਨਾਮ ਤੂੰ ਦਿੱਤਾ? ਮੈਂ ਤੈਨੂੰ ਐਨਾ ਪਿਆਰ ਕੀਤਾ, ਤੇਰੇ ਹਰ ਸਾਹ ਨੂੰ ਆਪਣਾ ਜੀਵਨ ਸਮਝਦਾ ਰਿਹਾ। ਪਰ ਤੂੰ ਫਿਰ ਮੈਨੂੰ ਛੱਡ ਕੇ ਚਲੀ ਗਈ?"

"ਇਹ ਤੂੰ ਆਪਣੇ ਦਿਲ ਤੋਂ ਪੁੱਛ ਕੇ ਤੂੰ ਮੇਰੇ ਨਾਲ ਕੀ ਕੀਤਾ?" ਪ੍ਰੀਤੀ ਨੇ ਆਪਣਾ ਹੱਥ ਛੁਡਾਣ ਦਾ ਯਤਨ ਕੀਤਾ।

"ਮੈਂ ਕੀ ਕੀਤਾ? ਮੇਰਾ ਕਸੂਰ ਕੀ ਹੈ?"

"ਤੂੰ ਮੇਰੇ ਨਾਲ ਧੋਖਾ ਕੀਤਾ। ਤੂੰ ਆਪਣੇ ਦੋਸਤ ਨਾਲ ਮਿਲ ਕੇ ਮੇਰੀ ਇੱਜ਼ਤ ਦਾ ਸੌਦਾ ਕੀਤਾ, ਮੈਨੂੰ ਬੇਪਤ ਕੀਤਾ। ਮੇਰੇ ਅੰਦਰ ਦੀ ਔਰਤ ਦਾ ਖ਼ੂਨ ਕੀਤਾ, ਕਤਲ ਕੀਤਾ ਤੇ ਫਿਰ ਪੁੱਛਦਾ ਹੈਂ ਕਿ ਤੇਰਾ ਕਸੂਰ ਕੀ ਹੈ? ਮੈਂ ਸਭ ਕੁਝ ਛੱਡ ਕੇ ਤੇਰਾ ਲੜ ਫੜਿਆ ਸੀ, ਮੇਰੇ ਮਨ ਵਿਚ ਤੇਰੇ ਲਈ ਬਹੁਤ ਇੱਜ਼ਤ ਸੀ, ਮਾਣ ਸੀ ਕਿ ਤੂੰ ਮੇਰੇ ਵਰਗੀ ਬਦਨਾਮ ਤੇ ਸਮਾਜ ਤੋਂ ਠੁਕਰਾਈ ਹੋਈ ਲੜਕੀ ਦਾ ਹੱਥ ਫੜਿਆ ਸੀ। ਤੂੰ ਸਮਾਜ ਦੀਆਂ ਗੱਲਾਂ ਦੀ ਪਰਵਾਹ ਨਹੀਂ ਕੀਤੀ ਤੇ ਮੈਨੂੰ ਸਹਾਰਾ ਦਿੱਤਾ। ਮੈਂ ਕਿਸੇ ਵੀ ਹਾਲ ਵਿਚ ਤੇਰੇ ਨਾਲ ਰਹਿਣਾ ਚਾਹੁੰਦੀ ਸੀ। ਪਰ ਤੂੰ ਆਪਣੇ ਦੋਸਤ ਨਾਲ ਸਾਜਿਸ਼ ਕਰਕੇ ਮੇਰੀ ਇੱਜ਼ਤ ਦੀ ਮਿੱਟੀ ਪਲੀਤ ਕੀਤੀ?"

"ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਪ੍ਰੀਤੀ। ਮੈਂ ਵਾਹਿਗੁਰੂ ਦੀ ਸਹੁੰ ਖਾਂਦਾ ਹਾਂ ਕਿ ਮੈਂ ਇਹੋ ਜਿਹੀ ਕੋਈ ਸਾਜਸ਼ ਕੀਤੀ ਹੋਵੇ। ਕੌਣ ਆਦਮੀ ਆਪਣੀ ਪਤਨੀ ਲਈ ਐਸਾ ਸੋਚ ਸਕਦਾ ਹੈ? ਹਾਂ ਇਹ ਜ਼ਰੂਰ ਹੈ ਕਿ ਕੁਲਦੀਪ ਨੇ ਇਹ ਪ੍ਰੋਗਰਾਮ ਬਣਾਇਆ ਸੀ ਸਾਲਗ੍ਰਿਹ ਮਨਾਣ ਦਾ ਤੇ ਪਹਿਲਗਾਮ ਆਣ ਦਾ। ਪਰ ਉਸਦੀ ਕੋਈ ਚਾਲ ਹੋਵੇਗੀ ਮੈਨੂੰ ਨਹੀਂ ਪਤਾ ਸੀ।" ਬਲਬੀਰ ਵਾਰ-ਵਾਰ ਹੱਥ ਜੋੜੀ ਜਾਂਦਾ ਸੀ।

"ਸਾਲਗ੍ਰਿਹ ਤੇ ਸਾਡੀ ਸ਼ਾਦੀ ਦੀ ਸੀ, ਸਾਨੂੰ ਦੋਨਾਂ ਨੂੰ ਹੀ ਹੋਣਾ ਚਾਹੀਦਾ ਸੀ ਫਿਰ ਉਹ ਕਿਵੇਂ ਆਇਆ? ਤੂੰ ਕਿਵੇਂ ਉਹਨੂੰ ਬਰਦਾਸ਼ਤ ਕੀਤਾ?" ਪ੍ਰੀਤੀ ਗੁੱਸੇ ਨਾਲ ਹੀ ਬੋਲ ਰਹੀ ਸੀ।

"ਮੇਰਾ ਸਭ ਤੋਂ ਹੱਛਾ ਦੋਸਤ ਹੈ, ਮੈਨੂੰ ਉਸ ਉੱਤੇ ਬਹੁਤ ਭਰੋਸਾ ਸੀ।"

"ਇਹ ਭਰੋਸਾ ਉਸ ਨੇ ਨਿਭਾਇਆ? ਸਾਨੂੰ ਦੋਨਾਂ ਨੂੰ ਬੇਹੋਸ਼ੀ ਦੀ ਦਵਾਈ ਪਿਲਾ ਕੇ ਉਸ ਨੇ ਤੇਰੀ ਪਤਨੀ ਦੀ ਪੱਤ ਲੁੱਟੀ? ਇਹ ਦੋਸਤੀ ਉਸਨੇ ਨਿਭਾਈ? ਸ਼ਰਮ ਆਉਂਦੀ ਹੈ ਇਹੋ ਜਿਹੀ ਦੋਸਤੀ 'ਤੇ ਉਸ ਦੀ ਦੋਸਤੀ ਤੋਂ। ਅਗਰ ਉਹ ਸਵੇਰੇ ਉੱਥੇ ਹੀ ਹੁੰਦਾ ਤਾਂ ਮੈਂ ਉਸ ਦਾ ਖ਼ੂਨ ਕਰ ਦੇਣਾ ਸੀ, ਇਹੋ ਜਿਹਾ ਘਟੀਆ ਆਦਮੀ ਦੋਸਤੀ ਦੇ ਕਾਬਲ ਨਹੀਂ।"

"ਇਹ ਸਭ ਕੁਝ ਤੇਰੇ ਨਾਲ ਬੀਤੀ, ਮੈਨੂੰ ਇਸ ਦੀ ਖ਼ਬਰ ਨਹੀਂ। ਮੈਂ ਤੇ ਇਹੋ ਸਮਝਿਆ ਕਿ ਮੌਕਾ ਮਿਲਦਿਆਂ ਹੀ ਤੂੰ ਮੈਨੂੰ ਛੱਡ ਕੇ ਫਿਰ ਆਪਣੇ ਆਸ਼ਿਕ ਕੋਲ ਚਲੀ ਗਈ ਹੈਂ ਜਾਂ ਕੁਲਦੀਪ ਤੈਨੂੰ ਕਿਤੇ ਲੈ ਗਿਆ ਹੈ। ਕਿਉਂਕਿ ਜਦੋਂ ਮੈਂ ਜਾਗਿਆ ਮੇਰਾ ਸਿਰ

ਭਾਰੀ ਸੀ ਤੇ ਦਰਦ ਨਾਲ ਫੱਟ ਰਿਹਾ ਸੀ। ਮੈਂ ਤੈਨੂੰ ਕਮਰੇ ਵਿਚ ਨਾ ਦੇਖ ਕੇ ਪ੍ਰੇਸ਼ਾਨ ਹੋ ਗਿਆ। ਉੱਠ ਕੇ ਕੁਲਦੀਪ ਦੇ ਕਮਰੇ ਵਿਚ ਗਿਆ ਤਾਂ ਉਹ ਵੀ ਉੱਥੇ ਨਹੀਂ ਸੀ। ਹੋਟਲ ਵਾਲਿਆਂ ਨੂੰ ਪੁਛਿਆ ਤਾਂ ਪਤਾ ਲੱਗਾ ਕਿ ਉਹ ਰਾਤ ਨੂੰ ਹੀ ਚਲਿਆ ਗਿਆ ਸੀ ਤੇ ਤੂੰ ਸਵੇਰੇ ਹੋਟਲ ਛੱਡ ਕੇ ਗਈ ਹੈਂ। ਮੇਰੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ ਕਰਾਂ ਤੇ ਕੀ ਕਰਾਂ? ਮੈਂ ਸ੍ਰੀਨਗਰ ਪੁੱਜਾ ਤੇਰੇ ਘਰ ਗਿਆ ਪਤਾ ਲੱਗਾ ਕਿ ਤੂੰ ਉਥੇ ਆਈ ਹੀ ਨਹੀਂ। ਬਾਰਾਮੂਲੇ ਚਲਾ ਗਿਆ ਘਰ ਵਿਚ ਵੀ ਤੂੰ ਨਹੀਂ ਸੀ। ਕੁਲਦੀਪ ਨੂੰ ਪੁਛਿਆ ਉਹਨੇ ਜਵਾਬ ਦਿੱਤਾ, "ਕਿ ਮੈਨੂੰ ਸਵੇਰੇ ਸਵਖਤੇ ਹੀ ਆਣਾ ਪੈ ਗਿਆ ਤੂੰ ਘੂਕ ਸੁੱਤਾ ਸੀ ਇਸ ਕਰਕੇ ਦੱਸ ਕੇ ਨਹੀਂ ਆ ਸਕਿਆ। "ਪ੍ਰੀਤੀ ਮੇਰੇ ਅੱਗੇ ਤੇ ਹਨੇਰਾ ਹੋ ਗਿਆ, ਕੀ ਕਰਾਂ? ਕਿਸਨੂੰ ਦੱਸਾਂ? ਕਿਥੇ ਜਾਵਾਂ।"

"ਕੀ ਤੈਨੂੰ ਇਸ ਘਟਨਾ ਦਾ ਪਤਾ ਨਹੀਂ?" ਪ੍ਰੀਤੀ ਥੋੜ੍ਹੀ ਸ਼ਾਂਤ ਹੋ ਗਈ ਸੀ।

"ਮੈਨੂੰ ਬਿਲਕੁਲ ਪਤਾ ਨਹੀਂ। ਮੈਨੂੰ ਦੱਸਣਾ ਵੀ ਕਿਸ ਨੇ ਸੀ? ਮੈਨੂੰ ਤੇ ਇਹ ਵੀ ਨਹੀਂ ਪਤਾ ਕੇ ਹੋਇਆ ਕੀ ਹੈ? ਮੈਂ ਸਿਰਫ ਐਨਾ ਜਾਣਦਾ ਹਾਂ ਕਿ ਕੁਲਦੀਪ ਹੋਟਲ ਤੋਂ ਜਲਦੀ ਨਿਕਲ ਗਿਆ ਸੀ ਤੇ ਤੂੰ ਉਸ ਤੋਂ ਬਾਅਦ। ਤੂੰ ਮੈਨੂੰ ਇਕੱਲੇ ਨੂੰ ਛੱਡ ਕੇ ਹੋਟਲ ਤੋਂ ਆ ਗਈ ਸੀ।"

"ਜਦੋਂ ਦੀ ਤੂੰ ਗਈ ਹੈਂ ਮੈਨੂੰ ਕੁਝ ਸੁਝਦਾ ਨਹੀਂ ਸੀ। ਨਾ ਮੈਂ ਖਾ ਸਕਦਾ ਸਾਂ ਨਾ ਰੋ ਸਕਦਾ ਹਾਂ ਨਾ ਸੌਂ ਸਕਦਾ ਹਾਂ, ਨਾ ਜਾਗ ਸਕਦਾ ਹਾਂ ਤੇ ਨਾ ਮਰ ਸਕਦਾ ਹਾਂ। ਤੇਰੇ ਤੋਂ ਜੁਦਾ ਹੋ ਕੇ ਇਹ ਜ਼ਿੰਦਗੀ ਵੀ ਮੌਤ ਲਗਦੀ ਹੈ ਪ੍ਰੀਤੀ।" ਭਾਵੁਕਤਾ ਵਿਚ ਹੀ ਬਲਬੀਰ ਬੋਲੀ ਜਾ ਰਿਹਾ ਸੀ। "ਮੈਂ ਕੁਲਦੀਪ ਕੋਲੋਂ ਪੁੱਛਿਆ ਸੀ ਪਰ ਉਸ ਨੇ ਤਾਂ ਕਿਹਾ ਸੀ ਕਿ ਉਸ ਨੂੰ ਕੋਈ ਕੰਮ ਯਾਦ ਆ ਗਿਆ ਤੇ ਹੋਟਲ ਤੋਂ ਨਿਕਲ ਆਇਆ ਸੀ।"

"ਹਾਂ ਮੇਰੀ ਜ਼ਿੰਦਗੀ ਬਰਬਾਦ ਕਰ ਕੇ। ਮੈਨੂੰ ਤੇਰੇ ਤੇ ਵੀ ਭਰੋਸਾ ਉੱਠ ਗਿਆ ਸੀ। ਮੇਰੇ ਮਨ ਦੀ ਕੀ ਅਵਸਥਾ ਹੋਏਗੀ ਤੂੰ ਸਮਝ ਨਹੀਂ ਸਕਦਾ ਬਬਲੂ? ਮੈਂ ਇਹ ਹੀ ਸੋਚਿਆ ਕਿ ਅਗਰ ਮੈਂ ਆਪਣੀ ਪਤੀ ਕੋਲ ਰਹਿ ਕੇ ਇਹੋ ਕੁਝ ਕਰਨਾ ਹੈ ਇਹੋ ਜਿਹੀ ਸਾਜਿਸ਼ ਦਾ ਸ਼ਿਕਾਰ ਹੋਣਾ ਹੈ ਤਾਂ ਇਹ ਠੀਕ ਨਹੀਂ ਹੈ ਕੇ ਮੈਂ ਫਿਰ ਫਿਆਜ਼ ਕੋਲ ਚਲੀ ਜਾਵਾਂ, ਘਟ ਤੋਂ ਘੱਟ ਉਹ ਮੇਰੀ ਇੱਜਤ ਤੇ ਬਚਾ ਕੇ ਰਖੇਗਾ। ਧਰਮ ਕਰਮ ਤੋਂ ਔਰਤ ਆਪਣੀ ਇੱਜ਼ਤ ਨੂੰ ਉੱਚਾ ਸਮਝਦੀ ਹੈ। ਉਸ ਦੇ ਨਾਲ ਰਹਿ ਕੇ ਇੱਜ਼ਤ ਤੇ ਬਚੀ ਰਹੇਗੀ। ਇਥੇ ਕੀ ਭਰੋਸਾ ਹੈ ਤੇਰਾ ਅੱਜ ਤੂੰ ਕੁਲਦੀਪ ਦੀ ਹਵਸ ਤਾ ਸ਼ਿਕਾਰ ਬਣਾਇਆ ਕਲ੍ਹ ਕਿਸੇ ਹੋਰ ਨਾਲ ਮੇਰਾ ਮੂੰਹ ਕਾਲਾ ਕਰੇਂਗਾ ਤੇ ਫਿਰ ਕਿਸੇ ਹੋਰ ਨਾਲ? ਇਸ ਸੋਚ ਨਾਲ ਮੇਰੇ ਮਨ ਵਿਚ ਤੇਰੇ ਤੋਂ ਨਫ਼ਰਤ ਪੈਦਾ ਹੋ ਗਈ ਤੇ ਮੈਂ ਤੈਨੂੰ ਛੱਡ ਕੇ ਫਿਰ ਉਸੇ ਰਸਤੇ 'ਤੇ ਤੁਰ ਪਈ ਹਮੇਸ਼ਾ ਦੇ ਲਈ।" ਪ੍ਰੀਤੀ ਨੇ ਬੇਬਾਕ ਹੋ ਕੇ ਸਾਰੀ ਗੱਲ ਕੀਤੀ।

"ਜੋ ਤੂੰ ਕੀਤਾ ਉਹ ਸਿਰਫ਼ ਗਲਤ-ਫਹਿਮੀ ਦੇ ਕਾਰਨ ਹੋਇਆ ਤੂੰ ਕਿਵੇਂ ਸੋਚ

ਲਿਆ ਕੇ ਮੈਂ ਇਹੋ ਜਿਹਾ ਨੀਚ ਕੰਮ ਕਰ ਸਕਦਾ ਹਾਂ? ਮੈਂ ਤੇ ਪ੍ਰੀਤੀ ਆਪਣੀ ਜਾਨ ਤੇ ਖੇਡ ਕੇ ਵੀ ਤੇਰੀ ਹਿਫ਼ਾਜ਼ਤ ਕਰ ਸਕਦਾ ਹਾਂ। ਮੈਂ ਤੇਰੇ ਲਈ ਸਾਰੇ ਸਮਾਜ ਨਾਲ ਲੜ ਸਕਦਾ ਹਾਂ। ਸਾਰੀ ਦੁਨੀਆ ਦਾ ਮੁਕਾਬਲਾ ਕਰ ਸਕਦਾ ਹਾਂ। ਪਤਾ ਨਹੀਂ ਤੂੰ ਕਿਵੇਂ ਸੋਚ ਲਿਆ ਕੇ ਮੈਂ ਤੇਰੇ ਨਾਲ ਇਹੋ ਜਿਹਾ ਵਤੀਰਾ ਕਰ ਸਕਦਾ ਹਾਂ? ਚਲੋ ਜੋ ਹੋਇਆ ਉਸ ਨੂੰ ਭੁੱਲ ਜਾਹ, ਨਵੇਂ ਤੋਂ ਜ਼ਿੰਦਗੀ ਸ਼ੁਰੂ ਕਰਦੇ ਹਾਂ। ਬਿਲਕੁਲ ਨਵੇਂ ਤੋਂ।"

"ਨਵੇਂ ਤੋਂ ਜ਼ਿੰਦਗੀ ਸ਼ੁਰੂ ਕਰਨ ਲਈ ਮੇਰੀ ਸ਼ਰਤ ਹੈ ਕਿ ਤੂੰ ਮੈਨੂੰ ਫਿਆਜ਼ ਤੋਂ ਮਿਲਣ ਲਈ ਨਹੀਂ ਰੋਕੇਂਗਾ। ਜਦੋਂ ਮੈਂ ਚਾਹਾਂ ਉਸਨੂੰ ਮਿਲ ਸਕਦੀ ਹਾਂ, ਜਦੋਂ ਉਹ ਮੈਨੂੰ ਮਿਲਣਾ ਚਾਹੇ ਮਿਲ ਸਕਦਾ ਹੈ। ਤੈਨੂੰ ਕੋਈ ਇਤਰਾਜ ਨਹੀਂ ਹੋਏਗਾ। ਤੂੰ ਕਦੀ ਕੋਈ ਪਾਬੰਦੀ ਨਹੀਂ ਲਗਾਏਂਗਾ।" ਪ੍ਰੀਤੀ ਨੇ ਕਿਹਾ।

"ਪਰ ਇਹ ਕਿਵੇਂ ਹੋ ਸਕਦਾ ਹੈ?" ਬਲਬੀਰ ਨੇ ਪੁੱਛਿਆ।

"ਕਿਉਂ ਨਹੀਂ ਹੋ ਸਕਦਾ? ਉਹ ਮੇਰਾ ਪਿਆਰ ਹੈ। ਮੈਂ ਉਸ ਨਾਲ ਹੀ ਜੀਵਨ ਬਸਰ ਕਰਨਾ ਚਾਹੁੰਦੀ ਹਾਂ। ਤੇਰੇ ਕੋਲ ਆਣਾ ਤੇ ਤੇਰੇ ਨਾਲ ਰਹਿਣਾ ਸਿਰਫ ਸਮਝੌਤਾ ਹੈ। ਬਾਕੀ ਤੇਰੀ ਮਰਜ਼ੀ ਹੈ। ਅਗਰ ਤੂੰ ਚਾਹੁੰਦਾ ਹੈ ਕਿ ਮੈਂ ਤੇਰੀ ਪਤਨੀ ਬਣ ਕੇ ਤੇਰੇ ਨਾਲ ਰਹਾਂ, ਤੈਨੂੰ ਇਹ ਸ਼ਰਤ ਮੰਨਣੀ ਪਏਗੀ।"

"ਅਸੀਂ ਤਾਂ ਕਸ਼ਮੀਰ ਤੋਂ ਬਾਹਰ ਜਾ ਰਹੇ ਹਾਂ।"

"ਫਿਰ ਕੀ ਹੋਇਆ? ਕੀ ਉਹ ਉੱਥੇ ਨਹੀਂ ਆ ਸਕਦਾ?

"ਪਰ ਇਹ ਮੇਰੀ ਅਣਖ ਨਾਲ ਸੌਦਾ ਹੈ, ਮੇਰੀ ਬੇਇਜਤੀ ਹੈ।"

"ਤੈਨੂੰ ਇਹ ਸਹਿਣਾ ਪਏਗਾ। ਅਗਰ ਤੈਨੂੰ ਇਹ ਸ਼ਰਤ ਮਨਜ਼ੂਰ ਹੈ ਤਾਂ ਮੈਂ ਤੇਰੇ ਨਾਲ ਦੁਬਾਰਾ ਤੋਂ ਜ਼ਿੰਦਗੀ ਗੁਜ਼ਾਰਨ ਲਈ ਤਿਆਰ ਹਾਂ।" ਪ੍ਰੀਤੀ ਦਾ ਇਹ ਅੰਤਿਮ ਫੈਸਲਾ ਸੀ।

"ਤੂੰ ਸੋਚ ਵਿਚਾਰ ਕੇ ਦੱਸ ਸਕਦਾ ਹੈਂ।" ਪ੍ਰੀਤੀ ਬੋਲੀ।

"ਪ੍ਰੀਤੀ ਇਹ ਤੇ ਆਪਣੀ ਹੱਥੀਂ ਜ਼ਹਿਰ ਦਾ ਪਿਆਲਾ ਪੀਣ ਵਾਲੀ ਗੱਲ ਹੈ। ਹਰ ਰੋਜ਼ ਮਰਨ ਵਾਲੀ ਗੱਲ ਹੈ। ਕਿਵੇਂ ਮੈਂ ਬਰਦਾਸ਼ਤ ਕਰਾਂਗਾ ਕਿ ਕੋਈ ਪਰਾਇਆ ਮਰਦ ਮੇਰੀ ਪਤਨੀ ਨੂੰ ਮਿਲੇ।" ਬਲਬੀਰ ਦਾ ਸਵਾਲ ਸਹੀ ਸੀ।

"ਇਹ ਫੈਸਲਾ ਤੈਨੂੰ ਕਰਨਾ ਪਏਗਾ ਬਬਲੂ, ਅਗਰ ਤੂੰ ਮੈਨੂੰ ਆਪਣੇ ਨਾਲ ਰੱਖਣਾ ਚਾਹੁੰਦਾ ਹੈਂ। ਇਸ ਸ਼ਰਤ ਤੇ ਮੈਂ ਤੇਰੇ ਨਾਲ ਰਹਿਣ ਨੂੰ ਤਿਆਰ ਹਾਂ। ਤੂੰ ਜਿੱਥੇ ਰਖੇਂਗਾ ਰਹਿ ਲਵਾਂਗੀ।" ਪ੍ਰੀਤੀ ਦਾ ਉੱਤਰ ਸੀ। ਇਸ ਨਾਲ ਹੀ ਮੁਲਾਕਾਤ ਖ਼ਤਮ ਹੋ ਗਈ ਦੋਨੋਂ ਕਮਰੇ 'ਚੋਂ ਬਾਹਰ ਆ ਗਏ। ਬਲਬੀਰ ਡੂੰਘੀ ਸੋਚ ਵਿਚ ਸੀ ਤੇ ਬਾਹਰ ਆ ਕੇ ਕੁਰਸੀ 'ਤੇ ਬੈਠ ਗਿਆ।

ਗੁਰਦੁਆਰੇ ਦੇ ਪ੍ਰਧਾਨ ਨੇ ਪੁੱਛਿਆ, "ਕੀ ਫੈਸਲਾ ਕੀਤਾ ਹੈ ਬਲਬੀਰ ਸਿੰਘ?"

"ਜੀ ਮੈਨੂੰ ਥੋੜ੍ਹਾ ਵਕਤ ਚਾਹੀਦਾ ਹੈ ਸੋਚਣ ਲਈ।"

"ਠੀਕ ਹੈ, ਸੋਚ ਕੇ ਜਲਦੀ ਦੱਸ ਦਈਂ। ਤੇਰੇ ਅੱਗੇ ਜਾਣ ਦਾ ਤੇ ਰਹਿਣ ਦਾ ਵੀ ਇੰਤਜ਼ਾਮ ਕਰਨਾ ਹੈ।"

"ਠੀਕ ਹੈ ਜੀ"। ਨੀਵੀਂ ਪਾ ਕੇ ਬਲਬੀਰ ਨੇ ਜਵਾਬ ਦਿੱਤਾ ਤੇ ਗੁਰਦੁਆਰੇ ਤੋਂ ਬਾਹਰ ਚਲਾ ਗਿਆ।

ਬਬਲੂ ਉਰਫ ਬਲਬੀਰ ਵਾਸਤੇ ਜੀਵਨ ਦਾ ਇਹ ਬੜਾ ਗੰਭੀਰ ਫੈਸਲਾ ਸੀ। ਕਿਵੇਂ ਆਪਣੀ ਪਤਨੀ ਨਾਲ ਦੂਜੇ ਬੰਦੇ ਦਾ ਮੇਲ-ਜੋਲ ਬਰਦਾਸ਼ਤ ਕਰ ਸਕਦਾ ਸੀ। ਇਸ ਸੋਚ ਨੇ ਬਹੁਤ ਪ੍ਰੇਸ਼ਾਨ ਕਰ ਦਿੱਤਾ। ਹੋਰ ਕੋਈ ਉਪਾਏ ਵੀ ਨਹੀਂ ਸੀ। ਅਗਰ ਉਹ ਨਹੀਂ ਮੰਨਦਾ ਤਾਂ ਪ੍ਰੀਤੀ ਉਹਦੇ ਨਾਲ ਨਹੀਂ ਰਹੇਗੀ ਤੇ ਪ੍ਰੀਤੀ ਨੂੰ ਉਹ ਕਿਸੇ ਹਾਲ ਵਿਚ ਛੱਡਣਾ ਨਹੀਂ ਸੀ ਚਾਹੁੰਦਾ। ਅੰਤ ਵਿਚ ਉਸਨੂੰ ਆਪਣੀ ਅਨੁਮਤੀ ਦੇਣੀ ਪਈ ਕਿ ਜੋ ਉਸ ਦੀ ਪਤਨੀ ਚਾਹੁੰਦੀ ਹੈ ਉਸ ਨੂੰ ਮੰਜ਼ੂਰ ਹੈ। ਕਿਸੇ ਨੂੰ ਕੁਝ ਪਤਾ ਨਹੀਂ ਸੀ ਕਿ ਪ੍ਰੀਤੀ ਨੇ ਕੀ ਸ਼ਰਤ ਰੱਖੀ ਸੀ। ਇਹ ਦੋਨਾਂ ਦੀ ਆਪਸ ਦੀ ਗੱਲ ਸੀ ਤੇ ਆਪਸ ਤਕ ਹੀ ਸੀਮਤ ਸੀ।

## 9

**ਦੋ**ਨਾਂ ਦੀ ਸਹਿਮਤੀ ਬਾਅਦ ਉਹਨਾਂ ਨੂੰ ਕਿਤੇ ਵਸਾਣ ਦਾ ਉਪਰਾਲਾ ਕੀਤਾ ਗਿਆ। ਜਦ ਤਕ ਕੋਈ ਪ੍ਰਬੰਧ ਨਹੀਂ ਹੁੰਦਾ ਬਲਬੀਰ ਨੂੰ ਕਿਹਾ ਕਿ ਆਪਣੇ ਘਰ ਚਲਾ ਜਾਏ, ਦੁਕਾਨ ਬੰਦ ਕਰ ਦਵੇ ਤੇ ਹਿਸਾਬ ਕਿਤਾਬ ਬਰਾਬਰ ਕਰਕੇ ਅੱਗੋਂ ਕਿਵੇਂ ਕਰਨਾ ਹੈ ਉਸ ਬਾਰੇ ਸੋਚ ਵਿਚਾਰ ਕਰੇ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਨੇ ਬਲਬੀਰ ਨੂੰ ਕੋਲ ਬੁਲਾ ਕੇ ਕਿਹਾ, "ਬੇਟਾ ਬਾਰਾਮੂਲੇ ਵਾਲੀ ਦੁਕਾਨ ਬੰਦ ਕਰਕੇ ਜੋ ਹਿਸਾਬ ਕਿਤਾਬ, ਲੈਣ ਦੇਣ ਹੈ ਸਭ ਸਮੇਟ ਲੈ ਕੁਝ ਮਦਦ ਦੀ ਲੋੜ ਹੋਏਗੀ ਤਾਂ ਕਰ ਦਿਆਂਗੇ। ਤੈਨੂੰ ਨਾਂਦੇੜ ਸਾਹਿਬ ਭੇਜ ਦਿਆਂਗੇ, ਉਥੇ ਪਤਨੀ ਨਾਲ ਰਹਿ ਕੇ ਸੇਵਾ ਕਰ ਮਹਾਰਾਜ ਦੀ ਤੇ ਅੱਗੋਂ ਵਾਹਿਗੁਰੂ ਜੀ ਸਭ ਠੀਕ ਕਰਨਗੇ। ਜਦ ਤਕ ਤੇਰੇ ਜਾਣ ਦਾ ਪ੍ਰਬੰਧ ਨਹੀਂ ਹੁੰਦਾ ਤੂੰ ਆਪਣੇ ਘਰ ਚਲਾ ਜਾ ਘਰਵਾਲੀ ਨੂੰ ਲੈ ਕੇ। ਉਹੀ ਠੀਕ ਰਹੇਗਾ। ਲੋਕਾਂ ਦੀਆਂ ਨਜ਼ਰਾਂ ਤੋਂ ਤੇ ਗੱਲਾਂ ਤੋਂ ਵੀ ਬਚਿਆ ਰਹੇਂਗਾ।"

"ਪਰ ਪ੍ਰਧਾਨ ਸਾਹਿਬ ਮੈਨੂੰ ਤੇ ਮੇਰੇ ਪਿਤਾ ਨੇ ਘਰ ਨਹੀਂ ਵੜਨ ਦੇਣਾ। ਉਹ ਪਹਿਲੇ ਵੀ ਇਸ ਵਿਆਹ ਦੇ ਹੱਕ ਵਿਚ ਨਹੀਂ ਸਨ। ਉਹਨਾਂ ਨੇ ਬੜਾ ਵਿਰੋਧ ਕੀਤਾ ਸੀ। ਮਸਾਂ ਹੀ ਮੇਰੀ ਭੂਆ ਨੇ ਵਾਸਤਾ ਦੇ ਕੇ ਉਹਨਾਂ ਨੂੰ ਮਨਾਇਆ ਸੀ। ਉਹ ਮੇਰੀ ਸੂਰਤ ਵੀ ਨਹੀਂ ਦੇਖਣਗੇ। ਮੇਰੀ ਘਰਵਾਲੀ ਨੂੰ ਘਰ ਨਹੀਂ ਵੜਣ ਦੇਣਗੇ। ਬਲਬੀਰ ਨੇ ਬੇਨਤੀ ਕੀਤੀ।

"ਕੋਈ ਗੱਲ ਨਹੀਂ ਮੈਂ ਤੇਰੇ ਨਾਲ ਜਾਵਾਂਗਾ ਤੇਰੇ ਪਿਤਾ ਨੂੰ ਸਮਝਾਵਾਂਗਾ। ਕੁਝ ਦਿਨਾਂ ਦੀ ਹੀ ਗੱਲ ਹੈ ਤੇਰੇ ਜਾਣ ਦਾ ਪ੍ਰਬੰਧ ਹੋ ਜਾਏਗਾ। ਤੂੰ ਪਹਿਲੇ ਜਾ ਕੇ ਆਪਣੀ ਦੁਕਾਨ ਦਾ ਹਿਸਾਬ ਕਰ ਕੇ ਆ ਤਦ ਤਕ ਤੇਰੀ ਘਰਵਾਲੀ ਆਪਣੇ ਘਰ ਰਹੇਗੀ। ਅਸੀਂ ਉਸ ਦੀ ਮਾਂ ਦੇ ਭਰਾਵਾਂ ਨਾਲ ਗੱਲ ਕਰ ਲਈ ਹੈ ਤੇ ਉਹ ਮੰਨ ਵੀ ਗਏ ਹਨ।" ਬਲਬੀਰ ਨੂੰ ਤਸੱਲੀ ਹੋਈ ਤੇ ਉਹ ਪ੍ਰਧਾਨ ਜੀ ਤੇ ਭਰੋਸਾ ਕਰਕੇ ਉਥੋਂ ਚਲਾ ਗਿਆ।

ਬਾਰਾਮੂਲੇ ਜਾ ਕੇ ਉਸ ਨੇ ਦੁਕਾਨ ਖੋਲ੍ਹੀ। ਲੈਣ ਦੇਣ ਦਾ ਹਿਸਾਬ ਕਰਨ ਵਿਚ ਪੰਦਰਾਂ ਵੀਹ ਦਿਨ ਲਗ ਗਏ, ਕੁਝ ਪੰਜ, ਸੱਤ ਹਜ਼ਾਰ ਦਾ ਘਾਟਾ ਸੀ, ਉਹ ਮਦਦ ਕਮੇਟੀ ਨੇ ਕਰ ਦਿੱਤੀ ਤੇ ਕਾਰੋਬਾਰ ਤੋਂ ਸੁਰਖਰੂ ਹੋ ਗਿਆ। ਹੁਣ ਆਪਣੇ ਘਰ ਜਾਣਾ ਦਾ ਮਸਲਾ ਸੀ, ਜਿਹੜਾ ਬਹੁਤ ਕਠਿਨ ਤੇ ਪੇਚੀਦਾ ਸੀ। ਕੀ ਮੂੰਹ ਲੈ ਕੇ ਘਰ ਜਾਏ? ਕਿਵੇਂ ਪਿਤਾ ਦਾ ਸਾਹਮਣਾ ਕਰੇ? ਕਿਵੇਂ ਆਪਣੀ ਪਤਨੀ ਨੂੰ ਉੱਥੇ ਰੱਖੇ? ਇਸ ਵਿਚਾਰ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੋਇਆ ਸੀ।

ਖੈਰ! ਪ੍ਰਧਾਨ ਜੀ ਕੁਝ ਦਿਨਾਂ ਮਗਰੋਂ ਬਲਬੀਰ ਤੇ ਪ੍ਰੀਤੀ ਨੂੰ ਆਪਣੀ ਐਮਬੈਸਡਰ ਕਾਰ ਵਿਚ ਲੈ ਕੇ ਗਏ ਜੋ ਥੋੜ੍ਹੇ ਬਹੁਤੇ ਕੱਪੜੇ ਬਾਰਾਮੂਲੇ ਪਏ ਸਨ ਉਹ ਵੀ ਨਾਲ ਲੈ ਗਏ ਬਾਰਾਂਮੂਲੇ ਤੋਂ ਕੋਈ ਪੰਦਰਾਂ, ਵੀਹ ਕਿਲੋਮੀਟਰ ਦੂਰ ਪਿੰਡ ਸੀ, ਉੱਥੇ ਪਹੁੰਚ ਗਏ। ਬਲਬੀਰ ਨੂੰ ਪਤਨੀ ਨਾਲ ਵੇਖਦਿਆਂ ਹੀ ਉਸਦਾ ਪਿਤਾ ਭੜਕ ਗਿਆ, ਗੁੱਸੇ ਨਾਲ ਲਾਲ ਪੀਲਾ ਹੋ ਗਿਆ ਤੇ ਮਕਾਨ ਦਾ ਦਰਵਾਜਾ ਬੰਦ ਕਰ ਦਿੱਤਾ। ਪ੍ਰਧਾਨ ਜੀ ਨੇ ਬੂਹਾ ਖੜਕਾਇਆ, ਆਪਣਾ ਪਰਿਚੈ ਦਿੱਤਾ ਤੇ ਸ਼ੋਰ ਸ਼ਰਾਬਾ ਕਰਨ ਤੋਂ ਰੋਕਿਆ, ਪ੍ਰਧਾਨ ਜੀ ਚੰਗੇ ਤਕੜੇ ਸੇਵਾਦਾਰ ਨੂੰ ਵੀ ਨਾਲ ਲੈ ਕੇ ਗਏ ਸਨ। ਸਾਰੇ ਬਾਹਰ ਹੀ ਇਕ ਮੇਜ-ਪੋਸ਼ ਤੇ ਬੈਠ ਗਏ, ਕੁਝ ਸਮੇਂ ਪਿੱਛੋਂ ਉਸ ਦੇ ਪਿਤਾ ਨੇ ਬੂਹਾ ਖੋਲ੍ਹਿਆ ਤੇ ਬਾਹਰ ਆਇਆ, "ਤੁਸੀਂ ਪ੍ਰਧਾਨ ਹੋ, ਤੁਹਾਨੂੰ ਪਤਾ ਨਹੀਂ ਇਸ ਨੇ ਕੀ ਕੀਤਾ ਹੈ?"

"ਛੋਟੀ ਮੋਟੀ ਗਲਤੀ ਹੋ ਜਾਂਦੀ ਹੈ ਬੱਚਿਆਂ ਕੋਲੋਂ। ਐਨਾ ਗੁੱਸਾ ਨਹੀਂ ਕਰਨਾ ਚਾਹੀਦਾ" ਪ੍ਰਧਾਨ ਜੀ ਬੋਲੇ।

"ਛੋਟੀ ਮੋਟੀ ਗਲਤੀ? ਇਹ ਛੋਟੀ ਮੋਟੀ ਗਲਤੀ ਹੈ? ਇਸ ਨੇ ਮੇਰੇ ਪਿਓ ਦਾਦੇ ਦੀ ਇੱਜਤ ਮਿੱਟੀ ਵਿਚ ਮਿਲਾ ਦਿੱਤੀ। ਮੈਂ ਵੱਸਦਾ ਰਸਦਾ ਰਸੂਖ ਵਾਲਾ ਬੰਦਾ ਹਾਂ। ਸਾਰੇ ਇਲਾਕੇ ਵਿਚ ਮੰਨਿਆ ਹੋਇਆ ਜ਼ਿਮੀਂਦਾਰ ਹਾਂ ਪਰ ਇਸ ਨੇ ਇਕ ਵਾਰੀ ਵੀ ਨਹੀਂ ਸੋਚਿਆ ਕਿ ਕੀ ਕਾਰਨਾਮਾ ਕਰਨ ਲੱਗਾ ਹਾਂ? ਇਹ ਕੁੜੀ ਪਹਿਲੇ ਮੁਸਲਮਾਨ ਕੋਲੋਂ ਲਿਆਂਦੀ, ਲੱਖ ਮਨ੍ਹਾਂ ਕਰਨ ਤੇ ਵੀ ਨਹੀਂ ਮੰਨਿਆ, ਮੈਂ ਭਾਵੇਂ ਇਹਦੇ ਡੇਰੇ ਤੇ ਕਦੀ ਨਹੀਂ ਗਿਆ ਪਰ ਇਹਨੂੰ ਹਰ ਮਹੀਨੇ ਖਰਚਾ ਭੇਜਦਾ ਰਿਹਾ, ਘਰ ਦਾ ਅਨਾਜ ਭੇਜਦਾ ਰਿਹਾ। ਇਹ ਸੋਚ ਕੇ ਇਸ ਨੇ ਆਪਣੀ ਮਰਜ਼ੀ ਤਾਂ ਕਰ ਲਈ ਹੈ ਪਰ ਕੁੜੀ ਖਰਚੇ ਤੋਂ ਤੰਗ ਨਾ ਹੋਵੇ। ਪਰ ਇਸ ਨੇ ਫਿਰ ਚੰਨ ਚਾੜ੍ਹ ਦਿੱਤਾ, ਫਿਰ ਉਸੇ ਮੁੰਡੇ ਨਾਲ ਭੱਜ ਗਈ। ਕਿਤਨਾ

ਜਲੀਲ ਤੇ ਸ਼ਰਮਸਾਰ ਕੀਤਾ ਹੈ ਇਹਨਾਂ ਨੇ ਤੇ ਹੁਣ ਫਿਰ ਤੁਸੀਂ ਇਸ ਨੂੰ ਚੁੱਕ ਲਿਆਏ ਹੋ। ਮੈਂ ਇਸ ਨੂੰ ਘਰ ਨਹੀਂ ਰੱਖਣਾ, ਇਹ ਇਥੇ ਨਹੀਂ ਰਹਿ ਸਕਦੇ। ਲੈ ਜਾਉ ਇਹਨਾਂ ਨੂੰ ਨਾਲ ਤੇ ਕਿਤੇ ਦਰਿਆ ਵਿਚ ਧੱਕਾ ਮਾਰ ਦਿਉ ਜਾਂ ਆਪੇ ਸਾਂਭ ਲਵੋ।" ਬਲਬੀਰ ਦੇ ਪਿਤਾ ਨੇ ਹੱਥ ਜੋੜ ਕੇ ਕਿਹਾ।

"ਸਰਦਾਰ ਸਾਹਿਬ! ਮੈਂ ਤੁਹਾਡੀ ਆਤਮਾ ਦੇ ਦੁੱਖ ਨੂੰ ਸਮਝਦਾ ਹਾਂ। ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ। ਇਹ ਸਭ ਤਕਦੀਰ ਵਿਚ ਲਿਖਿਆ ਸੀ। ਵਾਹਿਗੁਰੂ ਦੀ ਮਰਜੀ ਸੀ, ਸੋ ਹੋ ਗਈ। ਹੁਣ ਅੱਗੇ ਦਾ ਸਮਾਂ ਸੰਭਾਲਣਾ ਹੈ। ਤੁਹਾਡਾ ਆਪਣਾ ਬੇਟਾ ਹੈ ਇਸਨੂੰ ਮੁਆਫ਼ ਕਰ ਦਿਉ।"

"ਕਿਵੇਂ ਮਾਫ਼ ਕਰ ਦੇਵਾਂ ਪ੍ਰਧਾਨ ਸਾਹਿਬ? ਮੈਂ ਇਸ ਵਾਸਤੇ ਕੀ ਨਹੀਂ ਕੀਤਾ? ਬਹੁਤ ਛੋਟਾ ਸੀ ਸਿਰਫ ਚਾਰ ਸਾਲ ਦਾ ਇਸ ਦੀ ਮਾਂ ਮਰ ਗਈ ਸੀ। ਮੈਂ ਵੀ ਜਵਾਨ ਸਾਂ ਦੂਜੀ ਔਰਤ ਘਰ ਲਿਆਂਦੀ। ਮਤ੍ਰੇਈ ਸੀ ਉਸਨੇ ਮਤ੍ਰਇਆਪਨ ਰੱਜ ਕੇ ਨਿਭਾਇਆ,ਇਸਦੀ ਪ੍ਰਵਾਹ ਨਹੀਂ ਕੀਤੀ, ਇਸ ਨਾਲ ਵਿਤਕਰਾ ਕਰਦੀ ਰਹੀ, ਤਾਅਨੇ ਮਾਰਦੀ ਰਹੀ, ਇਸ ਨੂੰ ਮੈਂ ਕਿਵੇਂ ਪਾਲਿਆ, ਵਾਹਿਗੁਰੂ ਜਾਣਦਾ ਹੈ। ਮੈਂ ਇਹ ਸੋਚ ਕੇ ਵਿਆਹ ਕੀਤਾ ਸੀ ਕਿ ਮੇਰਾ ਪੁੱਤਰ ਨਾ ਰੁਲ ਜਾਏ। ਇਸਦੀ ਠੀਕ ਤਰ੍ਹਾਂ ਪਰਵਰਸ਼ ਹੋਵੇ। ਆਪੇ ਪਾਲਿਆ, ਆਪੇ ਇਸ ਲਈ ਰੋਟੀ ਬਣਾਈ ਨੁਹਾਇਆ, ਧੁਆਇਆ, ਇਸਦੇ ਕੱਪੜੇ ਧੋਤੇ, ਆਪਣੇ ਸੀਨੇ ਨਾਲ ਲਾ ਕੇ ਇਸ ਦੀ ਪਰਵਰਸ਼ ਕੀਤੀ। ਕਿਸੇ ਚੀਜ਼ ਦੀ ਕਮੀ ਨਹੀਂ ਹੋਣ ਦਿੱਤੀ। ਕੀ ਇਹ ਦਿਨ ਵੇਖਣ ਵਾਸਤੇ? ਮੇਰੇ ਪਿਆਰ ਦਾ ਇਸ ਨੇ ਇਹ ਸਿਲਾ ਦਿੱਤਾ? ਬਲਬੀਰ ਦੇ ਪਿਤਾ ਦੀਆਂ ਅੱਖਾਂ ਨਮ ਹੋ ਗਈਆਂ, ਗੁੱਸਾ ਸ਼ਾਂਤ ਹੋ ਗਿਆ ਤੇ ਉਹਨਾਂ ਨੂੰ ਘਰ ਦੇ ਅੰਦਰ ਆਣ ਵਾਸਤੇ ਕਿਹਾ।

ਅੰਦਰ ਬੈਠ ਕੇ ਪ੍ਰਧਾਨ ਜੀ ਨੇ ਕਿਹਾ, "ਮੈਂ ਸਭ ਸਮਝਦਾ ਹਾਂ ਤੁਸੀਂ ਮਾਂ ਦੀ ਮਮਤਾ ਤੇ ਪਿਤਾ ਦਾ ਪਿਆਰ ਆਪਣੇ ਬੇਟੇ ਨੂੰ ਦਿੱਤਾ, ਇਹਦੇ ਪਾਲਣ-ਪੋਸ਼ਣ ਵਿਚ ਕੋਈ ਕਮੀ ਨਹੀਂ ਰੱਖੀ। ਪਰ ਇਹ ਸਭ ਨਸੀਬ ਦਾ ਖੇਡ ਹੈ। ਤੁਸੀਂ ਫਿਕਰ ਨਾ ਕਰੋ। ਇਸ ਦੇ ਨਾਂਦੇੜ ਸਾਹਿਬ ਦੇ ਜਾਣ ਦਾ ਪ੍ਰਬੰਧ ਹੋ ਗਿਆ ਹੈ। ਸਿਰਫ਼ ਉਥੋਂ ਸੱਦਾ ਆਣ ਦੀ ਉਡੀਕ ਹੈ। ਇਹਨਾਂ ਨੂੰ ਉੱਥੇ ਭੇਜ ਦਿਆਂਗੇ। ਉੱਥੇ ਹੀ ਕੁਝ ਸਾਲ ਰਹਿਣ ਜਦ ਤਕ ਮਾਹੌਲ ਠੀਕ ਨਹੀਂ ਹੋ ਜਾਂਦਾ। ਇਸ ਵਾਰਦਾਤ ਨੂੰ ਬੱਚੀ ਵੀ ਭੁੱਲ ਜਾਏਗੀ ਤੇ ਨਵੇਂ ਤੋਂ ਜੀਵਨ ਸ਼ੁਰੂ ਕਰ ਲੈਣਗੇ ਤੇ ਫਿਰ ਵਾਪਸ ਇਥੇ ਤੁਹਾਡੇ ਕੋਲ ਹੀ ਆ ਜਾਣਗੇ।"

"ਠੀਕ ਹੈ ਪਰ ਤਦ ਤਕ ਮੈਂ ਕਿਹੜਾ ਇਥੇ ਟਿਕੇ ਰਹਿਣਾ ਹੈ? ਬਾਪ ਨੂੰ ਪੁੱਤਰ ਦੇ ਬੱਚਿਆਂ ਦੀ ਆਸ ਹੁੰਦੀ ਹੈ ਤਾਂ ਜੋ ਬੁਢਾਪੇ ਵਿਚ ਉਹਨਾਂ ਨਾਲ ਹੱਸ-ਖੇਡ ਕੇ ਜੀਵਨ ਬਿਤਾ ਲੈਣ। ਚਲੋ! ਜੋ ਭਾਗਾਂ ਵਿਚ ਹੋਏਗਾ ਉਹੀ ਮਿਲੇਗਾ। ਰਹਿ ਲੈਣ ਮੈਂ ਸਹਿਮਤ ਹਾਂ ਕੁਝ ਵਕਤ ਦੂਰ ਰਹਿਣ ਕਾਰਨ ਇਸ ਘਟਨਾ ਨੂੰ ਲੜਕੀ ਭੁਲ ਜਾਏਗੀ ਅਗਰ ਆਪਣੇ

ਸਿਦਕ ਤੇ ਕਾਇਮ ਰਹੇਗੀ। ਜੋ ਮਦਦ ਮੇਰੇ ਕੋਲੋਂ ਹੋ ਸਕੇਗੀ ਮੈਂ ਵੀ ਕਰਾਂਗਾ।"

ਇਹ ਵਿਸ਼ਵਾਸ ਲੈ ਕੇ ਪ੍ਰਧਾਨ ਜੀ ਬਲਬੀਰ ਤੇ ਉਸਦੀ ਪਤਨੀ ਨੂੰ ਪਿੰਡ ਵਿਚ ਛੱਡ ਕੇ ਆ ਗਏ।

ਕਿਹੋ ਜਿਹਾ ਰਿਸ਼ਤਾ ਬਾਪ ਬੇਟੇ ਦਾ ਹੁੰਦਾ ਹੈ। ਬੇਟਾ ਕਿੰਨੀਆਂ ਵੀ ਭੁੱਲਾਂ ਕਿਉਂ ਨਾ ਕਰ ਲਵੇ। ਪਿਤਾ ਫਿਰ ਗਲੇ ਲਾ ਲੈਂਦਾ ਹੈ। ਕਿੰਨੀਆਂ ਆਸਾਂ ਤੇ ਉਮੀਦਾਂ ਹੁੰਦੀਆਂ ਹਨ ਬੇਟੇ ਤੋਂ ਕਿ ਵਾਰਸ ਪੈਦਾ ਕਰੇਗਾ ਜਿਸ ਨਾਲ ਖਾਨਦਾਨ ਅੱਗੇ ਵਧੇਗਾ ਪਿਉ-ਦਾਦੇ ਦੀ ਰੀਤ ਅੱਗੇ ਚਲਾਏਗਾ। ਸੁਭਾਅ ਦਾ ਕਿੰਨਾ ਵੀ ਸਖ਼ਤ ਪਿਤਾ ਕਿਉਂ ਨਾ ਹੋਵੇ ਪਰ ਮਮਤਾ ਦੇ ਵਲਵਲੇ ਅੱਗੇ ਸ਼ਾਂਤ ਹੋ ਜਾਂਦਾ ਹੈ। ਔਲਾਦ ਹੀ ਉਸਦੇ ਜੀਵਨ ਦੀ ਧਾਰਾ ਹੁੰਦੀ ਹੈ ਜਿਹੜੀ ਉਸਦੀ ਜੀਵਨ ਦੀ ਨਦੀ ਨੂੰ ਅੰਤ ਤਕ ਵਹਾ ਕੇ ਲੈ ਜਾਂਦੀ ਹੈ। ਪਿਤਾ ਦੀ ਅੱਖਾਂ ਅੱਗੇ ਕਿਤਨੇ ਸੁਪਨੇ ਤਰਦੇ ਰਹਿੰਦੇ ਹਨ ਆਪਣੇ ਪੋਤੇ-ਪੋਤੀਆਂ ਵਾਸਤੇ? ਕਿੰਨਾ ਸੋਚਦਾ ਰਹਿੰਦਾ ਹੈ ਉਹਨਾਂ ਬੱਚਿਆਂ ਦੇ ਭਵਿੱਖ ਵਾਸਤੇ। ਜੀਵਨ ਦੀ ਇਹ ਨਿਰੰਤਰ ਚਾਲ ਹੈ ਜਿਸ ਤੇ ਸਾਰਾ ਸੰਸਾਰ ਚਲਦਾ ਰਹਿੰਦਾ ਹੈ। ਬੇਟੇ ਲਈ ਪਿਤਾ ਦੀ ਛਾਂ ਵੀ ਉਸ ਦੇ ਹੌਸਲੇ ਨੂੰ ਮਜ਼ਬੂਤ ਤੇ ਜੀਵਨ ਦੇ ਸਫ਼ਰ ਨੂੰ ਨਿਰਵਿਘਣ ਅੱਗੇ ਵਧਾਣ ਲਈ ਜ਼ਰੂਰੀ ਹੁੰਦੀ ਹੈ। ਕੁਦਰਤ ਦਾ ਇਹੀ ਨਿਯਮ ਹੈ। ਇਹ ਵੱਖਰੀ ਗੱਲ ਹੈ ਕਿ ਪੁੱਤਰ ਆਪਣੀ ਮਰਜੀ ਕਰਕੇ ਪਿਤਾ ਦੀਆਂ ਉਮੀਦਾਂ ਨੂੰ ਨਾ ਉਮੀਦ ਕਰ ਦੇਂਦੇ ਹਨ ਤੇ ਉਸਦੇ ਪਿਆਰ ਦੇ ਸੋਮੇ ਨੂੰ ਸੁਕਾ ਦੇਂਦੇ ਹਨ। ਫਿਰ ਐਸੇ ਪਿਤਾ ਦਾ ਕੀ ਹਾਲ ਹੋਏਗਾ ਜਿਹਦਾ ਇਕਲੌਤਾ ਪੁੱਤਰ ਹੋਵੇ ਤੇ ਮਾਂ ਦੀ ਮਮਤਾ ਤੇ ਬਿਨਾਂ ਪਿਤਾ ਨੇ ਉਸਦੀ ਪਰਵਰਸ਼ ਕੀਤੀ ਹੋਵੇ?

## 10

**ਨਾਂ**ਦੇੜ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਫੁਰਮਾਣ ਆ ਗਿਆ ਉਹਨਾਂ ਦੇ ਜਾਣ ਦਾ। ਪ੍ਰਧਾਨ ਸਾਹਿਬ ਆਪੇ ਬਲਬੀਰ ਦੇ ਪਿੰਡ ਆਏ ਤੇ ਉਹਦੇ ਪਿਤਾ ਨੂੰ ਪੂਰਾ ਭਰੋਸਾ ਦੇ ਕੇ ਪਤੀ ਪਤਨੀ ਨੂੰ ਸ਼੍ਰੀਨਗਰ ਲੈ ਗਏ। ਦੋ ਚਾਰ ਦਿਨਾਂ ਵਿਚ ਉਨ੍ਹਾਂ ਦੀ ਰਵਾਨਗੀ ਦਾ ਇੰਤਜ਼ਾਮ ਕਰ ਦਿੱਤਾ। ਪਰ ਜਾਣ ਤੋ ਪਹਿਲੇ ਪ੍ਰੀਤੀ ਫਿਆਜ਼ ਨੂੰ ਮਿਲਣਾ ਚਾਹੁੰਦੀ ਸੀ। ਸ਼ਰਤ ਅਨੁਸਾਰ ਬਲਬੀਰ ਮਨ੍ਹਾਂ ਨਹੀਂ ਸੀ ਕਰ ਸਕਦਾ। ਉਸ ਨੂੰ ਡਰ ਸੀ ਕਿਤੇ ਉਹ ਮਨ੍ਹਾਂ ਨਾ ਕਰ ਦੇਵੇ ਜਾਣ ਲਈ ਪ੍ਰੀਤੀ ਜਾਣ ਤੋਂ ਹੀ ਮੁੱਕਰ ਜਾਏ ਤੇ ਸਾਰੀ ਵਿਉਂਤ ਧਰੀ ਦੀ ਧਰੀ ਹੀ ਰਹਿ ਜਾਏਗੀ। ਉਸਨੇ ਹਾਮੀ ਭਰ ਲਈ ਤੇ ਪੁੱਛਿਆ "ਇੱਕਲੀ ਜਾਏਂਗੀ ਕਿ ਮੈਂ ਨਾਲ ਚੱਲਾਂ?"

"ਤੂੰ ਜਾ ਕੇ ਕੀ ਕਰੇਂਗਾ? ਮੈਂ ਆਪੇ ਹੀ ਚਲੀ ਜਾਵਾਂਗੀ।" ਪ੍ਰੀਤੀ ਦਾ ਬੇਧੜਕ ਜਵਾਬ ਸੀ।

"ਵਾਪਸ ਵੀ ਆਏਂਗੀ?" ਬਲਬੀਰ ਨੇ ਪੁੱਛਿਆ।

"ਕਿਉਂ ਨਹੀ? ਮੇਰਾ ਫੈਸਲਾ ਅਟੱਲ ਹੈ ਸਿਰਫ ਤੂੰ ਆਪਣੀ ਸ਼ਰਤ ਤੇ ਰਹਿਣਾ ਹੈ।" ਕਹਿ ਕੇ ਤਿਆਰ ਹੋਈ ਤੇ ਨਿਕਲ ਗਈ ਉਹਨੂੰ ਪਤਾ ਸੀ ਕਿ ਫਿਆਜ਼ ਕਿਥੇ ਮਿਲ ਸਕਦਾ ਹੈ? ਹਾਲਾਂਕਿ ਫਿਆਜ਼ ਬੀਮਾਰ ਸੀ ਉਹ ਬੇਝਿਜਕ ਉਸਦੇ ਘਰ ਚਲੀ ਗਈ। ਘਰ ਵਿਚ ਮਾਂ ਹੀ ਸੀ ਫਿਆਜ਼ ਦੀ, ਅੱਬਾ ਕੰਮ ਤੇ ਗਏ ਸੀ। ਮਾਂ ਹੈਰਾਨ ਵੀ ਹੋਈ ਤੇ ਪ੍ਰੇਸ਼ਾਨ ਵੀ। ਪ੍ਰੀਤੀ ਨੂੰ ਵੇਖ ਕੇ, "ਸਲਾਮ ਅੰਮੀ, ਮੈਂ ਫਿਆਜ਼ ਸੇ ਮਿਲਨੇ ਆਈ ਹੂੰ। ਪਤਾ ਚਲਾ ਹੈ ਕਿ ਵੋਹ ਬੀਮਾਰ ਹੈ?"

"ਹਾਂ ਬੀਮਾਰ ਤੋ ਹੈ ਪਰ ਤੂੰ ਕੈਸੇ ਆਈ ਹੈਂ?" ਅੰਮੀ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਅੰਮੀ ਮੈਂ ਅਪਨੇ ਖਾਵੰਦ ਕੇ ਸਾਥ ਕਸ਼ਮੀਰ ਸੇ ਬਾਹਰ ਜਾ ਰਹੀ ਹੂੰ। ਹਮੇਸ਼ਾ ਕੇ ਲੀਏ ਫਿਆਜ਼ ਕੀ ਜ਼ਿੰਦਗੀ ਸੇ ਨਿਕਲ ਰਹੀ ਹੂੰ। ਸੋਚਾ ਏਕ ਬਾਰ ਉਸ ਸੇ ਮਿਲ ਲੂੰ। ਪਤਾ ਨਹੀਂ ਫਿਰ ਕਭੀ ਉਸ ਸੇ ਮਿਲ ਸਕੂੰ ਜਾਂ ਨਹੀਂ।"

"ਠੀਕ ਹੈ ਮਿਲ ਕੇ ਚਲਦੀ ਚਲੀ ਜਾਨਾ। ਸ਼ੁਕਰ ਹੈ ਤੂੰ ਉਸ ਕੀ ਜ਼ਿੰਦਗੀ ਸੇ ਚਲੀ ਜਾਏਗੀ, ਹਮ ਸਬ ਕੋ ਸਕੂਨ ਮਿਲੇਗਾ। ਹਮਾਰੀ ਜ਼ਿੰਦਗੀ ਬਰਬਾਦ ਹੋ ਗਈ ਹੈ। ਤੇਰੀ ਵਜਹ ਸੇ ਫਿਆਜ਼ ਬਿਮਾਰ ਹੈ। ਸਾਰਾ ਘਰ ਡਾਵਾਂ-ਡੋਲ ਹੋ ਗਿਆ ਹੈ। ਹਮੇ ਤੂਨੇ ਕਹੀਂ ਕਾ ਭੀ ਨਹੀਂ ਛੋੜਾ।" ਕਹਿੰਦੀ ਹੋਈ ਪ੍ਰੀਤੀ ਨੂੰ ਫਿਆਜ਼ ਦੇ ਕਮਰੇ ਵੱਲ ਲੈ ਗਈ।"

"ਫਿਆਜ਼ ਯਹ ਸਿੱਖ ਲੜਕੀ ਤੁਝੇ ਮਿਲਨੇ ਆਈ ਹੈ। ਇਸੇ ਜਲਦੀ ਰਵਾਨਾ ਕਰ ਦੇਨਾ। ਤੁਮ੍ਹਾਰੇ ਅੱਬਾ ਭੀ ਘਰ ਆਤੇ ਹੋਂਗੇ।

ਪ੍ਰੀਤੀ ਨੂੰ ਵੇਖ ਕੇ ਫਿਆਜ਼ ਨੂੰ ਸੁਪਨਾ ਪ੍ਰਤੀਤ ਹੋਇਆ। ਉਸ ਨੂੰ ਉਮੀਦ ਹੀ ਨਹੀਂ ਸੀ ਕਿ ਪ੍ਰੀਤੀ ਉਸ ਦੇ ਘਰ ਆਏਗੀ ਬੇਝਿਜਕ। ਉਸਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਬਿਸਤਰ ਤੇ ਲੇਟਿਆ ਹੋਇਆ ਉੱਠ ਬੈਠਾ, ਬੈੱਡ ਤੋਂ ਉੱਤਰ ਕੇ ਪ੍ਰੀਤੀ ਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਐਨੀ ਸਫੂਰਤੀ? ਜਿਵੇਂ ਉਹ ਬੀਮਾਰ ਹੀ ਨਹੀਂ ਸੀ। ਉਹਨੂੰ ਇੰਝ ਜਾਪਿਆ ਜਿਵੇਂ ਉਸ ਦੇ ਜੀਵਨ ਵਿਚ ਚੰਨ ਚੜ੍ਹ ਗਿਆ ਹੈ। ਮਾਂ ਦੇ ਹੁੰਦਿਆਂ ਹੀ ਉਸਨੇ ਕਿੰਨੀ ਵਾਰੀ ਪ੍ਰੀਤੀ ਨੂੰ ਚੁੰਮਿਆ, ਸੀਨੇ ਨਾਲ ਲਾਇਆ ਤੇ ਅੰਮੀ ਨੂੰ ਬਾਹਰ ਜਾਣ ਲਈ ਕਿਹਾ। ਪਿਆਰ ਦਾ ਕਿੰਨਾ ਜਨੂਨ ਹੁੰਦਾ ਹੈ? ਕਿੰਨੀ ਦੀਵਾਨਗੀ ਹੁੰਦੀ ਹੈ? ਇਹ ਉਸ ਦੀ ਕ੍ਰਿਆ ਤੋਂ ਮਹਿਸੂਸ ਹੁੰਦਾ ਸੀ। ਮਾਂ ਦੀ ਮੌਜੂਦਗੀ ਵਿਚ ਵੀ ਉਹ ਆਪੇ ਤੋਂ ਬਾਹਰ ਹੋ ਗਿਆ। ਉਹਨੂੰ ਪਤਾ ਹੀ ਨਹੀ ਲੱਗਾ ਕਿ ਕਿਵੇਂ ਮਾਂ ਦੇ ਹੁੰਦਿਆਂ ਹੀ ਪ੍ਰੀਤੀ ਨਾਲ ਇੰਝ ਪੇਸ਼ ਹੋਇਆ ਹੈ। ਪ੍ਰੀਤੀ ਉਸ ਨੂੰ ਆਪਣੇ ਆਪ ਤੋਂ ਦੂਰ ਕਰਕੇ ਬੋਲੀ, "ਫਿਆਜ਼ ਮੈਂ ਕਸ਼ਮੀਰ ਛੋੜ ਕੇ ਬਾਹਰ ਜਾ ਰਹੀ ਹੂੰ।"

"ਕਹਾਂ?"

"ਕਹੀਂ ਦੂਰ ਬਹੁਤ ਦੂਰ। ਕੁਛ ਪਤਾ ਨਹੀਂ।" ਪ੍ਰੀਤੀ ਬੋਲੀ।

"ਮੈਨੇ ਅਪਨੇ ਪਤੀ ਕੇ ਸਾਥ ਜਾਨੇ ਕਾ ਫੈਸਲਾ ਕਰ ਲੀਆ ਹੈ। ਸਮਾਜ ਕਾ, ਭਾਈਯੋਂ ਕਾ ਔਰ ਮਾਂ ਕਾ ਮੇਰੇ ਪਰ ਬਹੁਤ ਦਬਾਅ ਹੈ। ਮੈਂ ਤੁਮਾਰੇ ਸਾਥ ਨਹੀਂ ਰਹਿ ਸਕਤੀ, ਮੁਝੇ ਜਾਨਾ ਹੀ ਹੋਗਾ।" "ਕਾਸ਼! ਤੁਮ ਸਿਖ ਹੋਤੇ ਯਾ ਮੈਂ ਮੁਸਲਿਮ ਹੋਤੀ ਹਮੇਂ ਕੋਈ ਜੁਦਾ ਨਹੀਂ ਕਰ ਸਕਤੇ।"

"ਪਰ ਮੇਰਾ ਕਿਆ ਹੋਗਾ? ਮੈਂ ਕੈਸੇ ਜੀਊਂਗਾ ਤੁਮ੍ਹਾਰੇ ਬਿਨ੍ਹਾਂ? ਮੈਂ ਮਰ ਜਾਊਂਗਾ ਪ੍ਰੀਤੀ।" ਫਿਆਜ਼ ਨੇ ਉਸ ਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਘੁੱਟ ਲਿਆ।

"ਤੁਮਹੇ ਰਹਿਨਾ ਹੀ ਪੜੇਗਾ, ਹਮ ਇਕੱਠੇ ਨਹੀਂ ਰਹਿ ਸਕਤੇ। ਯਹ ਮੁਮਕਿਨ ਨਹੀਂ ਹੈ। ਅਗਰ ਮੈਂ ਯਹਾਂ ਰਹੀ ਤੋ ਮਾਰ ਦੀ ਜਾਊਂਗੀ। ਬੇਹਤਰੀ ਇਸੀ ਮੇਂ ਹੈ ਕਿ ਮੈਂ ਦੂਰ ਚਲੀ ਜਾਊਂ। ਮੇਰਾ ਤੁਮਾਰਾ ਰਿਸ਼ਤਾ ਕਾਇਮ ਰਹੇਗਾ। ਤੁਮ ਜਬ ਚਾਹੋ ਮੁਝੇ ਮਿਲਨੇ ਆ ਸਕਤੇ ਹੋ। ਮੈਂ ਤੁਮ੍ਹਾਰੀ ਅਮਾਨਤ ਬਨ ਕਰ ਰਹੂੰਗੀ। ਮੈਂ ਜਹਾਂ ਜਾਊਂਗੀ ਤੁਮਹੇਂ ਖ਼ਬਰ ਕਰੂੰਗੀ। ਜਬ ਭੀ ਤੁਮਹੇ ਫੁਰਸਤ ਮਿਲੇ ਮੁਝੇ ਮਿਲਨੇ ਆ ਸਕਤੇ ਹੋ।" ਪ੍ਰੀਤੀ ਨੇ ਭਰੋਸਾ ਦਿੰਦੇ ਕਿਹਾ।

"ਪਰ ਯਹ ਕੈਸੇ ਮੁਮਕਿਨ ਹੈ ਸਾਰੀ ਗ਼ਿੰਦਗੀ ਚੋਰੋਂ ਕੀ ਤਰ੍ਹਾਂ ਮਿਲੇਂਗੇ?"

"ਔਰ ਕੋਈ ਚਾਰਾ ਨਹੀਂ ਹੈ। ਮੇਰਾ ਮਸ਼ਵਰਾ ਹੈ ਕਿ ਤੁਮ ਭੀ ਸ਼ਾਦੀ ਕਰ ਲੋ।"

"ਮੈਂ ਦੋਹਰੀ ਜ਼ਿੰਦਗੀ ਨਹੀਂ ਜੀ ਸਕਤਾ ਹੂੰ। ਮੁਹੱਬਤ ਏਕ ਔਰਤ ਸੇ ਕਰੂੰ ਔਰ ਘਰ ਦੂਸਰੀ ਕੇ ਸਾਥ ਬਸਾਊਂ?"

"ਐਸਾ ਹੀ ਕਰਨਾ ਪੜੇਗਾ ਤੁਮਹੇ। ਇਸ ਕੇ ਬਗੈਰ ਕੋਈ ਰਾਸਤਾ ਨਹੀਂ। ਮੈਨੇ ਆਪਨੇ ਖਾਵੰਦ ਸੇ ਯਹ ਸ਼ਰਤ ਮਨਵਾ ਲੀ ਹੈ ਕਿ ਤੁਮ ਜਬ ਚਾਹੋ ਮਿਲ ਸਕਤੇ ਹੋ ਵੋਹ ਕੋਈ ਐਤਰਾਜ਼ ਨਹੀਂ ਕਰੇਗਾ।

"ਐਸਾ ਮੁਮਕਿਨ ਨਹੀਂ ਹੋ ਸਕਤਾ।"

"ਵੋਹ ਤੁਮ ਮੇਰੇ ਪਰ ਛੋੜ ਦੋ। ਮੈਂ ਯਹਾਂ ਸੇ ਕਿਸੀ ਦਿਨ ਭੀ ਜਾ ਸਕਤੀ ਹੂੰ। ਤੁਮਸੇ ਆਖਰੀ ਬਾਰ ਮਿਲਨੇ ਆਈ ਹੂੰ। ਯਹਾਂ ਰਹਿਤੇ ਮਿਲ ਨਹੀਂ ਸਕੂੰਗੀ। ਮੈਂ ਜਹਾਂ ਭੀ ਜਾਊਂਗੀ ਤੁਮਹੇ ਖਤ ਲਿਖ ਦੂੰਗੀ। ਜਬ ਤੁਮ ਆ ਸਕੋ ਆ ਜਾਨਾ। ਅਬ ਮੁਝੇ ਜਾਨੇ ਦੋ। ਠੀਕ ਹੋ ਜਾਵੋ। ਹਮ ਜਿਸਮ ਸੇ ਅਲਗ ਰਹੇਂਗੇ ਪਰ ਰੂਹ ਹਮਾਰੀ ਏਕ ਹੀ ਹੈ। ਹਿੰਮਤ ਕਰੋ ਔਰ ਇਸ ਜੁਦਾਈ ਕੋ ਬਰਦਾਸ਼ਤ ਕਰੋ। ਮੈਂ ਚਲਤੀ ਹੂੰ।" ਤੇ ਪ੍ਰੀਤੀ ਵਿਦਾ ਹੋ ਗਈ। ਇਕ ਅਧਿਆਏ ਨੂੰ ਵਿਸ਼ਰਾਮ ਲੱਗ ਗਿਆ ਪਰ ਅੰਤ ਨਹੀਂ ਹੋਇਆ।

# 11

**ਕੁ**ਝ ਦਿਨਾਂ ਦੀ ਉਡੀਕ ਤੋਂ ਬਾਦ ਬਲਬੀਰ ਤੇ ਪ੍ਰੀਤੀ ਨੂੰ ਨਾਂਦੇੜ ਰਵਾਨਾ ਕਰ ਦਿੱਤਾ। ਆਪਣੇ ਵਤਨ ਤੋਂ ਦੂਰ, ਦੂਸਰੀ ਥਾਂ ਚਲੇ ਗਏ। ਜਿਥੇ ਨਾ ਕੋਈ ਜਾਣੂੰ, ਨਾ ਕੋਈ ਆਪਣਾ, ਇਕ ਵੱਖਰਾ ਸਮਾਜ, ਵੱਖਰੇ ਲੋਗ, ਵੱਖਰਾ ਵਾਤਾਵਰਣ। ਨਵੀਂ ਥਾਂ ਤੇ ਜਾਣ ਦਾ ਕੋਈ ਉਤਸ਼ਾਹ ਵੀ ਨਹੀਂ ਸੀ ਕੇਵਲ ਜ਼ਿੰਦਗੀ ਚਲਾਣ ਲਈ ਇਕ ਸਮਝੌਤਾ ਸੀ। ਗੁਰਦੁਆਰਾ ਸਾਹਿਬ ਵਿਚ ਇਕ ਕਮਰਾ ਮਿਲ ਗਿਆ। ਕੰਮ-ਕਾਜ ਦਾ ਵੇਰਵਾ ਦੱਸ ਦਿੱਤਾ ਗਿਆ ਤੇ ਸੇਵਾ ਦਾ ਕੰਮ ਮਿਲ ਗਿਆ। ਰੋਟੀ ਲੰਗਰ 'ਚੋਂ ਖਾਣੀ ਸੀ। ਕੱਪੜੇ ਲਤੇ ਤੇ ਹੋਰ ਖਰਚੇ ਲਈ ਤਨਖਾਹ ਲੱਗ ਗਈ ਤੇ ਵਾਹਿਗੁਰੂ ਦੇ ਚਰਨਾਂ ਵਿਚ ਰਹਿ ਕੇ ਗੁਰਬਾਣੀ ਸੁਣਨੀ ਤੇ ਆਤਮਿਕ ਚਿੰਤਨ ਕਰਨ ਦਾ ਸਮਾਂ ਮਿਲ ਗਿਆ ਸੀ। ਬਲਬੀਰ ਦਾ ਮਨ ਤਾਂ ਰੁਝ ਗਿਆ, ਪਰ ਪ੍ਰੀਤੀ ਹਮੇਸ਼ਾਂ ਫਿਆਜ਼ ਦੀ ਸੋਚ ਵਿਚ ਰਹਿੰਦੀ ਉਸ ਨੂੰ ਯਾਦ ਕਰਦੀ ਤੇ ਉਖੜੀ ਉਖੜੀ ਰਹਿੰਦੀ। ਤਰਕੀਬ ਸੋਚਦੀ ਕਿ ਕਿਵੇਂ ਉਹਨੂੰ ਪੱਤ੍ਰ ਲਿਖੇ? ਕਿਵੇਂ ਬੁਲਾਏ ਤੇ ਕਿਥੇ ਬੁਲਾਏ?

ਉਥੇ ਬੁਲਾਣਾ ਬਹੁਤ ਮੁਸ਼ਕਿਲ ਸੀ। ਕਿਵੇਂ ਮਿਲ ਸਕਦੀ ਹੈ? ਕਿਸੇ ਨੂੰ ਪਤਾ ਲੱਗ ਜਾਵੇਗਾ ਤਾਂ ਫਿਆਜ਼ ਦੇ ਟੋਟੇ-ਟੋਟੇ ਕਰ ਦੇਣਗੇ ਤੇ ਉਸ ਦੀ ਗੁੱਤੜੀ ਪੁੱਟ ਕੇ ਹੱਥ ਵਿਚ ਫੜਾ ਦੇਣਗੇ। ਇਥੇ ਰਹਿਣ ਜੋਗੀ ਨਹੀਂ ਰਹੇਗੀ। ਇਹ ਸਭ ਸੋਚ ਕੇ ਉਸ ਨੇ ਆਪਣੇ ਆਪ ਨੂੰ ਕਾਬੂ ਵਿਚ ਰੱਖਿਆ ਹੋਇਆ ਸੀ। ਉਸਦਾ ਮਨ ਕਿਸੇ ਕੰਮ ਵਿਚ ਲੱਗਦਾ ਨਹੀਂ ਸੀ। ਬਲਬੀਰ ਸਭ ਅਨੁਭਵ ਕਰਦਾ ਸੀ। ਉਸ ਨੂੰ ਸਮਝਾਂਦਾ ਰਹਿੰਦਾ।

ਪ੍ਰੀਤੀ ਦੇ ਜੀਵਨ ਦਾ ਵੀ ਇਕ ਅਜੀਬੋ ਗਰੀਬ ਪੜਾਅ ਸੀ। ਕਦੀ ਆਪਣੇ ਬਾਰੇ ਸੋਚਦੀ ਛੱਤ ਤੇ ਟਿੱਕ ਟਿਕੀ ਲਗਾ ਕੇ। ਜੀਵਨ ਦੀ ਸਾਰੀ ਕਹਾਣੀ ਉਸ ਦੀਆਂ ਅੱਖਾਂ ਅੱਗੇ ਫੈਲ ਜਾਂਦੀ। ਫਿਆਜ਼ ਦੇ ਨਾਲ ਪਿਆਰ ਤੇ ਉਸ ਲਈ ਘਰ ਬਾਹਰ ਭੈਣ-ਭਰਾਵਾਂ ਨੂੰ ਛੱਡ ਕੇ ਭੱਜ ਜਾਣਾ। ਆਪਣੇ ਪਰਿਵਾਰ ਨੂੰ ਬਦਨਾਮ, ਬੇਇੱਜਤ ਕਰਵਾਣਾ। ਫਿਰ ਵਾਪਸ ਆ ਕੇ ਬਲਬੀਰ ਨਾਲ ਵਿਆਹ ਕਰਨਾ, ਵਿਆਹ ਵੀ ਕਿਹੋ ਜਿਹੇ ਹਾਲਾਤਾਂ ਵਿਚ ਹੋਇਆ? ਫਿਰ ਕੁਲਦੀਪ ਨੇ ਕਿਵੇਂ ਧੋਖਾ ਦੇ ਕੇ ਉਸਦੀ ਇੱਜਤ ਲੁੱਟੀ ਤੇ ਫਿਰ ਫਿਆਜ਼ ਕੋਲ ਚਲੇ ਜਾਣਾ। ਇਹਨਾਂ ਘਟਨਾਵਾਂ ਨੇ ਉਸ ਦੀ ਅੰਦਰ ਦੀ ਤੀਵੀਂ ਨੂੰ ਮਾਰ ਦਿੱਤਾ ਸੀ। ਉਹ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਉਸ ਦਾ ਆਤਮ ਸਨਮਾਨ ਮਿੱਟੀ ਵਿਚ ਮਿਲ ਗਿਆ ਸੀ। ਸਿਰਫ ਜ਼ਿੰਦਾ ਲੋਥ ਸੀ, ਜਿੰਦਾ ਸਰੀਰ ਸੀ, ਅਗਰ ਕੁਝ ਉਹਦੇ ਅੰਦਰ ਬਚਿਆ ਹੋਇਆ ਸੀ ਤਾਂ ਫਿਆਜ਼ ਵਾਸਤੇ ਥੋੜ੍ਹੀ ਜਗ੍ਹਾ ਕਿਉਂਕਿ ਉਹ ਉਸ ਦਾ ਪਿਆਰ ਸੀ। ਉਸ ਦੇ ਦੁੱਖ ਦੇ ਛਾਲੇ ਛਿੱਲੇ ਗਏ ਸਨ, ਰੂਹ ਦੇ ਛਾਲੇ ਫਿਸ ਗਏ ਸਨ ਤੇ ਛਾਲਿਆਂ ਵਿਚੋਂ ਟਪਕਦਾ ਮੁਆਦ ਹੀ ਉਸ ਦਾ ਜੀਵਨ ਬਣ ਕੇ ਰਹਿ ਗਿਆ ਸੀ। ਉਸ ਨੂੰ ਕਿਸੇ ਨਾਲ ਕੋਈ ਹਮਦਰਦੀ ਨਹੀਂ ਸੀ, ਕਿਸੇ ਲਈ ਕੋਈ ਮਾਨ ਸਨਮਾਨ ਨਹੀਂ ਸੀ ਬਚਿਆ

ਉਸ ਦੇ ਮਨ ਵਿੱਚ। ਸਿਰਫ ਲੋਕ-ਲਾਜ ਕਾਰਨ ਮਜ਼ਬੂਰੀ ਵਿੱਚ ਉਹ ਬਲਬੀਰ ਨਾਲ ਵਕਤ ਬਿਤਾ ਰਹੀ ਸੀ। ਆਪਣੇ ਲਈ ਉਸਦੇ ਮਨ ਵਿਚ ਇੱਜ਼ਤ ਦੀ ਕੋਈ ਭਾਵਨਾ ਵੀ ਨਹੀਂ ਸੀ ਰਹੀ।

ਹੌਲੀ-ਹੌਲੀ ਵਕਤ ਬੀਤ ਗਿਆ ਨਾਂਦੇੜ ਵਿਚ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਸੀ ਉਨ੍ਹਾਂ ਨੂੰ ਰਹਿੰਦਿਆਂ। ਬਲਬੀਰ ਨੂੰ ਜਾਪਣ ਲੱਗ ਪਿਆ ਸੀ ਕਿ ਪ੍ਰੀਤੀ ਫਿਆਜ਼ ਨੂੰ ਭੁੱਲ ਗਈ ਹੈ। ਕਦੀ ਉਸਦੀ ਚਰਚਾ ਨਹੀਂ ਹੋਈ। ਕਦੀ ਪ੍ਰੀਤੀ ਨੇ ਫਿਆਜ਼ ਨੂੰ ਮਿਲਣ ਦਾ ਜ਼ਿਕਰ ਨਹੀਂ ਸੀ ਕੀਤਾ। ਥੋੜ੍ਹਾ ਪਾਠ-ਪੂਜਾ ਵੱਲ ਵੀ ਉਹਦਾ ਧਿਆਨ ਲਗਦਾ ਸੀ। ਬਲਬੀਰ ਬਾਹਰ ਅੰਦਰ ਵੀ ਜਾਂਦਾ। ਉਸਦੇ ਮਨ ਵਿਚ ਆਇਆ ਕਿ ਕਿਤੇ ਥਾਂ ਵੇਖਕੇ ਹਾਈਵੇ ਤੇ ਕੋਈ ਢਾਬਾ ਖੋਲ੍ਹ ਲਵੇ। ਕੀ ਸਾਰੀ ਉਮਰ ਸੇਵਾਦਾਰੀ ਹੀ ਕਰਦਾ ਰਹੇਗਾ? ਇਸ ਵਿਚਾਰ ਨੇ ਇਕ ਉਮੰਗ ਜਿਹੀ ਭਰ ਦਿੱਤੀ ਉਸਦੇ ਮਨ ਵਿਚ ਤੇ ਉਹ ਕੋਸ਼ਿਸ਼ ਵਿਚ ਲੱਗ ਗਿਆ। ਥਾਂ ਵੀ ਵੇਖ ਲਈ ਪੂਰਾ ਪਲਾਨ ਬਣਾ ਲਿਆ। ਖਰਚੇ ਦਾ ਅੰਦਾਜ਼ਾ ਵੀ ਲਾ ਲਿਆ, ਕੁਝ ਪੈਸੇ ਉਸ ਨੇ ਬਚਾਏ ਹੋਏ ਸਨ। ਦੋਵਾਂ ਨੂੰ ਸੇਵਾਦਾਰੀ ਦੀ ਤਨਖਾਹ ਮਿਲਦੀ ਸੀ ਤੇ ਖਰਚਾ ਕੋਈ ਖਾਸ ਨਹੀਂ ਸੀ। ਥੁੜ੍ਹਦੇ ਪੈਸੇ ਉਸ ਨੇ ਆਪਣੇ ਪਿਤਾ ਤੋਂ ਮੰਗਾ ਲਏ ਤੇ ਢਾਬਾ ਸ਼ੁਰੂ ਕਰ ਦਿੱਤਾ ਨਾਂਦੇੜ ਤੋਂ ਵੀਹ ਕਿਲੋਮੀਟਰ ਦੂਰ ਅਮਰਾਵਤੀ ਰੋਡ ਤੇ ਜ਼ਮੀਨ ਸਸਤੀ ਸੀ ਇਸ ਵਿਚ ਪ੍ਰੀਤੀ ਨੇ ਵੀ ਉਸ ਦਾ ਉਤਸ਼ਾਹ ਵਧਾਇਆ ਸੀ ਤਾਂ ਜੋ ਗੁਰਦਵਾਰੇ ਦੀ ਪਾਬੰਦੀ ਤੋਂ ਮੁਕਤ ਹੋ ਕੇ ਬਾਹਰ ਨਿਕਲ ਸਕੇ। ਉਸ ਦਾ ਆਪਣਾ ਮਕਸਦ ਸੀ।

ਕੁਲ ਮਿਲਾ ਕੇ ਬਲਬੀਰ ਤੇ ਪ੍ਰੀਤੀ ਦੇ ਵਿਆਹ ਨੂੰ ਤਿੰਨ ਵਰ੍ਹਿਆਂ ਤੋਂ ਵੱਧ ਸਮਾਂ ਹੋ ਗਿਆ ਸੀ ਪਰ ਕੋਈ ਔਲਾਦ ਨਹੀਂ ਸੀ ਹੋਈ ਜਾਂ ਇਸ ਬਾਰੇ ਗੰਭੀਰ ਨਹੀਂ ਸੀ ਦੋਨੇ ਜਾਂ ਜੀਵਨ ਸੈਟਲ ਕਰਕੇ ਔਲਾਦ ਬਾਰੇ ਸੋਚਣਾ ਚਾਹੁੰਦੇ ਸਨ। ਢਾਬੇ ਵਾਸਤੇ ਪ੍ਰੀਤੀ ਦੇ ਮਨ ਵਿਚ ਵੀ ਬੜਾ ਚਾਅ ਸੀ। ਆਪਣਾ ਕੰਮ ਹੋਵੇਗਾ। ਕਮਾਈ ਵੀ ਚੰਗੀ ਹੋ ਜਾਏਗੀ। ਢਾਬੇ ਲਈ ਜ਼ਮੀਨ ਉਸ ਨੇ ਖਰੀਦ ਲਈ ਸੀ। ਜ਼ਮੀਨਾਂ ਦੇ ਭਾਅ ਠੀਕ ਸਨ ਉਸ ਵੇਲੇ। ਬਲਬੀਰ ਨੇ ਜਿੰਨੀ ਜ਼ਮੀਨ ਖਰੀਦੀ ਸੀ ਉਸ ਵਿਚ ਢਾਬੇ ਦੇ ਪਿੱਛੇ ਉਸ ਨੇ ਰਿਹਾਇਸ਼ ਵੀ ਬਣਾ ਲਈ ਸੀ। ਢਾਬਾ ਠੀਕ ਤਰ੍ਹਾਂ ਚਲ ਪਿਆ। ਜ਼ਿਆਦਾਤਰ ਟਰੱਕਾਂ ਵਾਲੇ ਪੰਜਾਬੀ ਡਰਾਈਵਰ ਆਉਣੇ ਸ਼ੁਰੂ ਹੋ ਗਏ। ਦਿਨ-ਬ-ਦਿਨ ਕੰਮ ਵਧਦਾ ਗਿਆ ਤੇ ਕਾਫ਼ੀ ਰੌਣਕ ਹੋ ਗਈ।

ਕਦੀ-ਕਦੀ ਪ੍ਰੀਤੀ ਵੀ ਆ ਕੇ ਕਾਊਂਟਰ ਤੇ ਬਹਿ ਜਾਂਦੀ ਉਸ ਦੀ ਸੁੰਦਰਤਾ ਵੀ ਚਰਚਾ ਦਾ ਕਾਰਨ ਸੀ ਤੇ ਗ੍ਰਾਹਕਾਂ ਵਾਸਤੇ ਆਕਰਸ਼ਣ। ਰੋਡ ਦੇ ਕਿਨਾਰੇ ਢਾਬਾ ਸੀ। ਮੰਜੀਆਂ ਵਿਛਾਈਆਂ ਸਨ। ਰੋਟੀ ਖਾ ਕੇ ਡਰਾਈਵਰ ਲੇਟ ਕੇ ਲੱਕ ਵੀ ਸਿੱਧਾ ਕਰ ਲੈਂਦੇ ਕੁਝ ਆਰਾਮ ਵੀ ਹੋ ਜਾਂਦਾ। ਢਾਬਾ ਰਾਤ ਦਿਨ ਚਲਦਾ ਰਹਿੰਦਾ। ਦਿਨ ਵੇਲੇ ਕਾਫ਼ੀ

ਵਕਤ ਪ੍ਰੀਤੀ ਬੈਠਦੀ ਤੇ ਰਾਤ ਨੂੰ ਬਲਬੀਰ ਕੰਮ ਕਰਦਾ। ਦੋਨੋਂ ਖੁਸ਼ ਸਨ ਕਾਫ਼ੀ ਕਮਾਈ ਹੋਣੀ ਸ਼ੁਰੂ ਹੋ ਗਈ ਸੀ। ਸਰਦੀ ਦੇ ਕੁਝ ਮਹੀਨਿਆਂ ਲਈ ਬਲਬੀਰ ਨੇ ਆਪਣੇ ਪਿਤਾ ਨੂੰ ਬੁਲਾ ਲਿਆ ਕਿਉਂਕਿ ਸਰਦੀਆਂ ਵਿਚ ਕਸ਼ਮੀਰ ਵਿਚ ਠੰਡ ਸ਼ੁਰੂ ਹੋ ਜਾਂਦੀ ਹੈ। ਨਾਲੇ ਕਸ਼ਮੀਰ ਵਿਚ ਥੋੜ੍ਹੀ ਗੜਬੜ ਹੋਣੀ ਸ਼ੁਰੂ ਹੋ ਗਈ ਸੀ। ਅਲਗਾਵ ਵਾਦ ਦੀ ਹਵਾ ਚੱਲ ਪਈ ਸੀ। ਲੋਕ ਭਾਰਤ ਤੋਂ ਵੱਖਰਾ ਹੋਣਾ ਚਾਹੁੰਦੇ ਸਨ। ਅਫਰਾ-ਤਫਰੀ ਦਾ ਮਾਹੌਲ ਬਣ ਗਿਆ ਸੀ। ਢਾਬੇ ਦਾ ਕੰਮ ਵਧਣ ਕਾਰਨ ਬਲਬੀਰ ਨੇ ਪਿਤਾ ਨੂੰ ਬੁਲਾਣਾ ਹੀ ਠੀਕ ਸਮਝਿਆ।

ਉਸ ਦੇ ਪਿਤਾ ਆ ਗਏ। ਜਦੋਂ ਪ੍ਰੀਤੀ ਕਾਊਂਟਰ ਤੇ ਬੈਠੀ ਹੁੰਦੀ ਉਹ ਵੀ ਲਾਗੇ ਹੀ ਕੁਰਸੀ ਲਾ ਕੇ ਬੈਠ ਜਾਂਦੇ। ਕੋਈ ਵੀ ਆਦਮੀ ਪੈਸੇ ਦੇਣ ਲੱਗਿਆਂ ਜਾਂ ਰੋਟੀ ਦਾ ਆਰਡਰ ਦੇਂਦੇ ਕੋਈ ਗਲਤ ਗੱਲ ਨਹੀਂ ਕਰਦਾ। ਜਿਵੇਂ ਡਰਾਈਵਰਾਂ ਨੂੰ ਟਿੱਚਕਰਾਂ ਕਰਨ ਦੀ ਆਦਤ ਹੁੰਦੀ ਹੈ। ਪ੍ਰੀਤੀ ਦਾ ਵੀ ਭਰੋਸਾ ਵਧ ਗਿਆ ਸੀ। ਪਿਤਾ ਜੀ ਉਸ ਨੂੰ ਸੰਘਣੇ ਬੂਟੇ ਦੀ ਛਾਂ ਵਰਗੇ ਲਗਦੇ ਤੇ ਉਹ ਆਪਣੇ ਆਪ ਨੂੰ ਬਹੁਤ ਮਹਫੂਜ਼ ਮਹਿਸੂਸ ਕਰਦੀ। ਬਲਬੀਰ ਵੀ ਬੇਫਿਕਰਾ ਹੋ ਗਿਆ ਜਿਵੇਂ ਪਿਤਾ ਦੇ ਆਣ ਨਾਲ ਉਸ ਦੀ ਜ਼ਿੰਮੇਵਾਰੀ ਤੇ ਚਿੰਤਾ ਘੱਟ ਗਈ ਸੀ ਨਹੀਂ ਤਾਂ ਪ੍ਰੀਤੀ ਦੀ ਹਮੇਸ਼ਾ ਹੀ ਚਿੰਤਾ ਕਰਦਾ ਰਹਿੰਦਾ ਸੀ। ਇੰਜ ਹੀ ਚਾਰ ਛੇ ਮਹੀਨੇ ਪਿਤਾ ਨੇ ਉੱਥੇ ਗੁਜ਼ਾਰੇ ਤੇ ਗਰਮੀ ਸ਼ੁਰੂ ਹੁੰਦੇ ਹੀ ਕਸ਼ਮੀਰ ਚਲੇ ਗਏ। ਕਸ਼ਮੀਰ ਵਿਚ ਉਹਨਾਂ ਦਾ ਠੀਕ-ਠਾਕ ਜ਼ਿਮੀਂਦਾਰਾ ਸੀ। ਇਕ ਗੱਲ ਦੀ ਬੜੀ ਚਿੰਤਾ ਤੇ ਫਿਕਰ ਸੀ ਉਹਨਾਂ ਨੂੰ ਕਿ ਬਲਬੀਰ ਦੇ ਘਰ ਕੋਈ ਔਲਾਦ ਨਹੀਂ ਹੋਈ। ਜਾਣ ਲੱਗੇ ਕਹਿ ਗਏ ਕਿ ਜ਼ਿੰਦਗੀ ਰਹੀ ਤੇ ਸਰਦੀਆਂ ਵਿਚ ਫਿਰ ਆਵਾਂਗਾ ਤੇ ਤੁਹਾਡੇ ਦੋਨਾਂ ਤੋਂ ਖੁਸ਼ਖ਼ਬਰੀ ਦੀ ਆਸ ਰੱਖਾਂਗਾ।

## 12

**ਦੋ** ਸਾਲ ਦੀ ਸੇਵਾ ਕਰ ਕੇ ਤੇ ਲਗਭਗ ਇਕ ਸਾਲ ਢਾਬਾ ਚਲਾ ਕੇ ਪ੍ਰੀਤੀ ਬਹੁਤ ਹੁਸ਼ਿਆਰ ਹੋ ਗਈ ਸੀ। ਕਈ ਪ੍ਰਕਾਰ ਦੇ ਲੋਕਾਂ ਨਾਲ ਵਾਹ ਪਇਆ ਸੀ। ਹੱਥ ਵੀ ਤੰਗ ਨਹੀਂ ਸੀ ਰਿਹਾ ਪਰ ਉਹ ਆਪਣੇ ਪਿਆਰ ਨੂੰ ਨਹੀਂ ਭੁੱਲੀ ਸੀ। ਹਰ ਵੇਲੇ ਫਿਆਜ਼ ਉਸਦੇ ਦਿਲ ਦੇ ਕਿਸੇ ਕੋਨੇ ਵਿਚ ਬੈਠ ਕੇ ਉਸ ਦੀ ਯਾਦ ਨੂੰ ਦਸਤਕ ਦੇਂਦਾ ਸੀ। ਕਦੀ ਉਸਦਾ ਮਨ ਕਰਦਾ ਸਾਰੀਆਂ ਦੂਰੀਆਂ ਤੈਅ ਕਰ ਕੇ ਉਸ ਕੋਲ ਚਲੀ ਜਾਵਾਂ ਪਰ ਉਹ ਇੰਝ ਕਰ ਨਹੀਂ ਸੀ ਸਕਦੀ। ਹੁਣ ਬਲਬੀਰ ਬਾਰੇ ਵੀ ਉਹ ਸੋਚਦੀ, ਉਸ ਨੂੰ ਛੱਡ ਕੇ ਜਾਣ ਦਾ ਉਹ ਹੀਲਾ ਵੀ ਨਹੀਂ ਕਰ ਸਕਦੀ ਸੀ। ਉਹਨੇ ਇਹੋ ਹੀ ਸੋਚਿਆ ਕਿ ਫਿਆਜ਼ ਨੂੰ ਖਤ ਲਿਖੇ ਘਰ ਦਾ ਪਤਾ ਤੇ ਉਹਨੂੰ ਯਾਦ ਹੈ ਸੀ। ਉਸ ਨੇ ਖਤ ਲਿਖਿਆ ਤੇ ਭੇਜ ਦਿੱਤਾ।

ਕੁਝ ਦਿਨ ਬੀਤੇ ਫਿਆਜ਼ ਸ੍ਰੀਨਗਰ ਤੋਂ ਮੇਵੇ ਦੇ ਭਰੇ ਟਰੱਕ ਵਿਚ ਬੈਠ ਕੇ ਢਾਬੇ

ਤੇ ਪਹੁੰਚ ਗਿਆ। ਦਿਨ ਦਾ ਸਮਾਂ ਸੀ, ਪ੍ਰੀਤੀ ਕਾਊਂਟਰ ਤੇ ਬੈਠੀ ਸੀ ਤੇ ਬਲਬੀਰ ਢਾਬੇ ਦਾ ਸਾਰਾ ਸਾਮਾਨ ਪਹੁੰਚਾ ਕੇ ਅੰਦਰ ਕਮਰੇ ਵਿਚ ਲੇਟਿਆ ਸੀ ਤੇ ਸੌਂ ਗਿਆ ਸੀ। ਪ੍ਰੀਤੀ ਫਿਆਜ਼ ਨੂੰ ਵੇਖ ਖੁਸ਼ੀ ਨਾਲ ਦੀਵਾਨੀ ਹੋ ਗਈ। ਉਸ ਨੂੰ ਕੁਝ ਸੁੱਝੇ ਹੀ ਨਹੀਂ ਕਿ ਕੀ ਕਰੇ? ਕੋਈ ਪ੍ਰਤਿਕ੍ਰਿਆ ਹੀ ਨਹੀਂ ਕੀਤੀ, ਗੁਮਸੁਮ ਜਿਹੀ ਹੋ ਗਈ। ਆਸ ਤੇ ਉਹਨੂੰ ਹੈ ਸੀ ਕਿ ਫਿਆਜ਼ ਜ਼ਰੂਰ ਆਏਗਾ, ਕਦੋਂ ਆਏਗਾ ਪਤਾ ਨਹੀਂ। ਕਈ ਵਾਰੀ ਉਸ ਨੇ ਸੋਚਿਆ ਕਿ ਕੀ ਫਿਆਜ਼ ਨੂੰ ਖਤ ਮਿਲ ਗਿਆ ਹੋਏਗ? ਉਸ ਨੂੰ ਆਉਣ ਵਿਚ ਕੋਈ ਪ੍ਰੇਸ਼ਾਨੀ ਤੇ ਨਹੀਂ ਹੋਏਗੀ? ਇਹੋ ਜਿਹੇ ਕਈ ਪ੍ਰਸ਼ਨ ਉਸ ਦੇ ਮਨ ਵਿਚ ਆਂਦੇ ਸਨ। ਪਰ ਅੱਜ ਫਿਆਜ਼ ਨੂੰ ਵੇਖ ਕੇ ਉਸ ਦੇ ਸਾਰਿਆਂ ਸਵਾਲਾਂ ਦਾ ਉੱਤਰ ਉਸ ਨੂੰ ਮਿਲ ਗਿਆ ਸੀ।

ਖਾਣੇ ਤੋਂ ਬਾਅਦ ਉਸ ਨੇ ਪੁੱਛਿਆ, "ਢਾਬਾ ਖੁਦ ਚਲਾਤੀ ਹੋ"?

"ਮੇਰੇ ਹਸਬੈਂਡ ਚਲਾਤੇ ਹੈਂ ਮੈਂ ਤੋ ਦੋ ਚਾਰ ਘੰਟੇ ਯਹਾਂ ਬੈਠਤੀ ਹੂੰ ਜਬ ਉਨਹੇ ਥੋੜ੍ਹਾ ਆਰਾਮ ਕਰਨਾ ਹੋਤਾ ਹੈ।"

"ਤੁਮ੍ਹਾਰੇ ਕਹਿਨੇ ਪਰ ਤੋਂ ਮੈਂ ਆ ਗਿਆ ਹੂੰ। ਅਬ ਕਹਾਂ ਜਾਨਾ ਹੈ? ਕਹਾਂ ਰਹਿਨਾ ਹੈ? ਕਿਆ ਕਰਨਾ ਹੈ?"

"ਫਿਆਜ਼ ਅਬ ਤੁਮ ਨਾਂਦੇੜ ਚਲੇ ਜਾਉ। ਟਰੱਕ ਤੁਮ੍ਹਾਰਾ ਅਪਨਾ ਹੈ ਕਿਆ?"

"ਹਾਂ"।

"ਫਲ ਕਹਾਂ ਉਤਾਰਨਾ ਹੈ?"

"ਬਿਦਰ।"

"ਤੁਮ ਨਾਂਦੇੜ ਚਲੇ ਜਾਓ ਕਿਸੀ ਹੋਟਲ ਮੈਂ ਰਹੋ, ਕਲ ਇਸੀ ਵਕਤ ਯਹਾਂ ਆਉ ਆਗੇ ਕਿਆ ਕਰਨਾ ਹੈ ਮੈਂ ਕਲ ਹੀ ਬਤਾਊਂਗੀ। ਟਰੱਕ ਕੋ ਬਿਦਰ ਭੇਜ ਦੋ।" ਫਿਆਜ਼ ਚਲਾ ਗਿਆ ਕੋਈ ਫਾਲਤੂ ਗੱਲ ਨਹੀਂ ਕੀਤੀ।

ਉਸ ਦੇ ਜਾਣ ਪਿਛੋਂ ਪ੍ਰੀਤੀ ਦੁਬਿਧਾ ਵਿਚ ਸੀ ਕਿ ਕੀ ਕਰੇ? ਬਲਬੀਰ ਨੂੰ ਦੱਸੇ ਜਾਂ ਨਹੀਂ? ਨਾਂਦੇੜ ਵੀ ਕਿਸੇ ਹੋਟਲ ਵਿਚ ਨਹੀਂ ਜਾ ਸਕਦੀ ਸੀ, ਦੋ ਸਾਲ ਉਥੇ ਰਹੀ ਸੀ, ਕੋਈ ਵੇਖ ਵੀ ਸਕਦਾ ਸੀ, ਬਦਨਾਮੀ ਹੋ ਸਕਦੀ ਹੈ। ਫਿਰ ਉਸ ਨੇ ਮੰਨ ਬਣਾ ਲਿਆ ਕਿ ਬਲਬੀਰ ਨੂੰ ਦੱਸ ਦੇਵੇਗੀ, ਉਸ ਤੋਂ ਤੇ ਮਿਲਣ ਦੀ ਉਸ ਨੇ ਸ਼ਰਤ ਮੰਨਵਾਈ ਸੀ। ਉਸ ਨੂੰ ਇਹ ਸ਼ਰਤ ਮੰਨਣੀ ਪਏਗੀ ਤੇ ਮੈਨੂੰ ਮਿਲਣ ਲਈ ਮਨ੍ਹਾਂ ਨਹੀਂ ਕਰ ਸਕਦਾ।"

ਫਿਆਜ਼ ਦੇ ਜਾਣ ਪਿੱਛੋਂ ਪ੍ਰੀਤੀ ਅੰਦਰ ਗਈ। ਬਲਬੀਰ ਦੁਪਹਿਰ ਦੀ ਰੋਟੀ ਖਾ ਕੇ ਬੈਠਾ ਸੀ ਉਹ ਕੋਲ ਜਾ ਬੈਠੀ। ਉਸ ਨੇ ਬੇਬਾਕ ਬਲਬੀਰ ਨੂੰ ਕਹਿ ਦਿੱਤਾ ਕੇ

"ਫਿਆਜ ਆਇਆ ਹੈ।"

"ਫਿਆਜ਼ ਇਥੇ?" ਬਲਬੀਰ ਤ੍ਰਬਕ ਗਿਆ।

"ਉਹ ਇਥੇ ਕਿਵੇਂ ਆਇਆ? ਕਿਸਨੇ ਉਸ ਨੂੰ ਪਤਾ ਦਿੱਤਾ?"

"ਮੈਂ ਉਸ ਨੂੰ ਖਤ ਪਾਇਆ ਸੀ" ਪ੍ਰੀਤੀ ਨੇ ਕਿਹਾ।

"ਤੂੰ ਖਤ ਪਾਇਆ ਸੀ? ਤੂੰ ਹਾਲੀ ਉਸ ਨੂੰ ਛੱਡਿਆ ਨਹੀਂ?" ਬਲਬੀਰ ਖਿੱਝ ਕੇ ਬੋਲਿਆ।

"ਹਾਂ ਬਬਲੂ ਮੈਂ ਉਹਨੂੰ ਛੱਡ ਨਹੀਂ ਸਕਦੀ ਉਹ ਮੇਰੀ ਰੂਹ ਵਿਚ ਵੱਸਦਾ ਹੈ। ਕੋਈ ਦਿਨ ਨਹੀਂ ਹੁੰਦਾ ਜਦੋਂ ਜਾਗਦੇ ਹੀ ਮੈਨੂੰ ਉਹਦੀ ਯਾਦ ਨਹੀਂ ਆਂਦੀ ਤੇ ਨਾ ਕੋਈ ਰਾਤ ਐਸੀ ਹੁੰਦੀ ਹੈ ਜਦੋਂ ਉਹ ਮੇਰੇ ਖਿਆਲ ਵਿਚ ਨਹੀਂ ਆਂਦਾ। ਉਸ ਬਿਨਾਂ ਮੈਂ ਆਪਣੇ ਆਪ ਨੂੰ ਅਧੂਰੀ ਸਮਝਦੀ ਹਾਂ। ਉਹ ਮੇਰਾ ਇਸ਼ਟ ਹੈ ਮੈਂ ਉਸ ਦੀ ਬੰਦਗੀ ਕਰਦੀ ਹਾਂ।" ਪ੍ਰੀਤੀ ਦੀਆਂ ਅੱਖਾਂ ਛਲਕ ਗਈਆਂ।

"ਫਿਰ ਮੈਂ ਕਿਸ ਭਰੋਸੇ ਤੇ ਜ਼ਿੰਦਗੀ ਕੱਟ ਰਿਹਾ ਹਾਂ?" ਤੇਰਾ ਦਿਲ ਦਿਮਾਗ ਤੇ ਕਿਸੇ ਹੋਰ ਦਾ ਹੈ?"

"ਮੇਰਾ ਜਿਸਮ ਤੇ ਤੇਰੇ ਕੋਲ ਹੈ।"

"ਇਹੋ ਜਿਹੇ ਬੇਜਾਨ ਜਿਸਮ ਨੂੰ ਕੀ ਕਰਨਾ ਹੈ?" ਹਾਂ। ਜਿਵੇਂ ਤੂੰ ਰੱਖਦਾ ਹੈ ਤਿਵੇਂ ਰਹਿੰਦੀ ਹਾਂ। ਜਿਸ ਕੰਮ ਵਿਚ ਮੈਨੂੰ ਤੂੰ ਪਾਇਆ ਕੀ ਮੈਂ ਇਹੋ ਜਿਹਾ ਕੰਮ ਕਰ ਸਕਦੀ ਸਾਂ? ਪਰ ਤੇਰਾ ਸਾਥ ਦੇਣ ਲਈ, ਤੇਰੀ ਮਦਦ ਕਰਨ ਲਈ ਇਹ ਵੀ ਕਰਦੀ ਪਈ ਹਾਂ। ਕਿਹੋ ਜਿਹੇ ਬੰਦਿਆਂ ਨਾਲ ਰੋਜ਼ ਪਾਲਾ ਪੈਂਦਾ ਹੈ, ਤੇਰੇ ਲਈ ਭੁਗਤਦੀ ਹਾਂ ਨਾ? ਤੇਰਾ ਸਾਥ ਦੇਣ ਤੋਂ ਕਦੀ ਪਿੱਛੇ ਨਹੀਂ ਹਟੀ। ਕਿੰਨੇ ਸ਼ਰਾਬੀ ਕਬਾਬੀ ਟਰੱਕਾਂ ਵਾਲੇ ਆਂਦੇ ਹਨ? ਕੀ ਕੀ ਸੁਣਾਂਦੇ ਹਨ? ਸਭ ਸਹਿੰਦੀ ਹਾਂ ਤੇਰੇ ਲਈ।"

"ਉਹ ਤੇ ਠੀਕ ਹੈ। ਪਰ ਫਿਆਜ਼ ਨੂੰ ਇਥੇ ਬੁਲਾਣਾ ਠੀਕ ਨਹੀਂ। ਤੈਨੂੰ ਇਹ ਨਹੀਂ ਕਰਨਾ ਚਾਹੀਦਾ ਸੀ।"

"ਮੈਂ ਤੇ ਇਹਨਾਂ ਸਾਰੀਆਂ ਪੀੜਾਂ, ਤਕਲੀਫਾਂ ਨੂੰ ਸਹਿ ਕੇ ਸਿਰਫ ਫਿਆਜ਼ ਨੂੰ ਮਿਲਣ ਦੀ ਇੱਛਾ ਕੀਤੀ ਹੈ। ਇਸ ਸ਼ਰਤ ਵਾਸਤੇ ਤੂੰ ਮੰਨਿਆ ਵੀ ਏਂ। ਮੈਂ ਤੇ ਉਹਨੂੰ ਮਿਲਣਾ ਹੈ ਇਕ ਦਿਨ ਲਈ ਜਾਂ ਦੋ ਦਿਨ ਲਈ ਬਾਕੀ ਮੇਰੀ ਸਾਰੀ ਜ਼ਿੰਦਗੀ ਤੇ ਤੈਨੂੰ ਹੀ ਅਰਪਣ ਹੈ। ਅਗਰ ਤੂੰ ਮਿਲਣ ਵਾਸਤੇ ਮਨ੍ਹਾ ਕਰੇਂਗਾ ਤੇ ਕੋਈ ਗੱਲ ਨਹੀਂ ਮੈਂ ਵੀ ਗੋਦਾਵਰੀ ਵਿਚ ਛਾਲ ਮਾਰ ਕੇ ਆਪਣੀ ਜ਼ਿੰਦਗੀ ਦਾ ਅੰਤ ਕਰ ਦਿਆਂਗੀ।" ਪ੍ਰੀਤੀ ਬਹੁਤ ਗੰਭੀਰ ਹੋ ਕੇ ਸਭ ਕੁਝ ਬੋਲ ਗਈ।

ਬਲਬੀਰ ਚੁੱਪ-ਚਾਪ ਸੁਣਦਾ ਰਿਹਾ। ਉਸਦੀ ਨਜ਼ਰ ਫਰਸ਼ ਤੇ ਗੱਡੀ ਗਈ।

ਕੀ ਜਵਾਬ ਦੇਵੇ ਕੁਝ ਸੁਝ ਨਹੀਂ ਸੀ ਰਿਹਾ। ਪ੍ਰੀਤੀ ਦੂਜੇ ਕਮਰੇ ਵਿਚ ਜਾ ਕੇ ਬਿਸਤਰ 'ਤੇ ਪੈ ਗਈ, ਦਰਵਾਜ਼ਾ ਬੰਦ ਕਰ ਲਿਆ ਤੇ ਹੰਝੂਆਂ ਦੇ ਸਾਗਰ ਵਿਚ ਡੁੱਬ ਗਈ।

ਬਲਬੀਰ ਵਾਸਤੇ ਇਹ ਬੜਾ ਗੰਭੀਰ ਮਸਲਾ ਸੀ। ਕੀ ਕਰੇ? ਕਿਵੇਂ ਪ੍ਰੀਤੀ ਦੀ ਖਾਹਿਸ਼ ਪੂਰੀ ਕਰੇ?

ਕਿਹੜਾ ਮਰਦ ਆਪਣੀ ਪਤਨੀ ਨੂੰ ਕਿਸੇ ਦੂਸਰੇ ਮਰਦ ਨੂੰ ਮਿਲਣ ਦੀ ਇਜ਼ਾਜਤ ਦੇ ਸਕਦਾ ਹੈ? ਉਹ ਵੀ ਜਿਹੜਾ ਉਸ ਦਾ ਪੁਰਾਣਾ ਆਸ਼ਿਕ ਹੋਵੇ ਤੇ ਦੋ ਵਾਰੀ ਉਸ ਕੋਲ ਰਹਿ ਕੇ ਆਈ ਹੋਵੇ। ਉਸ ਨੇ ਇਸ ਨੂੰ ਭੈਣ ਬਣਾ ਕੇ ਤੇ ਨਹੀਂ ਰੱਖਿਆ ਹੋਵੇਗਾ। ਇਹੋ ਹੀ ਸੋਚਦਿਆਂ ਸ਼ਾਮ ਪੈ ਗਈ। ਢਾਬੇ 'ਤੇ ਕੰਮ ਦਾ ਵੇਲਾ ਹੋ ਗਿਆ। ਬਲਬੀਰ ਪ੍ਰੀਤੀ ਨੂੰ ਉਸ ਦੇ ਕਮਰੇ ਵਿਚ ਇੰਝ ਹੀ ਛੱਡ ਕੇ ਬਾਹਰ ਢਾਬੇ ਵਿਚ ਚਲਾ ਗਿਆ।

ਬਲਬੀਰ ਗੁੱਸੇ ਵਿਚ ਸੀ, ਚਿੰਤਾ ਵਿਚ ਵੀ ਸੀ। ਡਰ ਰਿਹਾ ਸੀ ਕਿਤੇ ਪ੍ਰੀਤੀ ਕੋਈ ਗਲਤ ਕਦਮ ਨਾ ਉਠਾ ਲਵੇ? ਕਿਤੇ ਫਿਰ ਫਿਆਜ਼ ਨਾਲ ਨਾ ਚਲੀ ਜਾਵੇ? ਫਿਆਜ਼ 'ਤੇ ਵੀ ਬਹੁਤ ਗੁੱਸਾ ਆ ਰਿਹਾ ਸੀ? ਇਹ ਸਾਲਾ ਹਰਾਮੀ ਫਿਰ ਕਿੱਥੋਂ ਆ ਗਿਆ। ਅਗਰ ਪ੍ਰੀਤੀ ਨੇ ਕੁਝ ਕਰ ਲਿਆ ਤਾਂ ਮੈਂ ਬਰਬਾਦ ਹੋ ਜਾਵਾਂਗਾ, ਮੇਰਾ ਕੰਮ ਕਾਜ ਖ਼ਤਮ ਹੋ ਜਾਏਗਾ। ਕਿਸੇ ਤਰੀਕੇ ਇਸ ਨੂੰ ਮਨਾਣਾ ਪਏਗਾ। ਇਸ ਦੀ ਗੱਲ ਮੰਨਣੀ ਪਏਗੀ। ਕੀ ਫਰਕ ਪੈਂਦਾ ਹੈ? ਅੱਖੀਂ ਵੇਖ ਕੇ ਮੱਖੀ ਖਾਣੀ ਪੈਣੀ ਹੈ। ਜਦੋਂ ਮੈਂ ਇਸ ਨਾਲ ਵਿਆਹ ਕੀਤਾ ਸੀ ਕਿਹੜੀ ਸਤੀ-ਸਾਵਿਤ੍ਰੀ ਸੀ? ਮਿਲਣਾ ਚਾਹੁੰਦੀ ਹੈ ਤਾਂ ਮਿਲ ਲਵੇ। ਅਗਰ ਉਸ ਦੀ ਆਤਮਾ ਉਸ ਦਾ ਜ਼ਮੀਰ ਮੰਨਦਾ ਹੈ ਤਾਂ ਕਰ ਲਵੇ ਆਪਣੀ ਮਰਜ਼ੀ। ਆਪਣੇ ਮੰਨ ਵਿਚ ਹੀ ਆਪਣੇ ਵਿਚਾਰਾਂ ਨਾਲ ਆਪਣੇ ਆਪ ਨੂੰ ਸਮਝਾਂਦਾ ਰਿਹਾ। ਬਲਬੀਰ ਨੇ ਕਦੀ ਸ਼ਰਾਬ ਨਹੀਂ ਪੀਤੀ ਸੀ ਨਾ ਹੀ ਪੀਣ ਦਾ ਸ਼ੌਕ ਰੱਖਦਾ ਸੀ। ਪਰ ਅੱਜ ਉਸਦਾ ਦਿਲ ਸ਼ਰਾਬ ਪੀਣ ਨੂੰ ਕੀਤਾ। ਢਾਬੇ ਤੇ ਸ਼ਰਾਬ ਰੱਖਦਾ ਸੀ ਵੇਚਣ ਲਈ ਤੇ ਅੱਜ ਆਪ ਵੀ ਪੀ ਲਈ। ਢਾਬੇ ਤੋਂ ਹੀ ਪ੍ਰੀਤੀ ਲਈ ਰੋਟੀ ਭੇਜੀ ਜਿਹੜੀ ਉਸਨੇ ਵਾਪਸ ਕਰ ਦਿੱਤੀ ਖਾਣ ਤੋਂ ਬਿਨ੍ਹਾਂ ਤੇ ਆਪਣਾ ਦਰਵਾਜਾ ਵੀ ਨਹੀਂ ਖੋਲ੍ਹਿਆ। ਨੌਕਰ ਨੇ ਆ ਕੇ ਦੱਸਿਆ ਕਿ "ਬੀਬੀ ਜੀ ਦਾ ਕਮਰਾ ਬੰਦ ਹੈ ਤੇ ਰੌਸ਼ਨੀ ਵੀ ਨਹੀਂ ਜਲ ਰਹੀ। ਬਹੁਤ ਆਵਾਜ਼ਾਂ ਮਾਰੀਆਂ ਕੋਈ ਜਵਾਬ ਵੀ ਨਹੀਂ ਦਿੱਤਾ।"

ਬਲਬੀਰ ਘਬਰਾ ਗਿਆ, ਛੇਤੀ-ਛੇਤੀ ਅੰਦਰ ਗਿਆ, ਦਰਵਾਜਾ ਖੜਕਾਇਆ, ਬਹੁਤ ਉੱਚੀ ਆਵਾਜ਼ ਵਿਚ ਪ੍ਰੀਤੀ ਨੂੰ ਬੁਲਾਂਦਾ ਰਿਹਾ, "ਪ੍ਰੀਤੀ ਦਰਵਾਜਾ ਖੋਲ੍ਹ, ਬਾਹਰ ਨਿਕਲ।" ਪਰ ਪ੍ਰੀਤੀ ਦੇ ਕਮਰੇ ਤੋਂ ਕੋਈ ਜਵਾਬ ਨਹੀਂ ਆਇਆ। ਉਸ ਨੇ ਸੋਚਿਆ ਕਿਤੇ ਆਤਮ-ਹੱਤਿਆ ਤਾਂ ਨਹੀਂ ਕਰ ਬੈਠੀ ਹੋਵੇ, ਉਹ ਫਿਰ ਚੀਖਿਆ।" ਪ੍ਰੀਤੀ ਬੂਹਾ ਖੋਲ੍ਹ ਤੂੰ ਜੋ ਚਾਹੇਂਗੀ ਉਹੀ ਹੋਵੇਗਾ। ਤੂੰ ਫਿਆਜ਼ ਨੂੰ ਮਿਲ ਸਕਦੀ ਹੈਂ, ਬਸ ਸਿਰਫ ਇਕ

ਵਾਰੀ ਬੂਹਾ ਖੋਲ੍ਹ ਦੇ।" ਆਪਣਾ ਸਿਰ ਦੋਨਾਂ ਹੱਥਾਂ ਵਿਚ ਫੜ ਕੇ ਦਰਵਾਜੇ ਦੀ ਦਹਿਲੀਜ਼ ਵਿਚ ਬੈਠ ਗਿਆ। ਕੁਝ ਵਕਤ ਬਾਅਦ ਪ੍ਰੀਤੀ ਨੇ ਦਰਵਾਜ਼ਾ ਖੋਲ੍ਹਿਆ, ਖਿੱਲਰੇ ਵਾਲ, ਚੁੰਨੀ ਗਲ ਵਿਚ ਪਾਈ ਹੋਈ, ਆਪਣੇ ਕੱਪੜੇ ਫਾੜੇ ਹੋਏ ਤੇ ਰੋ-ਰੋ ਕੇ ਅੱਖਾਂ ਸੁਜਾਈਆਂ ਹੋਈਆਂ ਸਨ। ਬਲਬੀਰ ਨੇ ਉਹਨੂੰ ਸੀਨੇ ਨਾਲ ਲਗਾਇਆ ਤੇ ਜ਼ਜਬਾਤੀ ਹੋ ਗਿਆ, "ਝੱਲੀਏ ਤੂੰ ਜਾਣਦੀ ਹੈਂ ਕਿ ਮੈਂ ਤੇਰੇ ਬਿਨਾਂ ਜਿੰਦਾ ਨਹੀਂ ਰਹਿ ਸਕਦਾ ਤੇ ਆਪਣੀ ਜ਼ਿੰਦਗੀ ਦੀ ਚਾਹਤ ਪੂਰੀ ਕਰਾਂਗਾ, ਤੂੰ ਫਿਆਜ਼ ਨੂੰ ਮਿਲ ਸਕਦੀ ਹੈਂ, ਅਗਰ ਤੈਨੂੰ ਇਹੋ ਹੀ ਚੰਗਾ ਲੱਗਦਾ ਹੈ।" ਇਸਤਰੀ ਹੇਠ ਅੱਗੇ ਬਲਬੀਰ ਝੁਕ ਗਿਆ।

## 13

**ਫ਼ਿ**ਆਜ਼ ਦੂਜੇ ਦਿਨ ਢਾਬੇ ਤੇ ਆਇਆ। ਪ੍ਰੀਤੀ ਰੋਜ਼ ਵਾਂਗੂ ਕਾਊਂਟਰ ਤੇ ਬੈਠੀ ਸੀ। ਅੱਖਾਂ ਭਾਵੇਂ ਰੋ-ਰੋ ਕੇ ਲਾਲ ਹੋਈਆਂ ਸਨ ਪਰ ਚੇਹਰੇ ਤੇ ਮੁਸਕਾਨ ਸੀ। ਖੁਸ਼ ਸੀ ਤੇ ਫਿਆਜ਼ ਨੂੰ ਆਪਣੇ ਕੋਲ ਵਾਲੀ ਕੁਰਸੀ ਤੇ ਬਿਠਾਇਆ। ਬਲਬੀਰ ਅੰਦਰ ਸੀ ਨੌਕਰ ਭੇਜ ਕੇ ਉਸਨੂੰ ਬੁਲਾਇਆ। ਹੁਣ ਤਕ ਉਹ ਕਦੀ ਫਿਆਜ਼ ਨੂੰ ਮਿਲਿਆ ਨਹੀਂ ਸੀ, ਉਸਦਾ ਸਾਹਮਣਾ ਕਦੀ ਨਹੀਂ ਸੀ ਹੋਇਆ। ਅੰਦਰੋਂ ਆ ਕੇ ਉਸਨੂੰ ਮਿਲਿਆ ਇਕ ਹਾਰੇ ਹੋਏ ਕਰਮਵੀਰ ਦੀ ਤਰ੍ਹਾਂ, ਜਿਸ ਦੇ ਕਰਮਾਂ ਵਿਚ ਕੇਵਲ ਹਾਰ ਲਿਖੀ ਹੋਈ ਸੀ ਉਹ ਕੁਝ ਨਹੀਂ ਬੋਲਿਆ ਸਿਰਫ ਏਨਾ ਹੀ ਕਿਹਾ, "ਇਸੇ ਲੈ ਜਾ ਸਕਤੇ ਹੋ।" ਤੇ ਆਪ ਕਾਊਂਟਰ ਤੇ ਬੈਠ ਗਿਆ। ਪ੍ਰੀਤੀ ਤਿਆਰ ਹੋ ਕੇ ਫਿਆਜ਼ ਨਾਲ ਚਲੀ ਗਈ ਕਹਿ ਕੇ "ਰਾਤ ਤਕ ਵਾਪਿਸ ਆ ਜਾਵਾਂਗੀ।" ਬਲਬੀਰ ਚੁੱਪ ਰਿਹਾ ਤੇ ਅਨੁਮਤੀ ਵਿਚ ਸਿਰਫ ਸਿਰ ਹਿਲਾਇਆ ਤੇ ਪ੍ਰੀਤੀ ਚਲੀ ਗਈ।

ਪਿਆਰ ਇਸ਼ਕ ਮਨੁੱਖ ਨੂੰ ਕਿੰਨਾ ਪਾਗਲ ਤੇ ਦੀਵਾਨਾ ਕਰ ਦਿੰਦਾ ਹੈ। ਧਰਮ ਕਰਮ ਦੀ ਕੋਈ ਸੋਝੀ ਨਹੀਂ ਰਹਿੰਦੀ। ਸ਼ਰਮ ਖਤਮ ਹੋ ਜਾਂਦੀ ਹੈ। ਜੀਵਨ ਵਿਚ ਕਿਸੇ ਲਈ ਭਾਵਨਾ ਦਾ ਅੰਤ ਹੋ ਜਾਂਦਾ ਹੈ। ਫਿਆਜ਼ ਭਾਵੇਂ ਪ੍ਰੀਤੀ ਲਈ ਬਹੁਤ ਚੰਗਾ ਹੋਏਗਾ ਪਰ ਇਨਸਾਨੀਅਤ ਦੀ ਨਜ਼ਰਾਂ ਵਿਚ ਉਸ ਨੇ ਨੀਚ ਕਰਮ ਕੀਤਾ। ਕੋਈ ਸਦਾਚਾਰ ਹੁੰਦਾ ਹੈ? ਸ਼ਰਾਫਤ ਤੋਂ ਗਿਰਨ ਦੀ ਕੋਈ ਹੱਦ ਹੁੰਦੀ ਹੈ? ਪ੍ਰੀਤੀ ਦਾ ਆਪਣੇ ਘਰ ਵਾਲੇ ਨਾਲ ਜਾਣ ਬਾਅਦ ਉਸ ਨੂੰ ਪਿੱਛੇ ਹੱਟ ਜਾਣਾ ਚਾਹੀਦਾ ਸੀ। ਸਦਾ ਵਾਸਤੇ ਉਸਦੀ ਜ਼ਿੰਦਗੀ ਵਿਚੋਂ ਨਿਕਲ ਜਾਣਾ ਚਾਹੀਦਾ ਸੀ। ਪ੍ਰੀਤੀ ਦੇ ਸੁਖੀ ਸੰਸਾਰ ਵਿਚ ਦਖਲ ਨਹੀਂ ਸੀ ਦੇਣਾ ਚਾਹੀਦਾ। ਕਿਸੇ ਬੰਦੇ ਨੂੰ ਪੁੱਛ ਕੇ ਉਸਦੇ ਸਾਹਮਣੇ ਉਸਦੀ ਪਤਨੀ ਨੂੰ ਲੈ ਜਾਣਾ ਨੀਚਤਾ ਤੋਂ ਸਿਵਾ ਹੋਰ ਕੀ ਸੀ?

ਪ੍ਰੀਤੀ ਦੀ ਨੀਚਤਾ ਦਾ ਵੀ ਇਹ ਇਕ ਉਦਾਹਰਣ ਸੀ, ਪ੍ਰੀਤੀ ਦਾ ਪਤੀ ਨੂੰ ਛੱਡ ਕੇ ਦੂਸਰੇ ਮਰਦ ਨਾਲ ਜਾਣਾ, ਇਸ ਤੋਂ ਵੱਧ ਚਰਿਤਰਹੀਨਤਾ ਕੀ ਹੋ ਸਕਦੀ ਹੈ? ਔਰਤ ਜਦੋਂ ਆਈ ਤੇ ਆਂਦੀ ਹੈ ਤਾਂ ਕੁਝ ਵੀ ਕਰ ਸਕਦੀ ਹੈ, ਅੰਦਰ ਦਾ ਭੈ ਮੁੱਕ ਜਾਂਦਾ

ਹੈ, ਆਤਮਾ ਮਰ ਜਾਂਦੀ ਹੈ। ਜਦੋਂ ਆਤਮਾ ਮਰ ਜਾਵੇ ਤਾਂ ਔਰਤ ਸਵਾਰਥੀ ਹੋ ਜਾਂਦੀ ਹੈ। ਉਹ ਟੁੱਟ ਜਾਂਦੀ ਹੈ ਉਸ ਦੇ ਜਿਸਮ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਮਰਦ ਉਸ ਨਾਲ ਆਪਣੀ ਹਵਸ ਪੂਰੀ ਕਰਦਾ ਹੈ। ਫਿਆਜ਼ ਕੋਲ ਦੋ ਵਾਰੀ ਰਹੀ, ਆਪਣੇ ਪਤੀ ਕੋਲ ਦੋ ਵਾਰੀ ਰਹੀ ਤੇ ਕੁਲਦੀਪ ਨੇ ਬਲਾਤਕਾਰ ਕੀਤਾ। ਹੁਣ ਉਹਦੇ ਕੋਲ ਬਚਾਣ ਜੋਗਾ ਕੀ ਰਹਿ ਗਿਆ ਸੀ? ਹਾਂ ਉਸ ਦੀ ਚਾਹਤ ਜਿੰਦਾ ਸੀ ਜਾਂ ਫਿਰ ਭਟਕਿਆ ਹੋਇਆ ਪਿਆਰ ਜਿਸ ਲਈ ਉਹ ਸਦਾ ਤਿਆਰ ਸੀ।

ਫਿਆਜ਼ ਉਸ ਨੂੰ ਰਾਤ ਦਸ ਵਜੇ ਛੱਡ ਗਿਆ ਨਾਂਦੇੜ ਤੋਂ ਉਸ ਨੇ ਟੈਕਸੀ ਲਿਆਂਦੀ ਸੀ। ਬਲਬੀਰ ਕਾਊਂਟਰ ਤੇ ਬੈਠਾ ਹਿਸਾਬ ਕਰ ਰਿਹਾ ਸੀ, ਨਾਲੇ ਸ਼ਰਾਬ ਪੀ ਰਿਹਾ ਸੀ, ਅੱਜ ਦੂਜੇ ਦਿਨ ਫਿਰ ਉਸ ਨੇ ਸ਼ਰਾਬ ਪੀਤੀ ਸੀ। ਪ੍ਰੀਤੀ ਵੱਲ ਉਸਨੇ ਵੇਖਿਆ ਵੀ ਨਹੀਂ, ਉਹ ਅੰਦਰ ਚਲੀ ਗਈ ਤੇ ਫਿਆਜ਼ ਨੇ ਟੈਕਸੀ ਵਾਪਸ ਮੋੜੀ ਤੇ ਬਲਬੀਰ ਨੂੰ ਬਿਨ੍ਹਾਂ ਮਿਲੇ ਚਲਾ ਗਿਆ। ਬਲਬੀਰ ਨੂੰ ਮਿਲਦਾ ਵੀ ਕਿਵੇਂ? ਕਿਵੇਂ ਇਕ ਦੂਜੇ ਨਾਲ ਅੱਖਾਂ ਮਿਲਾ ਸਕਦੇ ਸਨ?

ਬਲਬੀਰ ਦੇ ਜੀਵਨ ਵਿਚ ਬੜਾ ਬਦਲਾਅ ਆ ਗਿਆ। ਇਸ ਘਟਨਾ ਤੋਂ ਬਾਦ ਉਸ ਨੇ ਰੋਜ਼ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ, ਪ੍ਰੀਤੀ ਤੋਂ ਦੂਰੀ ਬਣਾ ਲਈ ਕਈ ਦਿਨ ਉਸ ਨੇ ਨਾਲ ਗੱਲ ਨਹੀਂ ਕੀਤੀ। ਉਸ ਨੂੰ ਜਾਪਿਆ ਕਿ ਮੈਂ ਪਤਨੀ ਘਰ ਰੱਖੀ ਹੈ, ਦੇਖ-ਭਾਲ ਕਰਦਾ ਹਾਂ। ਇਸ ਦੀ ਹਰ ਲੋੜ ਪੂਰੀ ਕਰਦਾ ਹਾਂ ਪਰ ਇਹ ਤੇ ਕਿਸੇ ਦੂਸਰੇ ਮਰਦ ਦੀ ਅਮਾਨਤ ਹੈ। ਜਦੋਂ ਉਸ ਦਾ ਮਨ ਕਰੇਗਾ, ਆਏਗਾ, ਮੇਰੀ ਪਤਨੀ ਨੂੰ ਲੈ ਜਾਏਗਾ, ਵਰਤ ਕੇ ਵਾਪਸ ਛੱਡ ਜਾਏਗਾ। ਬਲਬੀਰ ਦੇ ਅੰਦਰ ਦਾ ਉਤਸ਼ਾਹ ਮੁੱਕ ਗਿਆ ਸੀ। ਈਸ਼ਵਰ ਤੋਂ ਭਰੋਸਾ ਉੱਠ ਗਿਆ ਸੀ। ਪ੍ਰੀਤੀ ਨਾਲ ਉਸ ਨੂੰ ਨਫ਼ਰਤ ਹੋ ਗਈ ਸੀ। ਉਸਨੇ ਪ੍ਰੀਤੀ ਦਾ ਬਾਹਰ ਕਾਊਂਟਰ ਤੇ ਬੈਠਣਾ ਵੀ ਘੱਟ ਕਰ ਦਿੱਤਾ। ਉਸ ਨੂੰ ਜਾਪਿਆ ਜਿਵੇਂ ਇਸ ਨੂੰ ਫਿਆਜ਼ ਨਾਲ ਜਾਣ ਲਈ ਜਿੱਦ ਕੀਤੀ ਹੈ, ਇਹ ਕਿਸੇ ਨਾਲ ਵੀ ਜਾਣ ਲਈ ਜ਼ਿੱਦ ਕਰੇਗੀ। ਵਿਸ਼ਵਾਸ਼ ਖਤਮ ਹੋ ਗਿਆ। ਐਵੇਂ ਹੀ ਕੁਝ ਦਿਨ ਬੀਤ ਗਏ ਹੌਲੀ-ਹੌਲੀ ਬਲਬੀਰ ਦਾ ਗੁੱਸਾ ਸ਼ਾਂਤ ਹੋ ਗਿਆ। ਫਿਰ ਥੋੜ੍ਹੀ ਬਹੁਤ ਗੱਲ-ਬਾਤ ਸ਼ੁਰੂ ਹੋ ਗਈ ਤੇ ਫਿਰ ਉਸੇ ਤਰ੍ਹਾਂ ਸਭ ਠੀਕ ਹੋ ਗਿਆ ਪਰ ਪਾਬੰਦੀਆਂ ਪ੍ਰੀਤੀ ਤੇ ਬਰਕਰਾਰ ਰਹੀਆਂ ਉਹਨਾਂ ਦਾ ਹੱਸਣਾ, ਖੇਡਣਾ ਤੇ ਪਿਆਰ ਕਰਨਾ ਘੱਟ ਗਿਆ ਸੀ। ਬਲਬੀਰ ਦੇ ਦਿਲ ਨੂੰ ਬਹੁਤ ਠੇਸ ਲੱਗੀ ਸੀ ਪਰ ਉਸਦਾ ਆਪਣਾ ਕਸੂਰ ਸੀ।

ਪ੍ਰੀਤੀ ਨੂੰ ਕੋਈ ਅਫ਼ਸੋਸ ਨਹੀਂ ਸੀ ਇਸ ਘਟਨਾ ਦੇ ਘਟਣ ਦਾ ਤੇ ਉਹ ਬਹੁਤ ਪ੍ਰਸੰਨ ਸੀ।

# 14

ਉਧਰ ਕਸ਼ਮੀਰ ਵਿਚ ਹਾਲਾਤ ਬਹੁਤ ਖਰਾਬ ਹੋ ਗਏ ਸਨ, ਆਤੰਕਵਾਦ ਵਧਦਾ ਜਾ ਰਿਹਾ ਸੀ, ਫੌਜ ਤੇ ਪੁਲੀਸ ਉੱਤੇ ਆਤੰਕਵਾਦੀਆਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ, ਜਿਥੇ ਵੀ ਮੌਕਾ ਮਿਲਦਾ ਫੌਜੀਆਂ ਦੇ ਕੈਂਪਾਂ ਤੇ ਗ੍ਰਨੇਡ ਸੁੱਟਣੇ, ਆਤਮਘਾਤੀ ਦਸਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਆਰਮੀ ਕੈਂਪਾਂ ਵਿਚ ਵੜ ਜਾਂਦੇ ਨੁਕਸਾਨ ਪਹੁੰਚਾਂਦੇ ਤੇ ਆਪ ਵੀ ਮਾਰੇ ਜਾਂਦੇ। ਹੱਸਦਾ ਵੱਸਦਾ ਕਸ਼ਮੀਰ ਨਰਕ ਬਣ ਗਿਆ ਸੀ। ਹਿੰਦੂਆਂ ਦੇ ਉੱਘੇ ਨੇਤਾ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸਤ੍ਰੀਆਂ ਨਾਲ ਬੇਹੁਰਮਤੀ ਕੀਤੀ ਗਈ। ਗੋਦ ਵਿਚ ਚੁੱਕੇ ਬੱਚਿਆਂ ਨੂੰ ਮਾਰ ਦਿੱਤਾ ਗਿਆ। ਮੰਦਿਰ ਤੋੜ ਭੰਨ੍ਹ ਦਿੱਤੇ ਗਏ। ਘਰਾਂ ਨੂੰ ਅੱਗ ਲਾ ਦਿੱਤੀ ਗਈ ਤੇ ਵਾਦੀ ਦੇ ਹਿੰਦੂਆਂ ਨੂੰ ਨਿਸ਼ਕਾਸਨ ਲਈ ਮਜ਼ਬੂਰ ਕੀਤਾ ਗਿਆ। ਘਰ ਬਾਹਰ ਛੱਡ ਕੇ ਕਸ਼ਮੀਰੀ ਪੰਡਿਤਾਂ ਨੂੰ ਆਪਣੀ ਜਾਨ ਤੇ ਇੱਜ਼ਤ ਬਚਾ ਕੇ ਘਰ ਬਾਰ ਛੱਡਣਾ ਪੈ ਗਿਆ। ਆਪਣੀ ਧਰਤੀ ਤੋਂ ਜਲਾਵਤਨ ਹੋਣਾ ਪਿਆ ਦੇਸ਼ ਦੀ ਇਹ ਬਹੁਤ ਵੱਡੀ ਤ੍ਰਾਸਦੀ ਸੀ। ਆਪਣੇ ਵਤਨ ਵਿਚ ਹੀ ਕਸ਼ਮੀਰੀ ਹਿੰਦੂਆਂ ਨੂੰ ਸ਼ਰਣਾਰਥੀ ਬਣ ਕੇ ਰਹਿਣਾ ਪਿਆ। ਕੋਈ ਜੰਮੂ ਚਲਾ ਗਿਆ, ਕੋਈ ਦਿੱਲੀ ਚਲਾ ਗਿਆ ਤੇ ਕੋਈ ਹੋਰ ਕਿਤੇ। ਭਾਰਤ ਦੇ ਹਰ ਸ਼ਹਿਰ ਵਿਚ ਹਰ ਪ੍ਰਦੇਸ਼ ਵਿਚ ਇਹ ਸ਼ਰਣਾਰਥੀ ਜਾ ਕੇ ਵੱਸ ਗਏ। ਦੇਸ਼ ਦੀ ਸਭ ਤੋਂ ਪੁਰਾਣੀ ਸੱਭਿਅਤਾ, ਸਭਿਆਚਾਰ, ਸੰਸਕ੍ਰਿਤੀ ਦੇ ਵਾਰਸ ਸ਼ਰਣਾਰਥੀ ਬਣ ਗਏ। ਆਪਣੀ ਧਰਤੀ, ਆਪਣੇ ਖੇਤ ਖਲਿਆਨ, ਬਾਗ਼ ਬਗ਼ੀਚੇ ਸਭ ਛੁੱਟ ਗਏ। ਕਲ਼ ਕਲ਼ ਕਰਦੀਆਂ ਨਦੀਆਂ ਦਾ ਸ਼ੀਤਲ ਜਲ ਛੁੱਟ ਗਿਆ। ਬਰਫ ਨਾਲ ਢੱਕੀਆਂ ਪਰਵਤਾਂ ਦੀਆਂ ਚੋਟੀਆਂ ਸਭ ਛੁੱਟ ਗਏ ਤੇ ਆਸ ਵੀ ਨਹੀਂ ਸੀ ਰਹੀ ਕਦੀ ਫਿਰ ਪਰਤਣ ਦੀ। ਸਿਰਫ ਬਹੁਤ ਲੋੜ ਦੀਆਂ ਵਸਤੂਆਂ ਹੀ ਲੈ ਕੇ ਹੀ ਘਰ ਛਡਣੇ ਪਏ। ਕਿੱਥੇ ਜਾਣਗੇ? ਕੀ ਕਰਨਗੇ। ਕੋਈ ਸਮਝ ਨਹੀਂ ਸੀ, ਕੋਈ ਵਿਚਾਰ ਨਹੀਂ ਸੀ? ਕੋਈ ਆਸ ਨਹੀਂ ਸੀ।

ਸਦੀਆਂ ਦਾ ਭਾਈਚਾਰਾ ਵੇਖਦੇ-ਵੇਖਦੇ ਖ਼ਤਮ ਹੋ ਗਿਆ ਸੀ। ਇਕੋ ਪਹਿਰਾਵਾ, ਇਕੋ ਭਾਸ਼ਾ, ਇਕੋ ਸੋਚ, ਪਤਾ ਨਹੀਂ ਕਿਵੇਂ ਸਭ ਬਦਲ ਗਿਆ। ਬੂਹੇ ਤੇ ਬਾਰੀਆਂ ਖੁਲ੍ਹੀਆਂ ਹੀ ਛੱਡ ਕੇ ਆਪਣੀ ਜਾਣ ਬਚਾ ਕੇ ਕਸ਼ਮੀਰੀ ਪੰਡਿਤਾਂ ਨੇ ਕਸ਼ਮੀਰ ਛੱਡ ਦਿੱਤਾ, ਕਿਸੇ ਨੇ ਆਪਣੀ ਜਾਇਦਾਦ ਦੀ, ਕਾਰੋਬਾਰ ਦੀ ਸਰਕਾਰੀ ਅਹੁਦਿਆਂ ਦੀ ਪ੍ਰਵਾਹ ਨਹੀਂ ਕੀਤੀ ਆਪਣੀ ਜਾਨ ਬਚਾ ਕੇ ਸੜਦਾ ਕਸ਼ਮੀਰ ਛੱਡ ਆਏ।

ਕਸ਼ਮੀਰੀ ਸਿੱਖਾਂ ਨੇ ਕਸ਼ਮੀਰ ਨਹੀਂ ਛੱਡਿਆ, ਸ਼ਾਇਦ ਉਹ ਹੋਰ ਸੰਕਟ ਵੇਖਣਾ ਚਾਹੁੰਦੇ ਸਨ, ਇਸ ਤੋਂ ਵੀ ਜ਼ਿਆਦਾ ਬੁਰੇ ਦਿਨ ਦੇਖਣਾ ਚਾਹੁੰਦੇ ਸਨ। ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ, ਛੋਟੇ-ਛੋਟੇ ਕਾਰੋਬਾਰ ਤੇ ਛੋਟੀਆਂ-ਛੋਟੀਆਂ ਨੌਕਰੀਆਂ ਲਈ ਉੱਥੇ ਟਿਕੇ ਰਹੇ। ਉਹਨਾਂ ਨੂੰ ਭਰੋਸਾ ਸੀ ਕਿ ਉਹਨਾਂ ਨਾਲ ਕੁਝ ਨਹੀਂ ਹੋਏਗਾ। ਕੁਝ ਲੋਕਾਂ ਦੀ

ਸੋਚ ਸਹੀ ਵੀ ਸੀ ਪਰ ਆਮ ਲੋਕ ਆਤੰਕਵਾਦੀਆਂ ਦੇ ਨਿਸ਼ਾਨੇ 'ਤੇ ਸਨ। ਦੂਰੀਆਂ ਵੱਧ ਗਈਆਂ ਸਨ। ਅਲਪ-ਸੰਖਿਅਕ ਆਬਾਦੀ ਵਾਲੇ ਲੋਗ ਡਰ ਵਿਚ ਜੀਵਨ ਗੁਜ਼ਾਰ ਰਹੇ ਸਨ। ਦੂਰ ਵੱਸਦੇ ਪਿੰਡਾਂ ਵਿਚ ਸਰਹੱਦੋਂ ਪਾਰ ਆਏ ਉਗਰਵਾਦੀ ਰਾਤ ਨੂੰ ਕਿਸੇ ਦੇ ਵੀ ਘਰ ਵੜ ਜਾਂਦੇ, ਭੋਜਨ ਕਰਦੇ ਰਾਤ ਨੂੰ ਸੌਂਦੇ ਸਵੇਰੇ ਤੜਕੇ ਚੇਤਾਵਨੀ ਦੇ ਕੇ ਚਲੇ ਜਾਂਦੇ ਕਿ ਕਿਸੇ ਨੂੰ ਦੱਸਣਾ ਨਹੀਂ। ਲੋਕ ਉਥੇ ਰਹਿੰਦੇ ਤਾਂ ਸਨ ਪਰ ਇਹੋ-ਜਿਹੇ ਡਰ ਵਿਚ ਹੀ ਵੱਸਦੇ ਸਨ। ਭੈਅ ਦੇ ਵਾਤਾਵਰਨ ਵਿਚ ਬੱਚੇ ਸਕੂਲਾਂ ਕਾਲਜਾਂ ਵਿਚ ਜਾਂਦੇ ਸਨ। ਪਰ ਉਹਨਾਂ ਦੀ ਵਾਪਸੀ ਤਕ ਆਪਣੇ ਹੀ ਸਾਹ ਰੁਕੇ ਰਹਿੰਦੇ ਸਨ, ਖਾਸਕਰ ਬੱਚੀਆਂ ਵਾਸਤੇ। ਕਦੀ ਵੀ ਕੋਈ ਅਣਹੋਣੀ ਹੋ ਸਕਦੀ ਸੀ।

ਉਹਨਾਂ ਦਿਨਾਂ ਹੀ ਜਿਲ੍ਹਾ ਅਨੰਤਨਾਗ ਵਿਚ ਜਿਹੜਾ ਦੱਖਣੀ ਕਸ਼ਮੀਰ ਵਿਚ ਸਥਿੱਤ ਹੈ ਇਕ ਘਟਨਾ ਹੋਈ। ਇਕ ਕੁੜੀ ਤਰਾਲ ਇਲਾਕੇ ਦੀ ਕਾਲੇਜ ਜਾਂਦੀ ਸੀ। ਕਈ ਦਿਨਾਂ ਤੋਂ ਇਕ ਮੁਸਲਮਾਨ ਮੁੰਡਾ ਉਸ ਦਾ ਪਿੱਛਾ ਕਰ ਰਿਹਾ ਸੀ। ਕਦੀ ਮੋਟਰ ਸਾਈਕਲ ਲੈ ਕੇ ਉਹਦੇ ਪਿੰਡ ਹੁੰਦਾ, ਕਦੀ ਖੁੱਲ੍ਹੀ ਜੀਪ ਲੈ ਕੇ ਉਸ ਦੇ ਨਾਲ ਗੱਲ-ਬਾਤ ਕਰਨ ਦੀ ਕੋਸ਼ਿਸ਼ ਕਰਦਾ, ਉਹ ਕੁੜੀ ਉਸ ਵੱਲ ਆਕਰਸ਼ਿਤ ਹੋ ਗਈ। ਉਸ ਨੂੰ ਮਿਲਣ ਲਗ ਗਈ ਤੇ ਉਹ ਮੁੰਡਾ ਇਕ ਦਿਨ ਉਸ ਦੇ ਘਰ ਆ ਗਿਆ ਤੇ ਕੁੜੀ ਦੇ ਪਿਤਾ ਨੂੰ ਸਿੱਧੇ ਹੀ ਬਿਨ੍ਹਾਂ ਕਿਸੇ ਸ਼ਰਮ ਦੇ ਕਿਸੇ ਭੈਅ ਦੇ ਕਹਿ ਦਿੱਤਾ ਕਿ "ਆਪਕੀ ਲੜਕੀ ਕੇ ਸਾਥ ਸ਼ਾਦੀ ਕਰਨਾ ਚਾਹਤਾ ਹੂੰ। ਅਗਰ ਆਪ ਇਜ਼ਾਜ਼ਤ ਦੇਂਗੇ ਤੋ ਠੀਕ ਹੈ ਨਹੀਂ ਤੋਂ ਮੈਂ ਜ਼ਬਰਦਸਤੀ ਲੈ ਜਾਊਂਗਾ ਔਰ ਨਿਕਾਹ ਕਰ ਲੂੰਗਾ।" ਇਹ ਚੇਤਾਵਨੀ ਸੁਣ ਕੇ ਪਿਤਾ ਦੇ ਦਿਲ ਤੇ ਕੀ ਗੁਜ਼ਰੀ ਹੋਏਗੀ? ਪਿਤਾ ਨੇ ਉੱਤਰ ਦਿੱਤਾ ਇਕ ਦੋ ਦਿਨ ਮੇਂ ਸੋਚ ਕਰ ਬਤਾਏਂਗੇ।

"ਠੀਕ ਹੈ ਮੁਝੇ ਜਲਦੀ ਜਵਾਬ ਚਾਹੀਏ।" ਤੇ ਚਲਾ ਗਿਆ। ਇਹੋ ਜਿਹੇ ਹਾਲਾਤ ਹੋ ਗਏ ਸਨ। ਉਹ ਮੁੰਡਾ ਵੀ ਉਗਰਵਾਦੀ ਬਣ ਚੁੱਕਾ ਸੀ ਤੇ ਡਰਾ ਧਮਕਾ ਕੇ ਕੁੜੀ ਨਾਲ ਨਿਕਾਹ ਕਰਨਾ ਚਾਹੁੰਦਾ ਸੀ। ਇਹਨਾਂ ਹਾਲਾਤਾਂ ਵਿਚ ਪਿਉ ਕੀ ਕਰ ਸਕਦਾ ਸੀ? ਉਸ ਨੇ ਪਿੰਡ ਦੇ ਪਤਵੰਤੇ ਤੇ ਬਰਾਦਰੀ ਦੇ ਕੁਝ ਖਾਸ ਲੋਕਾਂ ਨੂੰ ਪਿੰਡ ਦੇ ਗੁਰਦਵਾਰੇ ਵਿਚ ਇਕੱਠਾ ਕੀਤਾ, ਸਾਰੀ ਘਟਨਾ ਸੁਣਾਈ ਤੇ ਪੁੱਛਿਆ ਹੁਣ ਕੀ ਕੀਤਾ ਜਾਏ? ਇਥੋਂ ਤਕ ਇਹਨਾਂ ਦੀ ਹਿੰਮਤ ਵੱਧ ਗਈ ਹੈ ਕਿ ਘਰ ਆ ਕੇ ਧਮਕੀ ਦੇ ਕੇ ਜਾਂਦੇ ਨੇ। ਅੱਜ ਮੇਰੀ ਬੇਟੀ ਹੈ ਕਲ ਤੁਹਾਡੇ ਵਿਚੋਂ ਕਿਸੇ ਹੋਰ ਦੀ ਹੋਵੇਗੀ। ਸਾਡਾ ਇਥੇ ਵੱਸਣਾ ਕਿੰਨਾ ਕਠਿਨ ਹੋ ਗਿਆ ਹੈ। ਪਹਿਲੇ ਦਿਨੀਂ ਸਿੰਘਪੁਰਾ ਵਿਚ ਕਤਲੋਗਾਰਦ ਹੋਇਆ ਹੁਣ ਸਾਡੀਆਂ ਧੀਆਂ ਨੂੰ ਲੈ ਜਾਣਗੇ? ਕਿਵੇਂ ਚੱਲੇਗਾ? ਡੁੱਬ ਮਰਣ ਦੀ ਨੌਬਤ ਆ ਗਈ ਹੈ। ਕਸ਼ਮੀਰੀ ਪੰਡਿਤਾਂ ਵਾਂਗੂੰ ਸਾਨੂੰ ਵੀ ਘਰ-ਬਾਹਰ ਛੱਡ ਕੇ ਨੱਸਣਾ ਪਏਗਾ ਨਹੀਂ ਤਾਂ ਸਾਡੀ ਇੱਜ਼ਤ, ਸਾਡੀ ਸ਼ਾਨ ਸ਼ੌਕਤ ਮਿੱਟੀ ਵਿੱਚ ਮਿਲ ਜਾਏਗੀ।"

ਸਾਰੇ ਲੋਕ ਸਦਮੇ ਵਿਚ ਸਨ। ਵੱਖਰੋ ਵੱਖਰੀਆਂ ਸਲਾਹਾਂ ਦਿੰਦੇ ਸਨ। ਪਰ ਕਿਸੇ ਫੈਸਲੇ ਤੇ ਨਹੀਂ ਪੁੱਜੇ, ਜਿਹੜਾ ਕੁੜੀ ਦੇ ਪਿਤਾ ਨੂੰ ਸਵੀਕਾਰ ਹੋਏ। ਅੰਤ ਵਿਚ ਪਿਤਾ ਨੇ ਹੀ ਆਪਣਾ ਫੈਸਲਾ ਸੁਣਾਇਆ। ਗੁਰੂ ਦੀ ਹਜ਼ੂਰੀ ਵਿਚ ਬੈਠੇ ਹੋ। ਇਹ ਗੱਲ ਆਪਣੇ ਤਕ ਰੱਖਣੀ। ਮੈਂ ਅੱਜ ਰਾਤ ਆਪਣੀ ਧੀ ਨੂੰ ਮਾਰ ਦੇਣਾ ਹੈ ਤੇ ਸਵੇਰੇ ਚਾਰ ਵਜੇ ਉਸ ਦਾ ਸਸਕਾਰ ਕਰ ਦੇਵਾਂਗੇ। ਜਿਸ ਵੇਲੇ ਇਥੇ ਸੁਖਮਨੀ ਸਾਹਿਬ ਦਾ ਪਾਠ ਚੱਲਦਾ ਹੋਏਗਾ ਤੇ ਮਸਜਿਦ ਵਿਚ ਅਜ਼ਾਨ ਹੁੰਦੀ ਹੋਵੇਗੀ ਉਸ ਵੇਲੇ ਹੀ ਮੈਂ ਆਪਣੀ ਧੀ ਦਾ ਸਸਕਾਰ ਕਰ ਦੇਵਾਂਗਾ। ਕਿਸੇ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਤੁਸੀਂ ਪੰਜ ਸਿੱਖ ਹੀ ਉੱਥੇ ਮੌਜੂਦ ਹੋਵੋਗੇ। ਮੈਂ ਆਪਣੇ ਮਕਾਨ ਦੇ ਪਿਛਵਾੜੇ ਜਿੱਥੇ ਬਾੜੀ ਹੈ (ਕਿਚਨ ਗਾਰਡਨ) ਉੱਥੇ ਲੱਕੜਾਂ ਰੱਖੀਆਂ ਹੋਈਆਂ ਹਨ, ਉੱਥੇ ਹੀ ਸਸਕਾਰ ਕਰ ਦਿਆਂਗਾ ਤੇ ਉਸ ਹਰਾਮਜ਼ਾਦੇ ਨੂੰ ਜਵਾਬ ਮਿਲ ਜਾਵੇਗਾ। ਜਿਸ ਤੋਂ ਮੈਂ ਦੋ ਦਿਨ ਦਾ ਸਮਾਂ ਮੰਗਿਆ ਹੈ, ਜਵਾਬ ਦੇਣ ਲਈ।"

ਤੇ ਫਿਰ ਇੰਜ ਹੀ ਹੋਇਆ। ਪਿਤਾ ਨੇ ਸੁੱਤੀ ਧੀ ਦਾ ਗਲਾ ਘੋਟ ਦਿੱਤਾ ਤੇ ਸਵੇਰੇ ਸਸਕਾਰ ਕਰ ਦਿੱਤਾ। ਆਪਣੀ ਇੱਜ਼ਤ ਤੇ ਮਰਿਆਦਾ ਨੂੰ ਬਚਾਣ ਲਈ ਅਣਖੀ ਪਿਤਾ ਇਹੋ ਹੀ ਕਰਦੇ ਹਨ। ਸਵੇਰੇ ਸਭ ਕੁਝ ਠੀਕ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਕੇਵਲ ਐਨੀ ਹੀ ਖ਼ਬਰ ਸੀ ਕਿ ਲੜਕੀ ਮਰ ਗਈ। ਉਸ ਉਗਰਵਾਦੀ ਮੁੰਡੇ ਨੂੰ ਦੋ ਤਿੰਨ ਦਿਨ ਬਾਅਦ ਪਤਾ ਲੱਗਾ ਜਦੋਂ ਉਸ ਨੇ ਕਾਲਜ ਵਿਚ ਕੁੜੀ ਨੂੰ ਨਹੀਂ ਵੇਖਿਆ, ਉਹਨਾਂ ਦੇ ਘਰ ਆਇਆ ਤੇ ਪਤਾ ਲੱਗਾ ਕਿ ਉਹ ਮਰ ਗਈ ਹੈ। "ਆਪਨੇ ਉਸੇ ਮਾਰ ਦੀਆ ਕਯਾ।"

"ਵੋਹ ਖੁਦ ਮਰ ਗਈ।" ਪਿਤਾ ਨੇ ਕਿਹਾ।

"ਮੈਂ ਆਪ ਸੇ ਇਸ ਕਾ ਬਦਲਾ ਲੂੰਗਾ।"

"ਚੁੱਪ-ਚਾਪ ਯਹਾਂ ਸੇ ਦਫਾ ਹੋ ਜਾਓ ਨਹੀਂ ਤੋ ਪੁਲੀਸ ਕੋ ਇੱਤਲਾਹ ਕਰ ਦੂੰਗਾ।" ਪਿਤਾ ਨੇ ਵੀ ਗੁੱਸੇ ਵਿਚ ਕਿਹਾ।

ਇਹੋ ਜਿਹੀਆਂ ਕਈ ਘਟਨਾਵਾਂ ਉਨ੍ਹਾਂ ਦਿਨਾਂ ਵਿਚ ਵਾਪਰੀਆਂ ਜਿੱਥੇ ਮੁਸਲਮਾਨ ਮੁੰਡੇ ਸਿੱਖ ਲੜਕੀਆਂ ਦੀ ਇੱਜ਼ਤ ਤੇ ਆਬਰੂ ਨਾਲ ਖਿਲਵਾੜ ਕਰਨ ਤੇ ਤੁਲੇ ਸਨ। ਉਹਨਾਂ ਨੂੰ ਪਤਾ ਸੀ ਕਿ ਇਹ ਮੁੱਠੀ ਭਰ ਸਿੱਖ ਉਹਨਾਂ ਦਾ ਕੀ ਵਿਗਾੜ ਲੈਣਗੇ। ਤੇ ਕਈ ਪ੍ਰਕਾਰ ਦੇ ਲੋਭਨ ਦੇ ਕੇ ਕੁੜੀਆਂ ਨੂੰ ਫਸਾ ਲੈਂਦੇ ਤੇ ਫਿਰ ਉਹਨਾਂ ਦੀ ਜ਼ਿੰਦਗੀ ਬਰਬਾਦ ਕਰ ਦੇਂਦੇ।

ਇਕ ਹੋਰ ਘਟਨਾ ਬਾਰਾਮੂਲਾ ਕਸਬੇ ਵਿਚ ਹੋਈ। ਇਕ ਸੇਵਾ ਮੁਕਤ ਫੌਜੀ ਸੂਬੇਦਾਰ ਸੀ। ਉਸਦੀ ਬੇਟੀ ਵੀ ਇਹੋ ਜਿਹੇ ਚੱਕਰ ਵਿਚ ਫਸ ਗਈ। ਇਕ ਲੜਕਾ ਉਸਨੂੰ ਹਰ ਦਿਨ ਨਵੇਂ-ਨਵੇਂ ਤੋਹਫੇ ਦੇਂਦਾ, ਕਦੀ ਵਿਦੇਸ਼ੀ ਘੜੀ, ਕਦੀ ਸੋਨੇ ਦਾ ਕੋਈ

ਛੋਟਾ ਮੋਟਾ ਗਹਿਣਾ, ਕਦੀ ਕੋਈ ਵਧੀਆ ਪਰਫਯੂਮ। ਉਹ ਜਾ ਕੇ ਇਹ ਸਭ ਚੀਜਾਂ ਆਪਣੀ ਮਾਂ ਨੂੰ ਵਿਖਾਂਦੀ। ਮਾਂ ਬਹੁਤ ਖੁਸ਼ ਹੁੰਦੀ ਤੇ ਕਈ ਵਾਰੀ ਧੀ ਨੂੰ ਕਹਿੰਦੀ ਕਿ "ਹਮੀਦ ਨੂੰ ਕਹਿ ਕਦੀ ਮੰਮੀ ਵਾਸਤੇ ਵੀ ਕੋਈ ਤੋਹਫਾ ਭੇਜੇ।" ਇਸ ਤਰ੍ਹਾਂ ਮਾਵਾਂ ਹੀ ਧੀਆਂ ਨੂੰ ਪ੍ਰੋਤਸਾਹਤ ਕਰਦੀਆਂ। ਮਾਂ ਵੱਲੋਂ ਜਦੋਂ ਆਜ਼ਾਦੀ ਹੈ ਤੇ ਕਿਸੇ ਦਾ ਕੀ ਡਰ? ਕੀ ਚਿੰਤਾ? ਇੰਜ ਬਹੁਤ ਸਾਰੀਆਂ ਕੁੜੀਆਂ ਦੀ ਜਿੰਦਗੀ ਬਰਬਾਦ ਹੋਈ। ਮਾਂ ਨੂੰ ਖੁਸ਼ ਰੱਖ ਕੇ ਉਹ ਕਿਸੇ ਵੇਲੇ ਵੀ ਆਪਣੇ ਪ੍ਰੇਮੀ ਨੂੰ ਮਿਲਣ ਜਾ ਸਕਦੀਆਂ ਸਨ। ਪਿਉ ਦੇ ਪੁੱਛਣ ਤੇ ਮਾਂ ਕਈ ਬਹਾਨੇ ਘੜ ਲੈਂਦੀ ਤੇ ਪਿਉ ਦੀਆਂ ਅੱਖਾਂ ਵਿਚ ਧੂੜ ਝੋਕਦੀਆਂ। ਵਿਸ਼ਵਾਸਘਾਤ ਆਪਣੇ ਹੀ ਖਾਨਦਾਨ ਨਾਲ ਕਰਦੀਆਂ ਤੇ ਆਪਣੇ ਹੀ ਧੀ ਦੀ ਬਰਬਾਦੀ ਦਾ ਸਬੱਬ ਬਣਦੀਆਂ ਇਹੋ ਜਿਹੇ ਕਿੱਸੇ ਕਈ ਘਰਾਂ ਵਿਚ ਹੋਏ।

ਉਪਰੋਕਤ ਲਿਖੀ ਘਟਨਾ ਸੂਬੇਦਾਰ ਜੀ ਦੇ ਘਰ ਵਿਚ ਵੀ ਘਟੀ। ਉਹਨਾਂ ਨੇ ਕਈ ਵਾਰੀ ਕੁੜੀ ਘਰ ਨਾ ਹੋਣ ਤੇ ਘਰਵਾਲੀ ਨੂੰ ਪੁੱਛਿਆ "ਰਾਜੀ ਕਿੱਥੇ ਹੈ?" ਉੱਤਰ ਮਿਲਦਾ "ਸਹੇਲੀ ਦੇ ਘਰ ਗਈ ਹੈ। ਇਕੱਠੀਆਂ ਪੜਦੀਆਂ ਨੇ।"

ਇਕ ਦਿਨ ਸੂਬੇਦਾਰ ਨੇ ਘਰ ਆਂਦਿਆਂ ਕਿਸੇ ਮੁੰਡੇ ਦੀ ਕਾਰ ਵਿਚੋਂ ਧੀ ਨੂੰ ਉੱਤਰਦਿਆਂ ਵੇਖਿਆ। ਮੋਨਾ ਮੁੰਡਾ ਮੁਸਲਿਮ ਸੀ ਤੇ ਘਰ ਦੇ ਕੋਲ ਛੱਡ ਕੇ ਚਲਾ ਗਿਆ। ਕੁੜੀ ਘਰ ਆ ਗਈ ਤੇ ਆਪਣੇ ਕਮਰੇ ਵਿਚ ਚਲੀ ਗਈ। ਪਿਤਾ ਨੇ ਘਰ ਆ ਕੇ ਮਾਂ ਨੂੰ ਪੁੱਛਿਆ "ਰਾਜੀ ਘਰ ਆ ਗਈ ਹੈ?"

"ਹਾਂ ਜੀ"

ਕੁੜੀ ਕੋਲੋਂ ਪੁੱਛਿਆ "ਰਾਜੀ ਬੇਟੇ ਕਿੱਥੇ ਗਈ ਸੈਂ?"

"ਜੀ ਸਹੇਲੀ ਦੇ ਘਰ ਪੜ੍ਹਣ ਗਈ ਸਾਂ।"

"ਉਹ ਤੈਨੂੰ ਪੜਾਂਦੀ ਹੈ?"

"ਜੀ ਇਕੱਠੇ ਪੜਦੇ ਹਾਂ।"

"ਪਰ ਕਾਲੇਜ ਦੀ ਪੜ੍ਹਾਈ ਇਕੱਠੇ ਕਰਨ ਦਾ ਮਤਲਬ?"

"ਉਹ ਦਾਰ ਜੀ ਪ੍ਰੋਫ਼ੈਸਰ ਦੇ ਲੈਕਚਰ ਦੀ ਕੋਈ ਗੱਲ ਸਮਝ ਨਹੀਂ ਆਂਦੀ ਮੈਨੂੰ ਮੈਂ ਉਹੀ ਪੁੱਛਣ ਜਾਂਦੀ ਹਾਂ, ਮੇਰੀ ਸਹੇਲੀ ਬਹੁਤ ਹੁਸ਼ਿਆਰ ਹੈ।" ਰਾਜੀ ਨੇ ਉੱਤਰ ਦਿੱਤਾ।

"ਹਾਂ ਬੇਟੇ ਹੁਸ਼ਿਆਰ ਤੇ ਹੋਵੇਗੀ? ਤਦ ਹੀ ਤੇ ਤੂੰ ਉਹਦੇ ਕੋਲ ਜਾਂਦੀ ਹੈਂ ਪਰ ਹੁਸ਼ਿਆਰ ਤੇ ਤੂੰ ਵੀ ਬਹੁਤ ਹੈਂ।" ਪਿਤਾ ਦੇ ਸ਼ਬਦਾਂ ਵਿਚ ਵਿਅੰਗ ਸੀ।

ਸੂਬੇਦਾਰ ਜੀ ਨੇ ਅੱਖੀਂ ਵੇਖਿਆ ਸੀ ਉਸ ਦੀ ਉਸ ਮਰਦ ਸਹੇਲੀ ਨੂੰ ਉਹਨਾਂ ਦੇ ਮਨ ਵਿਚ ਪੂਰਾ ਸ਼ੱਕ ਹੋ ਗਿਆ। ਉਹਨਾਂ ਆਪਣੀ ਧੀ ਤੇ ਪੂਰੀ ਨਜ਼ਰ ਰੱਖਣੀ ਸ਼ੁਰੂ

ਕਰ ਦਿੱਤੀ। ਕੋਈ ਹਫਤੇ ਬਾਅਦ ਪਤਨੀ ਨੇ ਸੂਬੇਦਾਰ ਨੂੰ ਦੱਸਿਆ ਕਿ ਰਾਜੀ ਦਾ ਕਾਲੇਜ ਪਿਕਨਿਕ ਤੇ ਜਾ ਰਿਹਾ ਹੈ, ਰਾਜੀ ਵੀ ਜਾਏਗੀ।

"ਕੋਈ ਗੱਲ ਨਹੀਂ ਚਲੀ ਜਾਏ।" ਪਿਤਾ ਦਾ ਉੱਤਰ ਸੀ।

ਦੂਸਰੇ ਦਿਨ ਤਿਆਰ ਹੋ ਕੇ ਲੜਕੀ ਘਰੋਂ ਨਿਕਲੀ, ਪਿਤਾ ਪਹਿਲੇ ਹੀ ਘਰੋਂ ਨਿਕਲ ਕੇ ਡਿਗਰੀ ਕਾਲੇਜ ਦੇ ਅੱਗੇ ਇਕ ਨਾਕਾ ਸੀ, ਉੱਥੇ ਹੀ ਆਪਣੀ ਐਮਬੈਸਡਰ ਕਾਰ ਨੂੰ ਬੂਟਿਆਂ ਦੇ ਥੱਲੇ ਖੜੀ ਕਰਕੇ ਓਹਲੇ ਹੋ ਕੇ ਰੁਕ ਗਏ। ਕਾਲੇਜ ਦੇ ਬੱਚਿਆਂ ਨੇ ਪਿਕਨਿਕ ਤੇ ਜਾਣਾ ਸੀ ਬੱਸਾਂ 'ਤੇ। ਪਰ ਰਾਜੀ ਉਸ ਮੁੰਡੇ ਦੀ ਕਾਰ ਤੇ ਬੈਠ ਕੇ ਸ੍ਰੀਨਗਰ ਲਈ ਰਵਾਨਾ ਹੋਈ। ਸੂਬੇਦਾਰ ਨੇ ਕਾਰ ਦਾ ਪਿੱਛਾ ਕੀਤਾ ਥੋੜ੍ਹੀ ਦੂਰੀ ਤੇ ਆਪਣੀ ਗੱਡੀ ਰੋਕੀ ਤੇ ਵੇਖਿਆ ਕਿ ਉਹਨਾਂ ਦੀ ਕਾਰ ਇਕ ਹੋਟਲ ਤੇ ਰੁਕੀ, ਕਾਰ ਪਾਰਕ ਕੀਤੀ ਤੇ ਦੋਨੋਂ ਹੋਟਲ ਵਿਚ ਚਲੇ ਗਏ। ਸੂਬੇਦਾਰ ਜੀ ਨੇ ਇਕ ਦੋ ਘੰਟੇ ਉਡੀਕ ਕੀਤੀ ਤੇ ਵਾਪਸ ਬਾਰਾਮੂਲੇ ਪਰਤ ਆਏ। ਪਤਨੀ ਨਾਲ ਕੋਈ ਗੱਲ ਨਹੀਂ ਕੀਤੀ, ਸ਼ਾਂਤ ਰਹੇ ਪਰ ਉਹਨਾਂ ਦੇ ਅੰਦਰ ਭਾਂਬੜ ਬਲ ਰਿਹਾ ਸੀ। ਉਹਨਾਂ ਦੀ ਧੀ ਇੰਝ ਕਰੇਗੀ ਭਰੋਸਾ ਨਹੀਂ ਸੀ। ਕਿੰਨੀਆਂ ਆਸਾਂ ਸਨ ਬੇਟੀ ਤੋਂ, ਪੜ੍ਹ ਲਿਖ ਕੇ ਪਿਤਾ ਦਾ ਨਾਂ ਰੌਸ਼ਨ ਕਰੇਗੀ। ਇਹ ਨਾਂ ਰੌਸ਼ਨ ਕੀਤਾ ਹੈ ਇਸ ਕੁਲਿਹਣੀ ਨੇ? ਅੱਜ ਤੇ ਮੈਂ ਵੇਖਿਆ ਹੈ ਹੋਰ ਵੀ ਕਈਆਂ ਨੇ ਦੇਖਿਆ ਹੋਏਗਾ, ਨੱਕ ਵੱਢੀ ਜਾਏਗੀ, ਕੀ ਮੂੰਹ ਵਿਖਾਵਾਂਗਾ ਭਰਾਵਾਂ ਭੈਣਾਂ ਨੂੰ? ਸਮਾਜ ਨੂੰ? ਸ਼ਾਮ ਹੋਣ ਦੀ ਉਡੀਕ ਕੀਤੀ, ਹਨੇਰਾ ਪਿਆ ਕੁੜੀ ਘਰ ਆਈ, ਸਾਰਾ ਦਿਨ ਹੋਟਲ ਵਿਚ ਉਸ ਮੁਸਲਮਾਨ ਮੁੰਡੇ ਨਾਲ ਰਹੀ। ਇਹ ਸੋਚ ਕੇ ਹੀ ਅਣਖ ਤੇ ਘੱਲੂਘਾਰਾ ਵਾਪਰ ਗਿਆ ਹੋਇਆ ਸੀ। ਸੂਬੇਦਾਰ ਜੀ ਦਾ ਦੋ ਮੰਜਿਲਾ ਘਰ ਸੀ। ਉੱਪਰਲੀ ਮੰਜਿਲ ਤੇ ਜਾਣ ਵਾਸਤੇ ਅੰਦਰੋਂ ਹੋਰ ਪੌੜੀ ਸੀ। ਕੁੜੀ ਨੂੰ ਆਂਦਿਆਂ ਹੀ ਮਾਂ ਨੇ ਪੁੱਛਿਆ, "ਹਾਂ ਆ ਗਈ ਰਾਜੀ?"

"ਹਾਂ ਮਾਂ।"

"ਪਿਕਨਿਕ ਕੈਸੀ ਰਹੀ?"

"ਬਹੁਤ ਵਧੀਆ।" ਤੇ ਉਪਰਲੀ ਮੰਜਿਲ ਤੇ ਆਪਣੇ ਕਮਰੇ ਵਿਚ ਜਾਣ ਲਈ ਚੜਣ ਲੱਗ ਪਈ, ਉਪਰ ਸੂਬੇਦਾਰ ਜੀ ਖੜੇ ਸਨ। ਹੱਥ ਵਿਚ ਬੰਦੂਕ ਸੀ। ਜਿਵੇਂ ਉਹ ਉੱਪਰ ਪੁੱਜੀ ਸੂਬੇਦਾਰ ਸਾਹਿਬ ਨੇ ਉਸ ਦੇ ਸਿਰ ਤੇ ਬੰਦੂਕ ਦਾ ਬੱਟ ਜ਼ੋਰ ਨਾਲ ਮਾਰਿਆ, ਕੁੜੀ ਥੱਲੇ ਡਿੱਗ ਪਈ ਤੇ ਪੌੜੀਆਂ ਤੋਂ ਰਿੜ੍ਹਦੀ ਰਿੜ੍ਹਦੀ ਥੱਲੇ ਪੁੱਜ ਗਈ। ਲਹੂ ਲੁਹਾਨ ਸਿਰਫ ਇਕ ਹੀ ਚੀਕ ਉਸ ਦੇ ਮੂੰਹ 'ਚੋਂ ਨਿਕਲੀ ਸੀ ਤੇ ਉਹ ਚਿਤ ਹੋ ਗਈ। ਘਰ ਵਿਚ ਸ਼ੋਰ-ਸ਼ਰਾਬਾ ਪੈ ਗਿਆ, ਹਸਪਤਾਲ ਲੈ ਕੇ ਗਏ ਤਦ ਤਕ ਉਹ ਮਰ ਗਈ ਸੀ ਤੇ ਮੌਤ ਵੀ ਇਕ ਹਾਦਸੇ ਵਜੋਂ ਸੀ।

ਇਹੋ ਜਿਹੀਆਂ ਕਈ ਘਟਨਾਵਾਂ ਹੋਈਆਂ ਜਿਥੇ ਆਪਣੀ ਅਣਖ ਵਾਸਤੇ ਤੇ

ਧਰਮ ਦੀ ਖਾਤਰ ਆਪਣੀਆਂ ਬੱਚੀਆਂ ਨੂੰ ਮਾਰ ਦਿੱਤਾ ਤਾਂ ਜੋ ਖਾਨਦਾਨ ਦੇ ਨਾਮ ਤੇ ਕਲੰਕ ਨਾ ਲੱਗੇ। ਪਰ ਬੇਅਣਖ ਵੀ ਕਈ ਸਨ ਜਿਨ੍ਹਾਂ ਨੂੰ ਕੋਈ ਫਰਕ ਨਹੀਂ ਪਿਆ।

ਐਸੀ ਘਟਨਾ ਹੋਈ ਜਿਥੇ ਬੇਅਣਖੀ ਪਿਉ ਨੇ ਲੜਕੀ ਤੋਂ ਧੰਦਾ ਕਰਵਾਇਆ। ਐਨੀ ਬਦਨਾਮ ਲੜਕੀ ਹੋ ਗਈ ਕਿ ਜਣੇ-ਖਣੇ ਦੇ ਮੂੰਹ ਤੇ ਉਸ ਦਾ ਨਾਮ ਚੜ੍ਹ ਗਿਆ। ਪਰ ਪਿਓ ਨੂੰ ਕੋਈ ਸ਼ਰਮ ਨਹੀਂ ਆਈ। ਬਾਰਾਮੂਲੇ ਦੇ ਇਕ ਪਿੰਡ ਵਿਚ ਇਕ ਰਈਸ ਤੇ ਮੰਨਿਆ ਪਰਿਵਾਰ ਸੀ। ਬਹੁਤ ਜ਼ਮੀਨ ਜਾਇਦਾਦ ਤੇ ਰੁਤਬਾ ਸੀ। ਘਰ ਦੇ ਵਡੇਰੇ ਦੇ ਮਰਨ ਤੋਂ ਬਾਅਦ ਘਰ ਖਿੱਲਰ ਗਿਆ ਸੀ। ਮਾਨ ਸਨਮਾਨ ਘਟ ਗਿਆ ਤੇ ਆਣ ਵਾਲੀ ਪੀੜ੍ਹੀ ਨਖਿੱਦ ਨਿਕਲੀ। ਇਕ ਬੇਟੀ ਸੀ, ਇਸ਼ਕ ਕਰਨ ਦੀ ਬਿਮਾਰੀ ਲੱਗ ਗਈ ਤੇ ਮੁੰਡਾ ਬਿਨ੍ਹਾਂ ਕੋਈ ਕੰਮ ਕਰਨ ਦੇ ਦੌਲਤ ਦੇ ਸੁਪਨੇ ਲੈਂਦਾ ਰਹਿੰਦਾ। ਮਾਂ ਪਿਉ ਨੇ ਬਿਖ ਬੀਜੀ ਸੀ ਤੇ ਫਲ ਵੀ ਕਿੱਕਰ ਹੀ ਮਿਲਣੇ ਸਨ। ਬੇਟੀ ਦਸ ਬਾਰਾਂ ਜਮਾਤਾਂ ਪੜ੍ਹ ਕੇ ਇਕ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਲੱਗ ਗਈ। ਛੋਟੀਆਂ ਜਮਾਤਾਂ ਨੂੰ ਪੜਾਉਂਦੀ ਸੀ। ਟੀਚਰ ਉਹ ਘੱਟ ਲਗਦੀ ਸੀ ਤੇ ਫਿਲਮ ਦੀ ਅਦਾਕਾਰਾ ਜ਼ਿਆਦਾ ਲਗਦੀ ਸੀ। ਹੱਦ ਤੋਂ ਵੱਧ ਦੇ ਫੈਸ਼ਨ ਤੇ ਵੰਨ-ਸੁਵੰਨੇ ਕੱਪੜੇ ਪਹਿਨ ਕੇ ਸਕੂਲ ਜਾਂਦੀ। ਕੋਈ ਮੋਨਾ ਲੜਕਾ ਲਾਲ ਕਾਰ ਵਿਚ ਛੁੱਟੀ ਵੇਲੇ ਲੈਣ ਆਂਦਾ ਤੇ ਘਰ ਦੇ ਕੋਲ ਛੱਡ ਜਾਂਦਾ। ਕਈ ਪਿੰਡ ਵਾਲਿਆਂ ਨੇ ਵੇਖਿਆ, ਜ਼ਿਕਰ ਵੀ ਕੀਤਾ ਤੇ ਕੁੜੀ ਦੀ ਮਾਂ ਨੇ ਐਤਵਾਰ ਵਾਲੇ ਦਿਨ ਗੁਰਦੁਵਾਰੇ ਵਿਚ ਲੋਕਾਂ ਨੂੰ ਗਾਲ੍ਹਾਂ ਆਦਿ ਕੱਢੀਆਂ, "ਮੇਰੀ ਕੁੜੀ ਨੂੰ ਬਦਨਾਮ ਕਰਦੇ ਨੇ ਇਸ ਤੋਂ ਸੜਦੇ ਨੇ ਤੇ ਸਾਡੇ ਪਰਿਵਾਰ ਨਾਲ ਵਿਤਕਰਾ ਕਰਦੇ ਹਨ। ਲੋਕਾਂ ਦਾ ਮੂੰਹ ਕਾਲਾ ਹੋਵੇ।" ਤੇ ਅਰਦਾਸ ਵੀ ਕਰਵਾਈ। ਇਹੋ ਜਿਹੀਆਂ ਗੱਲਾਂ ਸੁਣ ਕੇ ਕਿਸੇ ਨੂੰ ਕੀ ਲੋੜ ਸੀ ਮਸਲੇ ਵਿਚ ਪੈਣ ਦੀ। ਸਭ ਨੇ ਸੋਚਿਆ "ਢੱਠੇ ਖੂਹ ਵਿਚ ਜਾਣ ਸਾਨੂੰ ਕੀ, ਜੋ ਮਰਜ਼ੀ ਕਰੀ ਜਾਣ। ਪਿੰਡ ਵਾਲਿਆਂ ਨੇ ਮਿਲਵਰਤਣ ਹੀ ਬੰਦ ਕਰ ਦਿੱਤਾ।

ਕਈ ਸਾਲ ਇਸ ਤਰ੍ਹਾਂ ਹੀ ਚਲਦਾ ਰਿਹਾ, ਕੁੜੀ ਨੇ ਇਕ ਦੋ ਵਾਰ ਗਰਭਪਾਤ ਵੀ ਕਰਾਇਆ। ਫਿਰ ਕਿਸੇ ਵਿਆਹ ਸ਼ਾਦੀ ਦੀ ਸੰਸਥਾ ਦਵਾਰਾ ਕੋਈ ਲੜਕਾ ਲੱਭ ਕੇ ਜੰਮੂ ਸ਼ਾਦੀ ਕਰ ਦਿੱਤੀ। ਲੜਕੇ ਵਾਲਿਆਂ ਨੂੰ ਕੁਝ ਨਹੀਂ ਸੀ ਪਤਾ, ਪਰ ਉਸ ਲੜਕੇ ਨੇ ਲੜਕੀ ਦਾ ਜੰਮੂ ਵੀ ਪਿੱਛਾ ਨਹੀਂ ਛੱਡਿਆ। ਪੋਲ ਖੁਲ੍ਹ ਜਾਣ 'ਤੇ ਤਲਾਕ ਹੋ ਗਿਆ ਤੇ ਜਾਨ, ਮਾਣ ਤੇ ਇੱਜ਼ਤ ਬਚਾਣ ਲਈ ਦਸ ਲੱਖ ਦੇ ਕੇ ਛੁੱਟਕਾਰਾ ਕਰਾਇਆ। ਲੜਕੀ ਵਾਲਿਆਂ ਨੇ ਵਿਆਹ ਦੇ ਖਰਚੇ ਦੇ ਪੈਸੇ ਵੱਖਰੇ ਲਏ। ਫਿਰ ਦੋ ਸਾਲਾਂ ਬਾਅਦ ਕੁੜੀ ਦਾ ਵਿਆਹ ਕਿਤੇ ਹੋਰ ਕਰ ਦਿੱਤਾ ਉਥੇ ਵੀ ਪਤਾ ਚਲ ਗਿਆ। ਉਥੇ ਵੀ ਕੁੜੀ ਤੋਂ ਖਲਾਸੀ ਲੈਣੀ ਪਈ ਤੇ ਇਸ ਵਾਰੀ ਪੰਦਰਾਂ ਲੱਖ ਕੀਮਤ ਪਾਈ। ਇਹੋ ਜਿਹੇ ਚਰਿੱਤਰਹੀਨ ਤੇ ਕੰਜਰ ਲੋਗ ਉਗਰਵਾਦ ਤੇ ਆਤੰਕਵਾਦ ਦੀ ਉਪਜ ਹਨ। ਇੰਞ ਲੜਕੇ ਨੇ ਕੁੜੀ ਦਾ ਪਿੱਛਾ ਨਹੀਂ ਛੱਡਿਆ ਕਿਤੇ ਉਸ ਨੂੰ ਵੱਸਣ ਨਹੀਂ ਦਿੱਤਾ, ਉਹ ਆਤੰਕਵਾਦੀ ਦਾ ਸਹਾਇਕ ਸੀ

ਤੇ ਕੁੜੀ ਦਾ ਪਿਤਾ ਵੈਸੇ ਹੀ ਬਦਨਾਮ ਸੀ, ਜ਼ਮੀਨਾਂ ਬਾਗ਼ ਵੇਚ ਬੈਠਾ ਸੀ ਤੇ ਉਸ ਮੁਸਲਮਾਨ ਮੁੰਡੇ ਤੋਂ ਡਰਦਾ ਸੀ। ਵਾਰ-ਵਾਰ ਤਲਾਕ ਲੈ ਕੇ ਪੈਸੇ ਵੱਟਦਾ ਰਿਹਾ। ਸ਼ਰਮ ਤੇ ਹਯਾ ਵੇਚ ਕੇ ਖਾ ਚੁੱਕਾ ਸੀ। ਪਿਉ ਧੀ ਨੇ ਇਹ ਵਪਾਰ ਬਣਾ ਲਿਆ ਸੀ।

## 15

**ਸਿੱ**ਖ ਲੜਕੀਆਂ ਦੇ ਅਨੇਕ ਇਹੋ ਜਿਹੇ ਕਿੱਸੇ ਹਨ, ਜਿਨ੍ਹਾਂ ਨੂੰ ਕਿਸੇ ਨਾ ਕਿਸੇ ਪ੍ਰਭਾਵ ਨਾਲ ਸ਼ੋਸ਼ਿਤ ਕੀਤਾ ਗਿਆ, ਵਰਗਲਾਇਆ ਗਿਆ ਤੇ ਆਪਣੇ ਵੱਸ ਵਿਚ ਕਰਕੇ ਹਵਸ ਦਾ ਸ਼ਿਕਾਰ ਬਣਾਇਆ ਗਿਆ। ਕਈਆਂ ਨਾਲ ਨਿਕਾਹ ਕਰਕੇ ਉਹਨਾਂ ਦਾ ਧਰਮ ਬਦਲ ਕੇ ਗ੍ਰਹਿਸਤੀ ਵਸਾਈ। ਇਹੋ ਜਿਹੀਆਂ ਲੜਕੀਆਂ ਦਾ ਜੀਵਨ ਨਰਕ ਤੋਂ ਵੀ ਬਦੱਤਰ ਹੋ ਗਿਆ। ਨਿਕਾਹ ਤੇ ਕਰ ਲਿਆ ਮੁੰਡੇ ਘਰ ਵੀ ਲੈ ਗਏ ਪਰ ਉਨ੍ਹਾਂ ਘਰਾਂ ਵਿਚ ਇੱਜ਼ਤ ਨਹੀਂ ਹੋਈ, ਨੌਕਰਾਂ ਵਾਂਗੂੰ ਵਰਤਾਵ ਕੀਤਾ ਗਿਆ ਘਰ ਦਾ ਸਾਰਾ ਕੰਮ ਝਾੜੂ ਪੋਚਾ ਸਭ ਕਰਨਾ ਪਿਆ ਪਰ ਰਸੋਈ ਵਿਚ ਜਾਣ ਦੀ ਇਜਾਜਤ ਨਹੀਂ ਦਿੱਤੀ ਗਈ। ਹਮੇਸ਼ਾ ਹੀ ਤਾਹਨਾ ਮਾਰਿਆ ਕਿ ਇਹ ਕਾਫ਼ਰ ਹੈ ਭਾਵੇਂ ਇਸ ਨੇ ਇਸਲਾਮ ਕਬੂਲ ਕਰ ਲਿਆ ਹੈ। ਇਸ ਘਰ ਵਿਚ ਇਹ ਗ਼ੈਰ ਮੁਸਲਿਮਾਨਣੀ ਹੀ ਰਹੇਗੀ। ਬਰਤਨ ਨਾ ਸਾਫ਼ ਕਰਾਏ ਜਾਂਦੇ ਤੇ ਨਾ ਹੀ ਬਰਤਨਾਂ ਨੂੰ ਹੱਥ ਲਾਣ ਦਿੱਤਾ ਜਾਂਦਾ। ਸਾਰੇ ਦਿਨ ਘਰ ਦੇ ਕੰਮ ਤੋਂ ਬਾਅਦ ਆਦਮੀ ਦੇ ਹਵਸ ਨੂੰ ਭੁਗਤਦੀਆਂ। ਗੱਲ-ਗੱਲ ਤੇ ਡਾਂਟ ਤੇ ਫਟਕਾਰ ਖਾਂਦੀਆਂ। ਆਪਣੀ ਕੀਤੀ ਗਲਤੀ ਤੇ ਰੋਂਦੀਆਂ ਰਹਿੰਦੀਆਂ। ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਕਰ ਸਕਦੀਆਂ। ਖਾਵੰਦ ਨੂੰ ਰੋ ਕੇ ਕੁਝ ਦਸਦੀਆਂ ਤਾਂ ਉੱਤਰ ਮਿਲਦਾ "ਵਕਤ ਕੇ ਸਾਥ ਸਭ ਠੀਕ ਹੋ ਜਾਵੇਗਾ।"

"ਕਬ ਠੀਕ ਹੋਗਾ?" ਕਿਆ ਇਸੀ ਲੀਏ ਆਪਨੇ ਮੇਰੇ ਸਾਥ ਸ਼ਾਦੀ ਕੀ ਥੀ?" ਜ਼ਿੰਦਗੀ ਬਰਬਾਦ ਕਰਦੀ ਆਪਨੇ। ਆਪਨੇ ਮੁਝੇ ਨਾ ਘਰ ਕਾ ਛੋੜਾ ਨਾ ਘਾਟ ਕਾ। ਅਬ ਮੈਂ ਜਾਊਂ ਤੋਂ ਕਹਾਂ ਜਾਊਂ? ਮਾਂ ਬਾਪ ਕੇ ਪਾਸ ਕਿਸ ਮੂੰਹ ਸੇ ਜਾਊਂ? ਕੌਣ ਮੁਝੇ ਅਪਨਾਏਗਾ? ਕੌਣ ਮੁਝੇ ਮੁਆਫ ਕਰੇਗਾ? ਮੈਨੇ ਤੁਮ ਪਰ ਬਹੁਤ ਭਰੋਸਾ ਕੀਆ ਥਾ ਕਿ ਤੁਮ ਮੁਝੇ ਮਲਿੱਕਾ ਕੀ ਤਰ੍ਹਾਂ ਰੱਖੋਗੇ ਤੁਮ ਕਹਿਤੇ ਥੇ ਕਿ ਮੁਝੇ ਮੱਲਿਕਾ ਕੀ ਤਰ੍ਹਾਂ ਰੱਖੋਗੇ। ਤੁਮਨੇ ਮੁਝੇ ਧੋਖਾ ਦੀਆ। ਮੈਂ ਯਹਾਂ ਨਹੀਂ ਰਹਿ ਸਕਤੀ।"

"ਤੁਮਹੇ ਐਸੇ ਹੀ ਰਹਿਨਾ ਪੜੇਗਾ ਅਗਰ ਯਹਾਂ ਰਹਿਨਾ ਹੈ। ਅਗਰ ਨਹੀਂ ਰਹਿ ਸਕਤੀ ਤੋ ਜਹਾਂ ਜਾਨਾ ਹੈ ਚਲੀ ਜਾਉ।"

"ਯਹ ਤੁਮ ਕਹਿ ਰਹੇ ਹੋ?"

"ਹਾਂ ਮੈਂ ਹੀ ਕਹਿ ਰਹਾ ਹੂੰ।"

ਜਿਹੜੀ ਕੁੜੀ ਇਹੋ ਜਿਹੀ ਜ਼ਿੰਦਗੀ ਨੂੰ ਅਪਨਾ ਸਕੀ ਉਹ ਟਿਕ ਗਈ ਆਪਣੀ

ਭੁੱਲ ਦੀ ਸਜਾ ਨੂੰ ਭੁਗਤਣ ਵਾਸਤੇ, ਪਰ ਕਈ ਕੁੜੀਆਂ ਜੇਹਲਮ ਦੀ ਛਾਤੀ ਵਿਚ ਜਾ ਵੱਸੀਆਂ ਸਦਾ ਲਈ ਤੇ ਆਪਣੀ ਹੋਂਦ ਹੀ ਖਤਮ ਕਰ ਬੈਠੀਆਂ।

## 16

**ਕੁ**ੜੀਆਂ ਦੀ ਇਹੋ ਜਿਹੀ ਕਹਾਣੀਆਂ ਨਾਲ ਹੀ ਇਹ ਤ੍ਰਾਸਦੀ ਦਾ ਅੰਤ ਨਹੀਂ ਹੁੰਦਾ। ਕਈ ਜਵਾਨ ਸਿੱਖ ਲੜਕੇ ਵੀ ਗਾਇਬ ਹੋ ਗਏ, ਕਈ ਮਾਰੇ ਗਏ ਤੇ ਕਈ ਝੂਠੇ ਮਾਮਲੇ ਵਿਚ ਫਸਾਏ ਗਏ। ਕਸ਼ਮੀਰ ਦੇ ਹਾਲਾਤ ਇਹੋ ਜਿਹੇ ਹੋ ਗਏ ਕਿ ਆਈ.ਐਸ.ਆਈ. ਦਾ ਕਾਫ਼ੀ ਪ੍ਰਭਾਵ ਹੋ ਗਿਆ। ਕਸ਼ਮੀਰ ਨੂੰ ਪੂਰੀ ਤਰ੍ਹਾਂ ਇਸਲਾਮੀ ਕਰਨ ਦਾ ਟੀਚਾ ਬਣਾ ਲਿਆ। ਹਿੰਦੂ ਸਿੱਖਾਂ ਦਾ ਸਫਾਇਆ ਕਰਕੇ ਸ਼ੁੱਧ ਇਸਲਾਮੀ ਦੇਸ਼ ਬਨਾਣਾ ਮਿੱਥ ਲਿਆ। ਜਿਹੜੇ ਕਸ਼ਮੀਰੀ ਹਿੰਦੂ ਸਿੱਖ ਭਾਈਚਾਰੇ ਕਾਰਨ ਮੰਨੇ ਜਾਂਦੇ ਸਨ ਉਹ ਇਸ ਪ੍ਰਭਾਵ ਕਾਰਨ ਕਸ਼ਮੀਰਿਅਤ ਹੀ ਭੁੱਲ ਗਏ। ਉਪੱਰੋਂ ਗਲਬਾਤ ਕਰਨ ਵਿਚ ਮਿੱਠੇ ਹੀ ਸਨ ਪਰ ਅੰਦਰ ਜ਼ਹਿਰ ਭਰ ਗਿਆ ਸੀ ਉਹਨਾਂ ਦੇ। ਪਹਿਲੇ ਸਮੇਂ ਇਕ ਦੂਜੇ ਦੇ ਖਾਣ ਪੀਣ ਦਾ ਵੱਖਰਾ ਇੰਤਜਾਮ ਹੁੰਦਾ। ਨੱਚਦੇ ਖੇਡਦੇ ਮਾਂਗਾਂ (ਇਕ ਕਿਸਮ ਦਾ ਕਸ਼ਮੀਰੀ ਨਾਚ) ਪਾਂਦੇ ਤੇ ਖੁਸ਼ੀਆਂ ਖਿਲਾਰਦੇ ਪਰ ਹੁਣ ਸਭ ਕੁਝ ਬਦਲ ਗਿਆ ਸੀ। ਕਦੀ ਕੋਈ ਬਜੁਰਗ ਕਸ਼ਮੀਰੀ ਮਿਲਦਾ ਤਾਂ ਪੁਰਾਣੇ ਵੇਲੇ ਨੂੰ ਯਾਦ ਕਰਕੇ ਭਾਵੁਕ ਹੋ ਜਾਂਦਾ ਪਰ ਪਤਾ ਨਹੀਂ ਕਿਹੋ ਜਿਹੀ ਹਵਾ ਚਲੀ ਕਿ ਕਸ਼ਮੀਰਿਅਤ ਨੂੰ ਖਤਮ ਕਰ ਗਈ। ਕਿੰਨੇ ਹੀ ਸੰਤ ਤੇ ਸੂਫੀ ਹੋਏ ਹਨ ਕਸ਼ਮੀਰ ਵਿਚ ਜਿਨ੍ਹਾਂ ਵਿਚ ਹਿੰਦੂ ਵੀ ਸਨ ਤੇ ਮੁਸਲਮਾਨ ਵੀ। ਜਿਨ੍ਹਾਂ ਨੂੰ ਸਾਰੇ ਧਰਮਾਂ ਦੇ ਲੋਗ ਮੰਨਦੇ ਸਨ ਤੇ ਸਜਦਾ ਕਰਦੇ ਸਨ, ਜਿਨ੍ਹਾਂ ਕਾਰਨ ਪ੍ਰੇਮ, ਪਿਆਰ ਸਦਭਾਵ ਤੇ ਕਸ਼ਮਿਰੀਅਤ ਦੀ ਨੀਂਵ ਰੱਖੀ ਗਈ। ਦਿਲੋਂ ਕਸ਼ਮੀਰੀ ਬਹੁਤ ਵਧੀਆ ਮਹਿਮਾਨ ਨਵਾਜ ਮੰਨਿਆ ਜਾਂਦਾ ਹੈ ਪਰ ਵਗਦੀ ਹਵਾ ਨੇ ਉਸਦੀ ਸਾਰੀਆਂ ਅੱਛਾਈਆਂ ਮਿੱਟੀ ਵਿਚ ਮਿਲਾ ਦਿੱਤੀਆਂ ਤੇ ਸੰਸਾਰ ਵਿਚ ਆਪਣੀ ਕੱਟਰਵਾਦਿਤਾ ਕਾਰਨ ਬਦਨਾਮ ਹੋ ਗਿਆ। ਬਾਹਰੋਂ ਜਿਹੜਾ ਪੈਸਾ ਆਂਦਾ ਸੀ ਅਲਗਾਵ ਵਾਦ ਲਈ, ਆਤੰਕਵਾਦ ਨੂੰ ਵਧਾਵਾ ਦੇਣ ਲਈ, ਪੱਥਰ-ਬਾਜ਼ੀ ਕਰਨ ਲਈ ਉਸ ਪੈਸੇ ਨੇ ਸਦਭਾਵ ਖਤਮ ਕਰ ਦਿੱਤਾ ਤੇ ਪੜੋਸੀ ਦੇਸ਼ ਦੀ ਚਾਲ ਨੇ ਲੋਕਾਂ ਅੰਦਰ ਨਫ਼ਰਤ ਭਰ ਦਿੱਤੀ। ਕਸ਼ਮੀਰੀ ਸਿੱਖ ਵੀ ਡਰ ਤੇ ਸਹਿਮ ਕੇ ਉੱਥੇ ਰਹਿੰਦਾ ਸੀ। ਲਗਭਗ ਸਭ ਜੰਮੂ ਆ ਗਏ ਸਨ। ਆਪਣੇ ਛੋਟੇ ਮੋਟੇ ਘਰ ਬਣਾ ਲਏ ਸਨ ਤੇ ਠੰਢ ਦੇ ਮੌਸਮ ਵਿਚ ਜੰਮੂ ਰਹਿੰਦੇ ਤੇ ਗਰਮੀ ਵਿਚ ਆਪਣੇ ਪਿੰਡਾਂ ਥਾਵਾਂ ਨੂੰ ਪਹੁੰਚ ਜਾਂਦੇ ਖਾਨਾ ਬਦੋਸ਼ਾਂ ਦੀ ਤਰ੍ਹਾਂ। ਕਦੀ ਕਿਸੇ ਸਿੱਖ ਨਾਲ ਵਾਦੀ ਵਿਚ ਕੋਈ ਵਾਰਦਾਤ ਹੁੰਦੀ ਉਸ ਦਾ ਪ੍ਰਭਾਵ ਸਾਰੀ ਕੌਮ ਤੇ ਪੈਂਦਾ।

ਇਕ ਸਿੱਖ ਲੜਕਾ ਜਿਲ੍ਹਾ ਕੁਪਵਾੜਾ ਵਿਚ ਕਾਰੋਬਾਰ ਕਰਦਾ ਸੀ। ਕੁਪਵਾੜਾ ਉੱਤਰੀ ਕਸ਼ਮੀਰ ਦਾ ਅੰਤਿਮ ਜ਼ਿਲ੍ਹਾ ਹੈ। ਕਾਫੀ ਘੱਟ ਸੰਖਿਆ ਵਿਚ ਸਿੱਖਾਂ ਦੀ ਵੱਸੋਂ ਹੈ। ਉਸ ਲੜਕੇ ਨੂੰ ਇਕ ਮੁਸਲਮਾਨ ਕੁੜੀ ਚਾਹੁਣ ਲਗ ਗਈ। ਕਾਰੋਬਾਰ ਦੇ ਸਿਲਸਿਲੇ

ਵਿਚ ਉਸ ਨੂੰ ਪਿੰਡਾਂ ਵਿਚ ਜਾਣਾ ਪੈਂਦਾ ਸੀ ਉਥੇ ਹੀ ਕਿਸੇ ਪਿੰਡ ਵਿਚ ਰਹਿੰਦੀ ਸੀ। ਲੜਕੀ ਪਰੀਆਂ ਤੋਂ ਜ਼ਿਆਦਾ ਸੋਹਣੀ ਤੇ ਹਾਈ ਸਕੂਲ ਤਕ ਪੜ੍ਹੀ ਹੋਈ ਸੀ। ਪਤਾ ਨਹੀਂ ਸਰਦਾਰ ਮੁੰਡੇ ਦੀ ਕਿਸ ਅਛੱਾਈ ਨੇ ਉਹਨੂੰ ਪ੍ਰਭਾਵਤ ਕੀਤਾ ਕਿ ਉਹ ਦੀਵਾਨੀ ਹੋ ਗਈ। ਪਿਆਰ ਦਾ ਵੀ ਅਜੀਬ ਦੀਵਾਨਾਪਨ ਹੈ। ਮੁੰਡੇ ਦਾ ਉਸ ਪਿੰਡ ਵਿਚ ਆਣਾ ਜਾਣਾ ਆਮ ਹੋ ਗਿਆ, ਮਿਲਣਾ ਆਮ ਹੋ ਗਿਆ। ਲੜਕਾ ਵੀ ਪਿਆਰ ਵਿਚ ਪੈ ਗਿਆ। ਦੋਨਾਂ ਨੇ ਭੱਜ ਜਾਣ ਦੀ ਵਿਉਂਤ ਬਣਾਈ। ਫੜੇ ਜਾਣ ਬਾਅਦ ਕੀ ਹਸ਼ਰ ਹੋਏਗਾ ਉਸ ਦਾ ਵੀ ਦੋਨਾਂ ਨੂੰ ਅਨੁਮਾਨ ਸੀ। ਖੈਰ ਦੋਨੋਂ ਭੱਜ ਗਏ ਇਕ ਟੈਕਸੀ ਤੇ। ਸਭ ਤਰਫ਼ ਖ਼ਬਰ ਫੈਲ ਗਈ ਅੱਗ ਦੀ ਤਰ੍ਹਾਂ ਨਾਕੇ ਲੱਗ ਗਏ ਤੇ ਆਖਰ ਕਾਜ਼ੀ ਘੁੰਡ ਵਿਚ ਫੜੇ ਗਏ ਪਹਿਲੇ ਕੁੱਟ ਕੁੱਟ ਕੇ ਮੁੰਡੇ ਨੂੰ ਅਧਮਰਾ ਕਰ ਦਿੱਤਾ। ਫਿਰ ਕੁਪਵਾੜੇ ਲੈ ਗਏ। ਹਜ਼ਾਰਾਂ ਮੁਸਲਮਾਨ ਇੱਕਠੇ ਹੋ ਗਏ। ਨਾਰੇ ਤਕਬੀਰ ਦੇ ਨਾਅਰਿਆਂ ਨਾਲ ਅਸਮਾਨ ਗੂੰਜ ਗਿਆ ਜਿਵੇਂ ਕੋਈ ਜਿਹਾਦ ਕਰਨ ਦਾ ਸੱਦਾ ਹੋਵੇ, ਜਿਵੇਂ ਸਾਰਾ ਇਸਲਾਮ ਖਤਰੇ ਵਿਚ ਪੈ ਗਿਆ ਹੋਵੇ। ਮੌਲਵੀ ਵੀ ਬੁਲਾ ਲਿਆ ਮੁੰਡੇ ਦੀ ਪੱਗ ਲੀਰੋ-ਲੀਰ ਕਰ ਦਿੱਤੀ। ਮੌਲਵੀ ਨੇ ਲੜਕੇ ਤੋਂ ਗੁੱਸੇ ਨਾਲ ਪੁੱਛਿਆ, "ਤੇਰੀ ਹਿੰਮਤ ਕੈਸੇ ਹੁਈ ਇਕ ਮੁਸਲਮਾਨ ਲੜਕੀ ਕੋ ਭਗਾ ਕੇ ਲੈ ਜਾਨੇ ਕੀ?"

"ਹਮ ਇਕ ਦੂਸਰੇ ਸੇ ਪਿਆਰ ਕਰਤੇ ਹੈਂ।" ਮੁੰਡੇ ਨੇ ਜਵਾਬ ਦਿੱਤਾ।

ਲੜਕੀ ਤੋਂ ਵੀ ਪੁੱਛਿਆ ਜਿਹੜੀ ਸਹਿਮ ਚੁੱਕੀ ਸੀ। ਤਿੰਨ ਦਿਨ ਤੋਂ ਉਹ ਖੌਫ਼ ਤੇ ਸਦਮੇ ਵਿਚ ਸੀ,। ਬੜੀ ਹਿੰਮਤ ਨਾਲ ਉਹ ਸਿੱਖ ਮੁੰਡੇ ਨਾਲ ਭੱਜੀ ਸੀ ਤੇ ਹਿੰਮਤ ਨਾਲ ਹੀ ਉਸ ਨੇ ਉੱਤਰ ਦਿੱਤਾ, "ਮੈਂ ਇਸ ਸੇ ਪਿਆਰ ਕਰਤੀ ਹੂੰ ਔਰ ਸ਼ਾਦੀ ਕਰਨਾ ਚਾਹਦੀ ਹੂੰ।"

"ਤੁਮ ਸ਼ਾਦੀ ਕਰ ਸਕਤੇ ਹੋ ਪਰ ਤੁਮਹੇਂ ਇਸਲਾਮ ਕਬੂਲ ਕਰਨਾ ਪੜੇਗਾ।"

"ਮੈਂ ਵੈਸਾ ਨਹੀਂ ਕਰੂੰਗਾ, ਮੈਂ ਮੁਸਲਮਾਨ ਨਹੀਂ ਬਣ ਸਕਤਾ।"

"ਫਿਰ ਤੁਮਹੇ ਲੜਕੀ ਕੋ ਛੋੜਨਾ ਪੜੇਗਾ। ਹਮ ਇਸੇ ਕੈਸੇ ਸੰਭਾਲੇਂਗੇ ਵੋਹ ਹਮ ਦੇਖ ਲੇਂਗੇ।"

"ਮੈਂ ਲੜਕੀ ਕੋ ਛੋੜ ਦੇਤਾ ਹੂੰ ਪਰ ਮਜ਼ਹਬ ਨਹੀਂ ਬਦਲੂੰਗਾ।"
ਇਹ ਸੁਣ ਕੇ ਸਭ ਗੁੱਸੇ ਵਿਚ ਆ ਗਏ। ਮੁੰਡੇ ਨੂੰ ਫਿਰ ਬਹੁਤ ਕੁੱਟਿਆ ਤੇ ਉਸ ਦੇ ਕੇਸ ਕਤਲ ਕਰ ਦਿੱਤੇ।

ਇਹ ਕਸ਼ਮੀਰੀ ਸਮਾਜ ਦਾ ਦੋਗਲਾਪਨ ਸੀ। ਜਦੋਂ ਸਿੱਖਾਂ ਦੀਆਂ ਕੁੜੀਆਂ ਮੁਸਲਮਾਨ ਲੈ ਜਾਂਦੇ ਉਦੋਂ ਕੋਈ ਇਕੱਠਾ ਨਾ ਹੁੰਦਾ, ਕੋਈ ਕਾਰਵਾਈ ਨਹੀਂ ਹੁੰਦੀ ਉਸ ਕਰਮ ਨੂੰ ਸਵਾਬ (ਪੁੰਨ) ਕਹਿੰਦੇ ਕਿ ਦੂਸਰੇ ਧਰਮ ਦੀ ਔਰਤ ਨੂੰ ਇਸਲਾਮ ਵਿਚ ਸ਼ਾਮਲ ਕਰ ਲਿਆ ਪਰ ਜਿੱਥੇ ਆਪਣੀ ਲੜਕੀ ਦਾ ਸਵਾਲ ਹੁੰਦਾ ਉੱਥੇ ਧਰਮ ਬਦਲਣ ਦੀ ਸ਼ਰਤ ਰੱਖੀ ਜਾਂਦੀ। ਉਥੇ ਇਸਲਾਮ ਖਤਰੇ ਵਿਚ ਆ ਜਾਂਦਾ। ਇਸ ਵਿਚ ਧਰਮ ਘੱਟ ਤੇ ਜਨੂਨ

ਜ਼ਿਆਦਾ ਹੁੰਦਾ। ਨਫ਼ਰਤ ਦੀ ਅੱਗ ਨੂੰ ਹੋਰ ਹਵਾ ਮਿਲਦੀ। ਸਮਾਜ ਵਿਚ ਹੋਰ ਦੂਰੀ ਵਧਦੀ। ਅਲਗਾਵ ਵਾਦ ਦੀਆਂ ਜੜ੍ਹਾਂ ਹੋਰ ਪੱਕੀਆਂ ਹੁੰਦੀਆਂ।

## 17

**ਕ**ਸ਼ਮੀਰ ਵਿਚ ਇਹੋ ਜਿਹੀਆਂ ਘਟਨਾਵਾਂ ਤੇ ਅਣਜਾਣ ਦੂਰ ਬੈਠਾ ਬਲਬੀਰ ਸਿੰਘ (ਬਬਲੂ) ਆਪਣੇ ਹੀ ਕੰਮ ਵਿਚ ਰੁਝਿਆ ਹੋਇਆ ਸੀ। ਉਹਦੇ ਪਿਤਾ ਵੀ ਪੂਰੇ ਹੋ ਗਏ ਸਨ ਤੇ ਉਹ ਆਪਣੀ ਆਤਮਾ ਦੀ ਜਦੋ-ਜਹਿਦ ਨਾਲ ਜੂਝ ਰਿਹਾ ਸੀ। ਪ੍ਰੀਤੀ ਆਪਣੀ ਲਾਜ ਧਰਮ ਤੋਂ ਬਹੁਤ ਦੂਰ ਨਿਕਲ ਗਈ। ਉਸ ਨੂੰ ਪਤੀ ਦੀ ਭਾਵਨਾ ਨਾਲ ਕੋਈ ਸਰੋਕਾਰ ਨਹੀਂ ਸੀ ਫਿਆਜ਼ ਅਕਸਰ ਉੱਥੇ ਆਉਂਦਾ ਤੇ ਹੁਣ ਢਾਬੇ ਪਿੱਛੇ ਬਣੇ ਉਸਦੇ ਦੋ ਕਮਰਿਆਂ ਦੇ ਸੈੱਟ ਵਿਚ ਹੀ ਰਹਿੰਦਾ ਬੇਸ਼ਰਮੀ ਨਾਲ ਪ੍ਰੀਤੀ ਦੀ ਸ਼ੈਹ 'ਤੇ ਉਸ ਦੇ ਕਮਰੇ ਵਿਚ ਹੀ ਸੌਂਦਾ। ਬੇਸ਼ਰਮੀ ਦੀ ਹੱਦ ਦੋਨੋਂ ਹੀ ਪਾਰ ਕਰ ਚੁੱਕੇ ਸਨ। ਬਲਬੀਰ ਵਿਹੜੇ ਵਿਚ ਪਿਆ ਰਹਿੰਦਾ ਤੇ ਉਸ ਦੀ ਬੀਵੀ ਆਪਣੇ ਆਸ਼ਕ ਨਾਲ ਕਮਰੇ ਵਿਚ ਸੁੱਤੀ ਰਹਿੰਦੀ। ਜਿਵੇਂ ਫਿਆਜ਼ ਦੀ ਹੀ ਬੀਵੀ ਹੋਵੇ। ਪਤਨੀ ਦੇ ਇਹੋ ਜਿਹੇ ਵਿਹਾਰ ਨੇ ਬਲਬੀਰ ਨੂੰ ਸ਼ਰਾਬੀ ਬਣਾ ਦਿੱਤਾ ਸੀ। ਸਵੇਰ ਤੋਂ ਹੀ ਸ਼ਰਾਬ ਪੀਣੀ ਸ਼ੁਰੂ ਕਰ ਲੈਂਦਾ, ਨੌਕਰਾਂ ਤੇ ਖਿੱਝਦਾ, ਗੁੱਸਾ ਕਰਦਾ, ਗਾਲਾਂ ਕੱਢਦਾ। ਇਕ ਦਿਨ ਰਸੋਈਏ ਨੇ ਪੁੱਛ ਹੀ ਲਿਆ, "ਸਰਦਾਰ ਜੀ ਕੀ ਹੋ ਗਿਆ ਹੈ ਤੁਹਾਨੂੰ? ਤੁਸੀਂ ਤੇ ਬਹੁਤ ਚੰਗੇ ਸੀ। ਸਾਰੇ ਕੰਮ ਕਰਨ ਵਾਲਿਆਂ ਨਾਲ ਪਿਆਰ ਕਰਦੇ ਸੀ। ਕਿੱਥੇ ਚਲਾ ਗਿਆ ਤੁਹਾਡਾ ਪਿਆਰ ਤੇ ਵਰਤਾਵ? ਘਰ ਦੀ ਕੋਈ ਪਰੇਸ਼ਾਨੀ ਹੈ ਕੀ? ਹੁਣ ਤੇ ਮਾਲਕਿਨ ਵੀ ਠੀਕ ਤਰ੍ਹਾਂ ਨਹੀਂ ਬੋਲਦੀ, "ਕੁਝ ਨਹੀਂ ਹੈ ਸ਼ਮਸ਼ੇਰ ਸਿੰਘ। ਸਭ ਠੀਕ ਠਾਕ ਹੈ। ਜਵਾਬ ਦੇ ਕੇ ਕਿਸੇ ਕੰਮ ਵਿਚ ਰੁਝ ਗਿਆ।

ਜਦੋਂ ਫਿਆਜ਼ ਨੇ ਨਾਂਦੇੜ ਆਣਾ ਸ਼ੁਰੂ ਕੀਤਾ। ਹਰ 15 ਦਿਨਾਂ ਬਾਅਦ ਆ ਜਾਂਦਾ ਤੇ ਹਰ ਵਾਰੀ ਇਕ ਦਿਨ ਵਾਸਤੇ ਜਾਂ ਦੋ ਦਿਨ ਉੱਥੇ ਰਹਿੰਦਾ। ਪ੍ਰੀਤੀ ਉਹਨੂੰ ਮਿਲਣ ਜਾਂਦੀ ਤੇ ਬਲਬੀਰ ਵੇਖਦਾ ਹੀ ਰਹਿੰਦਾ। ਆਪਣੀ ਮਰਜ਼ੀ ਨਾਲ ਘਰ ਪਰਤਦੀ। ਇਕ ਦਿਨ ਬਲਬੀਰ ਨੇ ਕਹਿ ਦਿੱਤਾ, "ਤੂੰ ਇਥੇ ਹੀ ਉਸ ਨੂੰ ਰੱਖ ਲਿਆ ਕਰ। ਜੋ ਤੂੰ ਉੱਥੇ ਕਰਦੀ ਹੈਂ ਇਥੇ ਹੀ ਕਰ ਲਿਆ ਕਰ।" ਪ੍ਰੀਤੀ ਝੇਂਪ ਗਈ ਤੇ ਬੋਲੀ, "ਕੀ ਮਤਲਬ ਹੈ ਤੇਰਾ?"

"ਮਤਲਬ ਤੂੰ ਵੀ ਸਮਝਦੀ ਹੈਂ ਤੇ ਮੈਂ ਵੀ ਸਮਝਦਾ ਹਾਂ। ਤੂੰ ਉੱਥੇ ਰੱਖੜੀ ਬੰਨ੍ਹਣ ਨਹੀਂ ਜਾਂਦੀ ਉਸ ਹਰਾਮਜਾਦੇ ਨੂੰ।"

"ਬਬਲੂ ਜਬਾਨ ਸੰਭਾਲ ਕੇ ਗੱਲ ਕਰ।"

"ਉਸ ਲਈ ਹਰਾਮਜਾਦਾ ਕਹਿਣਾ ਵੀ ਤੂੰ ਨਹੀਂ ਸੁਣ ਸਕਦੀ। ਤੂੰ ਸ਼ਾਦੀ-ਸ਼ੁਦਾ ਹੋ ਕੇ ਉਸ ਦੀ ਹਵਸ ਪੂਰੀ ਕਰਦੀ ਹੈਂ ਤੇ ਸਾਲਾ ਕਸ਼ਮੀਰ ਤੋਂ ਹਰ ਮਹੀਨੇ ਆਂਦਾ ਹੈ

ਕਿਸੇ ਗੈਰ ਦੀ ਬੀਵੀ ਨਾਲ ਰੰਗ-ਰਲੀਆਂ ਮਨਾਣ ਵਾਸਤੇ। ਇਕ ਵਾਰੀ ਹੋਇਆ ਦੋ ਵਾਰੀ ਹੋਇਆ ਉਸ ਨੇ ਤੇ ਤੈਨੂੰ ਰਖੇਲ ਹੀ ਬਣਾ ਕੇ ਰੱਖ ਲਿਆ। ਤੂੰ ਆਪ ਵਿਭਚਾਰ ਦੀ ਇਕ ਮੂਰਤ ਬਣ ਗਈ ਹੈ ਜਿਵੇਂ ਈਸ਼ਵਰ ਨੇ ਵਿਭਚਾਰ ਕਰਨ ਲਈ ਹੀ ਤੈਨੂੰ ਜਿਸਮ ਦਿੱਤਾ ਹੈ।"

"ਜ਼ਿਆਦਾ ਬਕਵਾਸ ਕਰਨ ਦੀ ਲੋੜ ਨਹੀਂ ਹੈ। ਤੇਰੇ ਨਾਲ ਆਣ ਤੋਂ ਪਹਿਲੇ ਹੀ ਇਹ ਪ੍ਰੱਣ ਲੀਤਾ ਸੀ।"

"ਤੂੰ ਪ੍ਰੱਣ ਮਿਲਣ ਲਈ ਕੀਤਾ ਸੀ ਉਸ ਨਾਲ ਸੌਣ ਲਈ ਨਹੀਂ। ਬਲਬੀਰ ਦੀ ਆਵਾਜ਼ ਉੱਚੀ ਹੋ ਗਈ।"

"ਇਹ ਮੇਰੀ ਮਰਜ਼ੀ ਹੈ, ਮੈਨੂੰ ਉਸ ਦੇ ਕੋਲ ਸੌਣ ਨਾਲ ਹੀ ਮੇਰੀ ਆਤਮਾ ਸ਼ਾਂਤ ਹੁੰਦੀ ਹੈ।" ਪ੍ਰੀਤੀ  ਨਿਧੜਕ ਉੱਤਰ ਦੇ ਰਹੀ ਸੀ।

"ਰੱਬ ਤੋਂ ਖੌਫ ਖਾਹ। ਤੇਰੀਆਂ ਕਰਤੂਤਾਂ ਉਹ ਵੇਖਦਾ ਹੈ ਇਹੋ ਜਿਹੀ ਮੌਤ ਮਰੇਂਗੀ ਕਿ ਤੈਨੂੰ ਕੋਈ ਪਾਣੀ ਦਾ ਘੁੱਟ ਵੀ ਪੁੱਛਣ ਵਾਲਾ ਨਹੀਂ ਹੋਵੇਗਾ। ਐਨੀ ਜ਼ਲੀਲ ਹੋ ਜਾਏਂਗੀ ਕਿ ਤੇਰੇ ਤੇ ਕੋਈ ਥੁੱਕੇਗਾ ਵੀ ਨਹੀਂ।"

"ਰਹਿਣ ਦੇ ਤੂੰ ਆਪਣੀ ਖੈਰ ਕਰ।" ਤੇ ਆਪਣੇ ਕਮਰੇ ਅੰਦਰ ਚਲੀ ਗਈ। ਦੋ ਤਿੰਨ ਦਿਨ ਦੋਨਾਂ ਵਿਚ ਕੋਈ ਗੱਲ-ਬਾਤ ਨਹੀਂ ਹੋਈ। ਫਿਰ ਫਿਆਜ਼ ਆ ਗਿਆ ਢਾਬੇ ਤੇ ਹੀ। ਉਹਨਾਂ ਦਿਨਾਂ ਵਿਚ ਕਿਹੜੇ ਮੋਬਾਇਲ ਜਾਂ ਫੋਨ ਹੁੰਦੇ ਸਨ। ਆਮ੍ਹਣੇ-ਸਾਮ੍ਹਣੇ ਹੀ ਮਿਲਣਾ ਪੈਂਦਾ ਸੀ। ਬਲਬੀਰ ਬਾਹਰ ਹੀ ਬੈਠਾ ਸੀ ਢਾਬੇ 'ਤੇ ਤੇ ਫਿਆਜ਼ ਨੂੰ ਉਸ ਨੇ ਕਿਹਾ, "ਅੰਦਰ ਹੀ ਚਲੇ ਜਾਉ, ਵਹੀਂ ਮਿਲ ਲੋ। ਤੁਮ੍ਹਾਰਾ ਇੰਤਜ਼ਾਰ ਕਰ ਰਹੀ ਹੈ।"

"ਅੰਦਰ ਜਾਊਂ?" ਬਲਬੀਰ ਨੇ ਅੰਦਰ ਜਾਣ ਦਾ ਇਸ਼ਾਰਾ ਕੀਤਾ।

ਉਹ ਝਿਜਕਦਾ ਤੇ ਡਰਦਾ ਹੋਇਆ ਅੰਦਰ ਚਲਾ ਗਿਆ। ਪ੍ਰੀਤੀ ਵੇਖ ਕੇ ਬੜੀ ਹੈਰਾਨ ਹੋ ਗਈ। ਪੁੱਛਿਆ "ਸੀਧੇ ਅੰਦਰ ਆ ਗਏ?"

"ਹਾਂ ਤੁਮ੍ਹਾਰੇ ਖਾਵੰਦ ਨੇ ਅੰਦਰ ਆਨੇ ਕੇ ਲੀਏ ਹੀ ਕਹਾ ਹੈ।"

"ਚਲੋ ਠੀਕ ਹੂਆ ਉਸ ਨੇ ਖ਼ੁਦ ਹੀ ਅੰਦਰ ਆਨੇ ਕਾ ਰਾਸਤਾ ਸਾਫ਼ ਕਰ ਦੀਆ ਹੈ। ਬੈਠੋ ਚਾਏ ਪਾਣੀ ਪਿਲਾਤੀ ਹੂੰ।"

"ਪਰ ਯਹ ਕੈਸੇ ਹੂਆ?"

"ਸਭ ਕੁਛ ਤੋ ਵੋਹ ਜਾਨਤਾ ਹੈ। ਹਮ ਪਰਦੇ ਮੇਂ ਮਿਲਤੇ ਥੇ ਉਸ ਨੇ ਬੇਪਰਦਾ ਕਰ ਦੀਆ।"

"ਪਰ ਯਹ ਬਾਤ ਠੀਕ ਨਹੀਂ। ਕਹੀਂ ਵੋਹ ਰਾਤ ਕੋ ਮੇਰਾ ਕਤਲ ਹੀ ਨਾ ਕਰਵਾ ਦੇ।" ਫਿਆਜ਼ ਨੇ ਸ਼ੰਕਾ ਪ੍ਰਗਟ ਕੀਤੀ।

"ਨਹੀਂ, ਐਸੀ ਕੋਈ ਬਾਤ ਨਹੀਂ ਉਸ ਕੀ ਇਤਨੀ ਹਿੰਮਤ ਨਹੀਂ।" ਵੋਹ ਕੁਝ ਨਹੀਂ ਕਰ ਸਕਤਾ। ਤੁਮ ਬੇਫਿਕਰ ਰਹੋ। ਮੈਨੇ ਉਸ ਸੇ ਪੂਛ ਲੀਆ ਹੈ। ਉਸ ਨੇ ਖੁਦ ਹੀ ਕਹਾ ਹੈ ਕਿ ਤੁਮ ਯਹੀਂ ਰਹਿ ਸਕਤੇ ਹੋ।"

ਹੁਣ ਤਕ ਪ੍ਰੀਤੀ ਇਕ ਬੇਟੀ ਦੀ ਮਾਂ ਬਣ ਚੁੱਕੀ ਸੀ। ਤੇ ਦੂਸਰੇ ਬੱਚੇ ਦੀ ਵੀ ਉਮੀਦ ਹੋ ਗਈ ਸੀ। ਹੁਣ ਫਿਆਜ਼ ਸਿੱਧਾ ਢਾਬੇ ਵਿਚ ਆ ਜਾਂਦਾ, ਇਕ ਦੋ ਦਿਨ ਰਹਿ ਕੇ ਕਸ਼ਮੀਰ ਮੁੜ ਜਾਂਦਾ। ਕਸ਼ਮੀਰ ਵੀ ਉਸ ਨੇ ਇਕ ਵਹੁਟੀ ਰੱਖੀ ਹੋਈ ਸੀ। ਇਸ ਤਰ੍ਹਾਂ ਉਹ ਵੀ ਦੂਹਰੀ ਜ਼ਿੰਦਗੀ ਜੀਂਦਾ ਸੀ। ਪਰ ਪ੍ਰੀਤੀ ਤੇ ਨੀਚਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀ ਸੀ। ਹੈਰਾਨੀ ਸੀ ਕਿ ਇਹੋ ਜਿਹੀਆਂ ਇਸਤ੍ਰੀਆਂ ਖੁੱਲ੍ਹੇ-ਆਮ ਪਤੀ ਦੀ ਮੌਜੂਦਗੀ ਵਿਚ ਦੂਸਰੇ ਮਰਦ ਨਾਲ ਸਬੰਧ ਰੱਖਦੀਆਂ ਹਨ ਤੇ ਉਹ ਵੀ ਪਤੀ ਉੱਤੇ ਆਪਣੀ ਮਰਜ਼ੀ ਠੋਕ ਕੇ। ਬਿਨ੍ਹਾਂ ਕਿਸੇ ਭੈਅ ਦੇ। ਬਿਨ੍ਹਾਂ ਕਿਸੇ ਲੋਕ-ਲਾਜ ਦੇ, ਪਤਾ ਨਹੀਂ ਕਿਵੇਂ ਉਹਨਾਂ ਦੀ ਆਤਮਾ ਉਹਨਾਂ ਨੂੰ ਇਹੋ ਕੁਝ ਕਰਨ ਦੇਂਦੀ ਹੈ, ਅਸਲ ਵਿਚ ਆਤਮਾ ਹੁੰਦੀ ਹੀ ਨਹੀਂ ਇਹੋ ਜਹੀਆਂ ਤ੍ਰੀਮਤਾਂ ਦੀ। ਕੇਵਲ ਖੁਦਗਰਜੀ ਤੇ ਐਸ਼ ਹੀ ਉਹਨਾਂ ਦਾ ਜ਼ਿੰਦਗੀ ਦਾ ਮਕਸਦ ਰਹਿ ਜਾਂਦਾ ਹੈ।

## 18

**ਬ**ਲਬੀਰ ਦੇ ਪਿਤਾ ਦੇ ਮਰਨ ਵੇਲੇ ਉਹ ਕਸ਼ਮੀਰ ਗਿਆ ਸੀ। ਪਰ ਪਿਤਾ ਦੇ ਸਸਕਾਰ ਤੇ ਨਹੀਂ ਪਹੁੰਚ ਸਕਿਆ। ਇਕ ਦਿਨ ਦੇਰ ਨਾਲ ਪੁੱਜਿਆ ਪਿਤਾ ਦੇ ਅੰਤਿਮ ਦਰਸ਼ਨ ਵੀ ਨਹੀਂ ਕਰ ਸਕਿਆ। ਉਸ ਨੇ ਸੋਚਿਆ ਇਥੇ ਕੌਣ ਜ਼ਮੀਨ ਜਾਇਦਾਦ ਦੀ ਦੇਖ ਰੇਖ ਕਰੇਗਾ। ਕੋਈ ਨਾ ਕੋਈ ਕਬਜਾ ਕਰ ਲਵੇਗਾ, ਚੰਗਾ ਹੈ ਕਿ ਵੇਚ ਹੀ ਜਾਵਾਂ। ਸਿੱਖਾਂ ਦੀਆਂ ਜ਼ਮੀਨਾਂ ਖਰੀਦਣ ਵਾਸਤੇ ਕਈ ਤਿਆਰ ਸਨ ਤੇ ਪਿਤਾ ਦੇ ਦਸਵੇਂ ਤੋਂ ਪਹਿਲੇ ਹੀ ਖਰੀਦ-ਦਾਰ ਲੱਭ ਗਿਆ ਤੇ ਮਕਾਨ ਤੇ ਆਲੇ-ਦੁਆਲੇ ਦੀ ਜ਼ਮੀਨ ਛੱਡ ਕੇ ਉਸਨੇ ਸਾਰੀ ਜ਼ਮੀਨ ਵੇਚ ਦਿੱਤੀ ਤੇ ਕਸ਼ਮੀਰ ਨੂੰ ਛੱਡ ਗਿਆ ਕਦੀ ਨਾ ਵਾਪਿਸ ਆਣ ਲਈ।

ਓਸੇ ਪੈਸੇ ਦੀ ਉਸ ਨੇ ਆਪਣੇ ਢਾਬੇ ਦੇ ਪਿੱਛੇ ਨਾਲ ਲਗਦੀ ਚਾਰ ਏਕੜ ਜ਼ਮੀਨ ਖਰੀਦ ਲਈ। ਪੈਸੇ ਨੂੰ ਜਾਇਆ ਨਹੀਂ ਕੀਤਾ। ਉਸ ਨੇ ਜ਼ਮੀਨ ਵਿਚ ਪੋਲਟਰੀ ਫਾਰਮ ਬਣਾ ਲਿਆ, ਕੁਝ ਗਾਵਾਂ ਮੱਝਾਂ ਰੱਖ ਕੇ ਡੇਅਰੀ ਫਾਰਮ ਵੀ ਖੋਲ੍ਹ ਲਿਆ, ਬਾਕੀ ਸਾਰੀ ਜ਼ਮੀਨ ਵਿਚ ਸਬਜ਼ੀਆਂ ਤੇ ਦਾਲ ਦੀ ਖੇਤੀ ਕਰ ਲਈ, ਦੋ ਕਾਮੇ ਰੱਖ ਲਏ ਤੇ ਜਿਹੜੀ ਜ਼ਮੀਨ ਤੇ ਕੰਮ ਕਰਦੇ ਸਨ ਉਸ ਇਲਾਕੇ ਵਿਚ ਪਾਣੀ ਦੀ ਬਹੁਤਾਤ ਹੋਣ ਕਾਰਨ ਬੋਰ ਕਰਵਾ ਲਿਆ ਤੇ ਖੇਤੀ-ਬਾੜੀ ਲਈ ਪਾਣੀ ਦੀ ਸਮੱਸਿਆ ਹੀ ਨਹੀਂ ਰਹੀ। ਅੱਛਾ ਚੰਗਾ ਕਾਰੋਬਾਰ ਹੋ ਗਿਆ।

ਬਲਬੀਰ ਦੇ ਦੋ ਬੱਚੇ ਵੀ ਹੋ ਗਏ ਇਕ ਕੁੜੀ ਤੇ ਇਕ ਮੁੰਡਾ। ਕੁੜੀ ਦਾ ਨਾਂ

ਪ੍ਰੀਤੀ ਨੇ ਕੁਸਮ ਤੇ ਮੁੰਡੇ ਦਾ ਨਾਮ ਅਰਸ਼ ਬੜੇ ਦੁਲਾਰਾਂ ਨਾਲ ਤੇ ਚਾਅ ਨਾਲ ਉਹਨਾਂ ਦੀ ਪਰਵਰਿਸ਼ ਕੀਤੀ। ਦੋਨਾਂ ਨੇ ਚਾਰ ਸਾਲ ਤੇ ਪੰਜ ਸਾਲ ਦੇ ਸਨ ਕੁੜੀ ਭਰਾ ਤੋਂ ਇਕ ਸਾਲ ਵੱਡੀ ਸੀ। ਦੋਨਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ। ਸਕੂਲ ਅੱਠ ਦਸ ਕਿਲੋਮੀਟਰ ਦੂਰ ਸੀ। ਸਵੇਰੇ ਬਬਲੂ ਮੋਟਰ ਸਾਈਕਲ ਤੇ ਬੱਚਿਆਂ ਨੂੰ ਛੱਡਣ ਜਾਂਦਾ ਤੇ ਛੁੱਟੀ ਵੇਲੇ ਆਪ ਜਾ ਕੇ ਲਿਆਂਦਾ। ਇਹ ਉਸ ਦਾ ਨਿਤਨੇਮ ਬਣ ਗਿਆ ਸੀ। ਬੱਚੇ ਖੁਸ਼ ਸਨ ਪ੍ਰੀਤੀ ਵੀ ਖੁਸ਼ ਸੀ ਤੇ ਹੁਣ ਫਿਆਜ਼ ਦਾ ਆਣਾ ਜਾਣਾ ਵੀ ਘੱਟ ਗਿਆ ਸੀ। ਬਲਬੀਰ ਆਪ ਵੀ ਆਮ ਵਾਂਗ ਹੋ ਗਿਆ ਸੀ। ਬੱਚਿਆਂ ਦੇ ਕਾਰਨ ਚਿੜ-ਚਿੜਾਪਨ ਘੱਟ ਗਿਆ ਸੀ। ਕੰਮ ਵਧ ਗਿਆ ਸੀ, ਜ਼ਿੰਮੇਵਾਰੀ ਵੀ ਵੱਧ ਗਈ ਸੀ ਤੇ ਮਿਹਨਤ ਵੀ ਵੱਧ ਗਈ ਸੀ। ਢਾਬਾ ਵੀ ਕਾਫੀ ਚਲਦਾ ਸੀ ਤੇ ਮਸ਼ਹੂਰ ਸੀ। ਹੁਣ ਬੱਸਾਂ ਵੀ ਰੁੱਕਦੀਆਂ ਸਨ, ਟਰੱਕਾਂ ਵਾਸਤੇ ਖੁਲ੍ਹੀ ਥਾਂ ਸੀ। ਪੰਜਾਬ, ਕਸ਼ਮੀਰ, ਹਿਮਾਚਲ ਤੇ ਹੋਰ ਉੱਤਰੀ ਭਾਰਤ ਤੋਂ ਆਣ ਵਾਲੇ ਲਗਭਗ ਸਾਰੇ ਹੀ ਉਸ ਦੇ ਗਾਹਕ ਸਨ। ਉੱਥੇ ਹੀ ਆਂਦੇ ਜਾਂਦੇ, ਨਾਂਦੇ-ਧੋਂਦੇ, ਆਰਾਮ ਕਰਦੇ ਤੇ ਖਾ ਪੀ ਕੇ ਆਪਣੇ ਪੜਾਅ ਵੱਲ ਵਧ ਜਾਂਦੇ। ਕੰਮ ਬਹੁਤ ਹੋਣ ਕਾਰਨ ਪ੍ਰੀਤੀ ਫਿਰ ਬਾਹਰ ਕਾਊਂਟਰ ਤੇ ਬੈਠਦੀ, ਢਾਬੇ ਦੇ ਸਾਰੇ ਕੰਮ ਨੌਕਰਾਂ ਤੋਂ ਕਰਵਾਂਦੀ।

ਉਸ ਦੇ ਢਾਬੇ ਨੂੰ ਵੇਖ ਕੇ ਇਕ ਦੋ ਹੋਰ ਢਾਬੇ ਵੀ ਖੁਲ੍ਹ ਗਏ। ਸ਼ਹਿਰੋਂ ਜ਼ਿਆਦਾ ਦੂਰ ਨਾ ਹੋਣ ਕਾਰਨ ਕਈਆਂ ਹੋਰ ਲੋਕਾਂ ਨੇ ਵੀ ਜਮੀਨਾਂ ਖਰੀਦੀਆਂ। ਕਿਸੇ ਨੇ ਗੋਦਾਮ ਬਣਾ ਲਿਆ ਕਿਸੇ ਨੇ ਗੱਡੀਆਂ ਦੀ ਵਰਕਸ਼ਾਪ ਬਣਾ ਲਈ। ਮਤਲਬ ਇਹ ਕੇ ਬਲਬੀਰ ਦੇ ਢਾਬਾ ਬਨਾਣ ਤੋਂ ਬਾਅਦ ਉਸ ਇਲਾਕੇ ਵਿਚ ਰੌਣਕ ਹੋ ਗਈ ਪਹਿਲੇ ਤੇ ਕੋਈ ਆਸ-ਪਾਸ ਬੰਦਾ ਵੀ ਵੇਖਣ ਨੂੰ ਨਹੀਂ ਸੀ ਮਿਲਦਾ। ਬਲਬੀਰ ਦੀ ਸੋਚ ਤੇ ਕੋਸ਼ਿਸ਼ ਨੇ ਉਸ ਨੂੰ ਫਲ ਦਿੱਤਾ ਤੇ ਸਫਲ ਕੀਤਾ। ਉਸਦੀ ਸਫਲਤਾ ਤੇ ਪ੍ਰੀਤੀ ਵੀ ਖੁਸ਼ ਸੀ।

ਹੁਣ ਉਸ ਨੇ ਕਾਊਂਟਰ ਤੇ ਬੈਠਣ ਵਾਲਾ ਇਕ ਹੋਰ ਬੰਦਾ ਵੀ ਰੱਖ ਲਿਆ ਸੀ ਜਿਸ ਕੋਲੋਂ ਪ੍ਰੀਤੀ ਹਿਸਾਬ ਕਿਤਾਬ ਲੈਂਦੀ ਤੇ ਸਾਂਭਦੀ। ਸ਼ਾਮ ਵੇਲੇ ਬਲਬੀਰ ਆਪਣੇ ਬੱਚਿਆਂ ਨਾਲ ਸਮਾਂ ਬਤੀਤ ਕਰਦਾ। ਉਹਨਾਂ ਨੂੰ ਪੜਾਂਦਾ, ਸਕੂਲ ਦਾ ਕੰਮ ਕਰਾਂਦਾ ਤੇ ਖੇਲਦਾ। ਜਦੋਂ ਵੀ ਸ਼ਹਿਰ ਜਾਂਦਾ ਢੇਰ ਸਾਰੇ ਖਿਡੌਣੇ ਲਿਆਂਦਾ ਤੇ ਬੱਚਿਆਂ ਨੂੰ ਖਿਡੌਣਿਆਂ ਨਾਲ ਖੇਡਦੇ ਵੇਖ ਕੇ ਖੁਸ਼ ਹੁੰਦਾ। ਉਸ ਦੀ ਇੱਛਾ ਸੀ ਕਿ ਉਸ ਦੇ ਬੱਚੇ ਸ਼ਹਿਜ਼ਾਦਿਆਂ ਵਾਂਗੂੰ ਜ਼ਿੰਦਗੀ ਗੁਜ਼ਾਰਨ, ਕਿਸੇ ਚੀਜ਼ ਦੀ ਘਾਟ ਨਾ ਰਹੇ। ਵੱਧ ਤੋਂ ਵੱਧ ਪੜ੍ਹ ਕੇ ਕੁਝ ਬਣ ਜਾਣ। ਉਸ ਨੂੰ ਆਪਣੇ ਬਚਪਨ ਦਾ ਵਕਤ ਯਾਦ ਸੀ। ਕਿਵੇਂ ਮਾਂ ਤੋਂ ਬਿਨ੍ਹਾਂ ਉਸ ਨੇ ਆਪਣਾ ਬਚਪਨ ਮਤ੍ਰੇਈ ਮਾਂ ਨਾਲ ਬਤੀਤ ਕੀਤਾ ਸੀ। ਪਿਤਾ ਸਵੇਰੇ ਤਿਆਰ ਕਰਕੇ ਸਕੂਲ ਭੇਜ ਦੇਂਦਾ। ਕਦੀ ਰਾਤ ਦੀ ਬਚੀ ਹੋਈ ਰੋਟੀ ਖਾ ਕੇ ਸਕੂਲ ਜਾਣਾ ਪੈ ਜਾਂਦਾ ਕਦੀ ਵਾਲਾਂ ਵਿਚ ਕੰਘੀ ਹੁੰਦੀ ਕਦੀ ਨਾ ਹੁੰਦੀ ਤੇ ਸਕੂਲ ਦੀ ਟੀਚਰ ਕੰਘੀ ਕਰਕੇ ਜੂੜਾ ਕਰ

ਦੇਂਦੀ। ਕਿੰਨੀ ਮੁਸੀਬਤ ਵਿਚ ਉਹ ਦਸ ਜਮਾਤਾਂ ਤਕ ਪੜ੍ਹ ਸਕਿਆ ਸੀ। ਉਹ ਆਪਣੇ ਪਿਤਾ ਦਾ ਬਹੁਤ ਧੰਨਵਾਦੀ ਵੀ ਸੀ ਜਿਨ੍ਹਾਂ ਨੇ ਆਪਣੇ ਬੇਟੇ ਦੇ ਸੁੱਖ ਕਾਰਨ ਪੁੱਤਰ ਦਾ ਸਾਰਾ ਕੰਮ ਆਪ ਕੀਤਾ ਤੇ ਪੁੱਤਰ ਨੂੰ ਪੜ੍ਹਾਇਆ। ਪਤਨੀ ਦੇ ਗੁਜ਼ਰ ਜਾਣ ਤੋਂ ਬਾਅਦ ਬਚਪਨ ਯਾਦ ਕਰਕੇ ਕਈ ਵਾਰੀ ਬਲਬੀਰ ਦੀਆਂ ਅੱਖਾਂ ਨਮ ਹੋ ਜਾਂਦੀਆਂ ਤੇ ਘੁੱਟ ਕੇ ਉਹ ਆਪਣੇ ਬੱਚਿਆਂ ਨੂੰ ਸੀਨੇ ਨਾਲ ਲਾ ਲੈਂਦਾ ਤੇ ਬਹੁਤ ਪਿਆਰ ਕਰਦਾ। ਉਹ ਕਦੀ ਵੀ ਨਹੀਂ ਸੋਚ ਸਕਦਾ ਸੀ ਕਿ ਉਸ ਦੇ ਬੱਚਿਆਂ ਤੇ ਕਦੀ ਇਹੋ ਜਿਹਾ ਸਮਾਂ ਆਏ।

ਪ੍ਰੀਤੀ ਬੱਚਿਆਂ ਦੇ ਨਾਲ ਬਲਬੀਰ ਦਾ ਐਨਾ ਪਿਆਰ ਤੇ ਬੱਚਿਆਂ ਦਾ ਐਨਾ ਖਿਆਲ ਕਰਨ ਤੇ ਮੁਸਕਰਾ ਦਿੰਦੀ ਤੇ ਕਹਿੰਦੀ "ਜਾਪਦਾ ਹੈ ਕਿ ਤੂੰ ਹੀ ਇਹਨਾਂ ਦੀ ਮਾਂ ਵੀ ਹੈਂ ਤੇ ਪਿਉ ਵੀ। ਸਵੇਰੇ ਉੱਠਣ ਤੋਂ ਲੈ ਕੇ ਸੌਣ ਤਕ ਤੇਰੇ ਨਾਲ ਹੀ ਰਹਿੰਦੇ ਹਨ। ਮੇਰੇ ਕੋਲ ਤਾਂ ਆਂਦੇ ਹੀ ਨਹੀਂ।"

"ਹਾਂ ਪ੍ਰੀਤੀ ਬੱਚੇ ਤੇ ਰੱਬ ਦਾ ਰੂਪ ਹਨ ਜਿਹੜਾ ਪਿਆਰ ਕਰਦਾ ਹੈ ਉਸੇ ਦੇ ਹੋ ਜਾਂਦੇ ਹਨ। ਮੈਂ ਤੇ ਇਹਨਾਂ ਦਾ ਪਿਉ ਹਾਂ।" ਬਲਬੀਰ ਕਹਿੰਦਾ।

"ਹਾਂ ਕਿਉਂ ਨਹੀਂ।" ਤੇ ਮੁਸਕਰਾ ਕੇ ਪ੍ਰੀਤੀ ਕੰਮ ਵਿਚ ਰੁਝ ਜਾਂਦੀ। ਆਪਣੇ ਖਾਣ ਲਈ ਉਹ ਆਪਣਾ ਭੋਜਨ ਆਪ ਹੀ ਬਣਾਂਦੀ ਸੀ। ਢਾਬੇ ਤੋਂ ਕਦੀ ਕੋਈ ਸਬਜੀ ਮੰਗਾ ਲੈਂਦੀ ਸੀ ਜਿਹੜੀ ਸਵਾਦੀ ਬਣੀ ਹੁੰਦੀ। ਬੱਚਿਆਂ ਦੇ ਸੌਣ ਪਿਛੋਂ ਬਲਬੀਰ ਸ਼ਰਾਬ ਪੀਂਦਾ। ਬੱਚਿਆਂ ਦੇ ਥੋੜ੍ਹਾ ਸਮਝਦਾਰ ਹੋਣ ਤੇ ਬਲਬੀਰ ਨੇ ਦਿਨੇ ਸ਼ਰਾਬ ਪੀਣੀ ਛੱਡ ਦਿੱਤੀ ਸੀ। ਪਹਿਲੇ ਉਹ ਦੇਸੀ ਸ਼ਰਾਬ ਆਪ ਹੀ ਬਣਾ ਲੈਂਦਾ ਸੀ, ਹੁਣ ਉਸ ਨੇ ਇਹ ਕੰਮ ਵੀ ਬੰਦ ਕਰ ਦਿੱਤਾ ਸੀ।

ਨਾਂਦੇੜ ਮਹਾਰਾਸ਼ਟਰ ਦਾ ਉੱਘਾ ਸ਼ਹਿਰ ਹੈ, ਇਸ ਸ਼ਹਿਰ ਦੀ ਮਾਨਤਾ ਸਿੱਖ ਕੌਮ ਵਾਸਤੇ ਹੋਰ ਵੀ ਵਧੇਰੀ ਹੈ ਕਿਉਂਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਿਮ ਸਾਲ ਇਥੇ ਹੀ ਬਤੀਤ ਕੀਤੇ ਸਨ। ਅਨੰਦਪੁਰ ਸਾਹਿਬ ਛੱਡਣ ਉਪਰੰਤ ਜਦੋਂ ਮੁਗ਼ਲਾਂ ਨਾਲ ਜੰਗ ਹੋਈ। ਆਪਣੇ ਚਾਰੇ ਸਾਹਿਬਜਾਦੇ ਕੌਮ ਉੱਤੋਂ ਤੇ ਇਸ ਦੇਸ਼ ਉੱਤੋਂ ਵਾਰ ਦਿੱਤੇ। ਆਪਣੀ ਮਾਤਾ ਨੂੰ ਵਾਰ ਦਿੱਤਾ ਸਾਰਾ ਸਰਬੰਸ ਵਾਰ ਦਿੱਤਾ। ਆਪਣੇ ਕੁਝ ਸਿੰਘਾਂ ਨੂੰ ਲੈ ਕੇ ਦੱਖਣ ਵੱਲ ਚਾਲੇ ਪਾ ਦਿੱਤੇ। ਉਹਨਾਂ ਦਾ ਮਕਸਦ ਸ਼ਿਵਾਜੀ ਮਰਹੱਟੇ ਨੂੰ ਮਿਲਣਾ ਸੀ ਕਿ ਉਹਨਾਂ ਨਾਲ ਮਿਲ ਕੇ ਮੁਗ਼ਲ ਸਲਤਨੱਤ ਨਾਲ ਲੋਹਾ ਲਿਆ ਜਾਏ। ਜਿਹੜਾ ਹਿੰਦੂ ਕੌਮ ਤੇ ਜ਼ੁਲਮ ਤੇ ਤਸ਼ਦੱਦ ਹੋ ਰਿਹਾ ਹੈ ਉਸ ਦਾ ਅੰਤ ਕੀਤਾ ਜਾਏ। ਪਰ ਬਦਕਿਸਮਤੀ ਇਹ ਹੋਈ ਕਿ ਸ਼ਿਵਾ ਜੀ ਦਾ ਦੇਹਾਂਤ ਹੋ ਗਿਆ ਜਦੋਂ ਗੁਰੂ ਜੀ ਰਸਤੇ ਵਿਚ ਹੀ ਸਨ ਤੇ ਮਿਲਣ ਨਹੀਂ ਹੋ ਸਕਿਆ ਤੇ ਗੁਰੂ ਸਾਹਿਬ ਨਾਂਦੇੜ ਆ ਗਏ। ਨਰਮਦਾ ਨਦੀ ਦੇ ਕਿਨਾਰੇ ਆ ਕੇ ਰੁਕ ਗਏ ਤੇ ਇਥੇ ਹੀ ਬਾਕੀ ਦਾ ਸਮਾਂ ਬਤੀਤ ਕੀਤਾ। ਇਥੇ ਹੀ ਉਹਨਾਂ ਦੀ ਭੇਂਟ ਮਾਧੋ ਦਾਸ ਨਾਲ ਹੋਈ ਜੋ ਰਾਜੌਰੀ ਜੰਮੂ ਤੋਂ ਆ ਕੇ ਇਥੇ ਰਹਿੰਦਾ

ਸੀ ਤੇ ਬੜੀ ਜੰਤਰ ਤੰਤਰ ਵਿਦਿਆ ਤੋਂ ਜਾਣੂੰ ਸੀ। ਬੜੇ ਕਰਾਮਾਤੀ ਕਰਤਬ ਕਰਦਾ ਸੀ ਤੇ ਵਹਿਮਾਂ ਵਿਚ ਭਰੇ ਲੋਕ ਉਸ ਕੋਲੋਂ ਕਈ ਉਪਚਾਰ ਕਰਾਂਦੇ ਸਨ। ਗੁਰੂ ਜੀ ਨੇ ਉਸ ਨੂੰ ਇਹਨਾਂ ਕੰਮਾਂ ਤੋਂ ਵਰਜਿਆ, ਸਿੱਖ ਸਾਜਿਆ ਤੇ ਨਾਮਕਰਣ ਕੀਤਾ ਤੇ ਉਸਨੂੰ ਬੰਦਾ ਸਿੰਘ ਬਹਾਦਰ ਬਣਾ ਦਿੱਤਾ। ਗੁਰੂ ਜੀ ਉੱਥੇ ਰਹਿ ਕੇ ਆਪਣੇ ਸੁਭਾਅ ਅਨੁਸਾਰ ਧਰਮ ਦਾ ਪ੍ਰਚਾਰ ਕੀਤਾ ਦੱਖਣ ਵਿਚ ਵੀ ਸਿੱਖ ਧਰਮ ਨੂੰ ਆਪ ਉਥੋਂ ਦੇ ਲੋਕਾਂ ਵਿਚ ਪ੍ਰਚਲਤ ਕੀਤਾ। ਨਾਂਦੇੜ ਸਾਹਿਬ ਦੇ ਇਰਦ-ਗਿਰਦ ਬਾਰਾਂ ਗੁਰਦੁਆਰੇ ਬਣੇ ਹਨ ਜਿਥੇ ਦੂਰ-ਦੁਰਾਡੇ ਤੋਂ ਜਾ ਕੇ ਸੰਗਤਾਂ ਦਰਸ਼ਨ ਕਰਦੀਆਂ ਹਨ ਤੇ ਆਪਣੀ ਯਾਤਰਾ ਸਫਲ ਕਰਦੀਆਂ ਹਨ।

ਹਰ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਤੇ ਬਹੁਤ ਵੱਡਾ ਸਮਾਗਮ ਹੁੰਦਾ ਹੈ। ਦੇਸ਼-ਵਿਦੇਸ਼ ਤੋਂ ਸਿੱਖ ਸ਼ਰਧਾਲੂ ਆਂਦੇ ਹਨ ਤੇ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਪੂਰੇ ਸ਼ਹਿਰ ਵਿਚ ਗਹਿਮਾ-ਗਹਿਮੀ ਹੁੰਦੀ ਹੈ ਕਿਤੇ ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ "ਸਤਿਨਾਮ ਵਾਹਿਗੁਰੂ" ਸ਼ਬਦ ਕੀਰਤਨ ਸਾਰੇ ਵਾਤਾਵਰਣ ਵਿਚ ਗੂੰਜਦਾ ਹੈ ਤੇ ਆਲੌਕਿਕ ਦ੍ਰਿਸ਼ ਸ਼ਹਿਰ ਨੂੰ ਸਵਰਗ ਬਣਾ ਦਿੰਦਾ ਹੈ। ਇਹਨਾਂ ਦਿਨਾਂ ਬਲਬੀਰ ਦੇ ਢਾਬੇ ਦਾ ਕੰਮ-ਕਾਜ ਵੀ ਹੋਰ ਵੱਧ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯਾਤਰਾ ਬਸ ਕਸ਼ਮੀਰ ਤੋਂ ਆਈ ਸੀ। ਕੁਝ ਯਾਤਰੀ ਬਾਰਾਮੂਲੇ ਤੋਂ ਵੀ ਆਏ ਸਨ ਤੇ ਉਹਨਾਂ ਵਿਚ ਇਕ ਯਾਤਰੀ ਬਲਬੀਰ ਦੇ ਬਚਪਨ ਦਾ ਮਿਤ੍ਰ ਸੀ। ਇਕੱਠੇ ਪੜ੍ਹੇ ਸਨ ਜਦੋਂ ਬਲਬੀਰ ਦਾ ਵਿਆਹ ਪ੍ਰੀਤੀ ਨਾਲ ਹੋਇਆ ਸੀ ਉਹ ਵੀ ਸ਼ਾਮਲ ਸੀ ਤੇ ਬਲਬੀਰ ਦੀ ਕਹਾਣੀ ਦਾ ਜਾਣੂ ਸੀ। ਆਪਣੀ ਪਤਨੀ ਤੇ ਬੱਚਿਆਂ ਨਾਲ ਨਾਂਦੇੜ ਸਾਹਿਬ ਦੇ ਦਰਸ਼ਨ ਕਰਨ ਆਇਆ। ਕਿਸੇ ਤੋਂ ਬਲਬੀਰ ਦਾ ਪਤਾ ਵੀ ਲੈ ਕੇ ਆਇਆ ਸੀ ਤੇ ਮਿਲ ਕੇ ਜਾਣ ਦਾ ਨਿਸ਼ਚੈ ਕਰ ਕੇ ਆਇਆ ਸੀ। ਬਲਬੀਰ ਦਾ ਇਹ ਮਿਤਰ ਸੁਰਿੰਦਰ ਸੀ।

ਆਪਣੇ ਬੱਚੇ ਤੇ ਪਤਨੀ ਜੱਥੇ ਨਾਲ ਹੀ ਛੱਡ ਕੇ ਬਲਬੀਰ ਨੂੰ ਮਿਲਣ ਗਿਆ। ਵੇਖ ਕੇ ਬਲਬੀਰ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਘੁੱਟ ਕੇ ਜੱਫੀ ਪਾ ਕੇ ਮਿਲਿਆ, "ਤੂੰ ਇਥੇ ਕਿਵੇਂ ਬਾਈ?"

"ਯਾਤਰਾ ਬਸ ਵਿਚ ਆਇਆ ਹਾਂ ਦਰਸ਼ਨ ਕਰਨ।" ਸੁਰਿੰਦਰ ਨੇ ਬੜੀ ਨਿੱਘ ਨਾਲ ਮਿਲ ਕੇ ਕਿਹਾ।

"ਤੂੰ ਤੇ ਯਾਰ ਕਮਾਲ ਕਰ ਦਿੱਤੀ ਹੈ। ਇਥੋਂ ਦਾ ਕਿਵੇਂ ਪਤਾ ਲੱਗਾ?"

"ਮੈਂ ਬਾਰਾਮੂਲੇ ਤੋਂ ਹੀ ਤੇਰੀ ਭੂਆ ਕੋਲੋਂ ਪਤਾ ਕਰਕੇ ਆਇਆ ਸਾਂ। ਮੈਨੂੰ ਪਤਾ ਸੀ ਤੂੰ ਇਥੇ ਰਹਿੰਦਾ ਹੈਂ ਤੇ ਸੋਚ ਕੇ ਆਇਆ ਸੀ ਕਿ ਤੈਨੂੰ ਜ਼ਰੂਰ ਮਿਲ ਕੇ ਜਾਵਾਂਗਾ।"

"ਇਕੱਲਾ ਆਇਆ ਹੈਂ।"

"ਨਹੀਂ ਬੱਚੇ ਲੈ ਕੇ ਆਇਆ ਹਾਂ।"

"ਉਹਨਾਂ ਨੂੰ ਵੀ ਲੈ ਆਣਾ ਸੀ।"

"ਪਹਿਲੇ ਤੇਰਾ ਟਿਕਾਣਾ ਤਾਂ ਲੱਭਦਾ।"

"ਇਥੇ ਕਿੰਨੇ ਦਿਨ ਦਾ ਪ੍ਰੋਗਰਾਮ ਹੈ?"

"ਪੰਜ ਛੇ ਦਿਨ ਰਹਾਂਗੇ।"

"ਫਿਰ ਬੱਚੇ ਤੇ ਭਰਜਾਈ ਨੂੰ ਲੈ ਕੇ ਇਥੇ ਆ ਜਾ ਤੇ ਮੇਰੇ ਕੋਲ ਹੀ ਰਹਿ। ਤੂੰ ਤੇ ਸੁਰਿੰਦਰ ਕਮਾਲ ਕਰ ਦਿੱਤੀ ਹੈ। ਮੈਂ ਅੱਠਾਂ ਸਾਲਾਂ ਤੋਂ ਇਥੇ ਹਾਂ ਤੇ ਤੂੰ ਪਹਿਲਾ ਬੰਦਾ ਹੈ ਜਿਹੜਾ ਮੈਨੂੰ ਕਸ਼ਮੀਰ ਤੋਂ ਮਿਲਣ ਆਇਆ ਹੈ। ਮੈਂ ਗਦ-ਗਦ ਹੋ ਗਿਆ ਹਾਂ ਮੇਰਾ ਯਾਰਾ। ਚੱਲ ਅੰਦਰ ਤੈਨੂੰ ਪ੍ਰੀਤੀ ਨਾਲ ਮਿਲਾਂਦਾ ਹਾਂ। ਅੰਦਰ ਵੱਲ ਨੂੰ ਬਲਬੀਰ ਨੇ ਜਾਣ ਦਾ ਇਸ਼ਾਰਾ ਕੀਤਾ।

"ਹੁਣ ਤੇਰਾ ਹਿਸਾਬ ਠੀਕ ਹੈ?"

"ਹਾਂ ਯਾਰ ਇਥੇ ਸਭ ਠੀਕ ਹੋ ਗਿਆ ਹੈ। ਦੋ ਬੱਚੇ ਵੀ ਹਨ। ਸਕੂਲ ਜਾਂਦੇ ਹਨ ਤੇ ਇਥੇ ਨਾਲ ਲਗਦੀ ਚਾਰ ਏਕੜ ਯਾਨੀ ਬੱਤੀ ਕਨਾਲ ਜ਼ਮੀਨ ਵੀ ਖਰੀਦੀ ਹੈ ਢਾਬੇ ਦੇ ਨਾਲ ਲੱਗਦੀ। ਤੈਨੂੰ ਸਭ ਵਿਖਾਵਾਂਗਾ। ਚਲ ਪਹਿਲੇ ਪ੍ਰੀਤੀ ਨੂੰ ਮਿਲ ਲੈ।" ਉਹਨੂੰ ਅੰਦਰ ਲੈ ਗਿਆ।

"ਵੇਖ ਪ੍ਰੀਤੀ ਕੌਣ ਆਇਆ ਹੈ?" ਪ੍ਰੀਤੀ ਨੂੰ ਅਵਾਜ਼ ਦੇਂਦੇ ਬਲਬੀਰ ਨੇ ਕਿਹਾ।

"ਪ੍ਰੀਤੀ ਕਮਰੇ 'ਚੋਂ ਬਾਹਰ ਆਈ ਸਤਿ ਸ੍ਰੀ ਅਕਾਲ ਬੁਲਾਈ ਤੇ ਬਲਬੀਰ ਨੇ ਕਿਹਾ, "ਇਹ ਸੁਰਿੰਦਰ ਹੈ, ਮੇਰੇ ਬਚਪਨ ਦਾ ਦੋਸਤ ਅਸੀਂ ਇਕੱਠੇ ਪੜ੍ਹੇ ਹਾਂ ਜਦੋਂ ਸਾਡਾ ਵਿਆਹ ਹੋਇਆ ਸੀ ਇਹ ਵੀ ਬਰਾਤੀ ਸੀ।"

"ਅੱਛਾ, ਪਰ ਮੈਂ ਕਦੀ ਪਹਿਲੇ ਇਹਨਾਂ ਨੂੰ ਵੇਖਿਆ ਨਹੀਂ। ਬਾਰਾਮੂਲੇ ਵੀ ਇਕ ਸਾਲ ਰਹੀ ਹਾਂ। ਕਦੀ ਇਹ ਘਰ ਨਹੀਂ ਆਏ।"

"ਮੈਂ ਆਪਣੇ ਕੰਮ ਵਿਚ ਹੀ ਫਸਿਆ ਰਹਿੰਦਾ ਹਾਂ। ਬੜੀ ਮੁਸ਼ਕਿਲ ਨਾਲ ਵਕਤ ਕੱਢ ਕੇ ਯਾਤਰਾ ਦਾ ਪ੍ਰੋਗਰਾਮ ਬਣਾਇਆ ਉਹ ਵੀ ਘਰ ਵਾਲੀ ਪਿੱਛੇ ਪਈ ਹੋਈ ਸੀ।"

"ਚਲੋ! ਚੰਗਾ ਕੀਤਾ ਜੇ। ਦਰਸ਼ਨ ਵੀ ਭਾਗਾਂ ਨਾਲ ਹੀ ਪ੍ਰਾਪਤ ਹੁੰਦੇ ਹਨ" ਕਹਿ ਕੇ ਪ੍ਰੀਤੀ ਚਾਹ ਪਾਣੀ ਲਿਆਣ ਲਈ ਰਸੋਈ ਵਿਚ ਚਲੀ ਗਈ ਤੇ ਬਲਬੀਰ ਆਪਣੇ ਮਿੱਤਰ ਨਾਲ ਗੱਲ-ਬਾਤ ਕਰਨ ਬੈਠ ਗਿਆ।

"ਬਬਲੂ ਯਾਰ ਤੇਰੇ ਨਾਲ ਇਹ ਬਹੁਤ ਚੰਗਾ ਹੋਇਆ ਤੈਨੂੰ ਕਮੇਟੀ ਦੇ ਪ੍ਰਧਾਨ ਨੇ ਇਥੇ ਭੇਜ ਦਿੱਤਾ ਵਕਤ ਪਾ ਕੇ ਤੂੰ ਸੈੱਟ ਹੋ ਗਿਆ।"

"ਹਾਂ ਯਾਰ ਭੇਜਿਆ ਸੀ ਮੈਨੂੰ ਸੇਵਾਦਾਰ ਬਣਾ ਕੇ। ਡੇਢ ਦੋ ਸਾਲ ਉੱਥੇ ਰਿਹਾ, ਮਹਾਰਾਜ ਦੀ ਜਿੰਨੀ ਬਣ ਸਕੀ ਸੇਵਾ ਕੀਤੀ ਤੇ ਫਿਰ ਇਕ ਦਿਨ ਫੁਰਨਾ ਆਇਆ ਕਿ ਕੋਈ ਕਾਰੋਬਾਰ ਕੀਤਾ ਜਾਵੇ। ਦੋਨਾਂ ਨੇ ਥੋੜ੍ਹੀ ਬਹੁਤੀ ਪੂੰਜੀ ਇਕੱਠੀ ਕੀਤੀ ਹੋਈ ਸੀ, ਕੁਝ ਘਰੋਂ ਪੈਸੇ ਮੰਗਾਏ ਤੇ ਆਪਣੀ ਹੀ ਦਸ ਮਰਲੇ ਜ਼ਮੀਨ ਲੈ ਕੇ ਢਾਬਾ ਸ਼ੁਰੂ ਕਰ ਦਿੱਤਾ। ਵਾਹਿਗੁਰੂ ਦੀ ਕ੍ਰਿਪਾ ਨਾਲ ਸਭ ਠੀਕ ਚਲ ਰਿਹਾ ਹੈ।"

"ਤੂੰ ਪਿਤਾ ਦੇ ਗੁਜ਼ਰਨ ਤੇ ਕਸ਼ਮੀਰ ਆਇਆ ਸੈਂ ਪਰ ਉਹਨਾਂ ਦਿਨਾਂ ਵਿਚ ਮੈਂ ਕਸ਼ਮੀਰ ਵਿਚ ਨਹੀਂ ਸੀ। ਕਸ਼ਮੀਰ ਵਿਚ ਤੇ ਯਾਰ ਬਹੁਤ ਬੁਰਾ ਹਾਲ ਹੈ। ਸ਼ਾਮ ਪੈਂਦੇ ਹੀ ਸੱਨਾਟਾ ਛਾ ਜਾਂਦਾ ਹੈ। ਬਾਜ਼ਾਰ ਬੰਦ ਹੋ ਜਾਂਦੇ ਹਨ। ਸਾਰੇ ਆਵਾਜਾਈ ਦੇ ਸਾਧਨ ਬੰਦ ਹੋ ਜਾਂਦੇ ਹਨ। ਕੋਈ ਘਰੋਂ ਨਹੀਂ ਨਿਕਲ ਸਕਦਾ ਮੌਤ ਵਰਗੀ ਸ਼ਾਂਤੀ ਫੈਲ ਜਾਂਦੀ ਹੈ। ਜਿਹੜਾ ਕਸ਼ਮੀਰ ਸਵਰਗ ਮੰਨਿਆ ਜਾਂਦਾ ਸੀ ਉਹ ਅੱਜ ਨਰਕ ਤੋਂ ਵੀ ਬੁਰਾ ਬਣ ਗਿਆ ਹੈ। ਵਾਦੀ ਦੀਆਂ ਸਾਰੀਆਂ ਰੌਣਕਾਂ ਖਤਮ ਹੋ ਗਈਆਂ ਨੇ। ਆਤੰਕਵਾਦ ਤੇ ਅਲਗਾਵ ਵਾਦ ਨੇ ਸੁਹਿਰਦ ਤੇ ਪਿਆਰ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਨੇ। ਕਾਰੋਬਾਰ ਬੰਦ ਹੋ ਗਏ ਹਨ। ਸਵੇਰੇ ਬਾਰਾ ਵਜੇ ਦੁਕਾਨਾਂ ਖੁਲ੍ਹਦੀਆਂ ਹਨ ਸ਼ਾਮ ਹੋਣ ਤੋਂ ਪਹਿਲੇ ਬੰਦ ਹੋ ਜਾਂਦੀਆਂ ਨੇ। ਬਾਹਰਲੇ ਮੁਲਕਾਂ ਤੋਂ ਪੈਸਾ ਆਂਦਾ ਤੇ ਉਸ ਪੈਸੇ ਨਾਲ ਹੀ ਸਾਰੀ ਬਰਬਾਦੀ ਹੁੰਦੀ ਹੈ। ਜਿੱਥੇ ਬੱਚੇ ਪੜ੍ਹਦੇ ਹਨ ਤਾਲੀਮ ਹਾਸਲ ਕਰਕੇ ਆਪਣਾ ਭਵਿੱਖ ਬਨਾਣ ਦੀ ਸੋਚਦੇ ਨੇ ਉਹਨਾਂ ਸਕੂਲਾਂ ਨੂੰ ਆਤੰਕਵਾਦੀ ਅੱਗਾਂ ਲਾ ਕੇ ਸਾੜ ਦੇਂਦੇ ਨੇ। ਸਾਰੀ ਕੌਮ ਨੂੰ ਅਨਪੜ੍ਹ ਤੇ ਜਾਹਲ ਬਣਾ ਦਿੱਤਾ ਹੈ। ਕਿਸੇ ਦਾ ਕੋਈ ਭਵਿੱਖ ਨਹੀਂ ਰਿਹਾ।

"ਪਰ ਲੀਡਰ ਕੁਝ ਨਹੀਂ ਕਰਦੇ?"

"ਕੀ ਕਰਨਗੇ ਸਾਰੇ ਚੋਰ ਨੇ ਇਕ ਭਰਾ ਮੰਤਰੀ ਤੇ ਦੂਜਾ ਅੱਤਵਾਦੀਆਂ ਦਾ ਕਮਾਂਡਰ ਹੈ। ਕੇਂਦਰੀ ਸਰਕਾਰ ਤੋਂ ਭਰਾ ਪੈਸਾ ਲੈਂਦਾ ਹੈ ਤੇ ਪਾਕਿਸਤਾਨ ਤੋਂ ਦੂਜਾ ਭਰਾ ਪੈਸੇ ਲੈਂਦਾ ਹੈ। ਰਲ ਮਿਲ ਕੇ ਭੋਲੀ ਜਨਤਾ ਨੂੰ ਤਬਾਹ ਕਰ ਦਿੱਤਾ ਹੈ। ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਪੜ੍ਹਣ ਭੇਜਦੇ ਹਨ ਤੇ ਗਰੀਬ ਤੇ ਆਮ ਲੋਕਾਂ ਦੇ ਬੱਚਿਆਂ ਦੇ ਪੜ੍ਹਨ ਵਾਲੇ ਸਕੂਲ ਹੀ ਫੂਕ ਦਿੰਦੇ ਹਨ। ਇਹ ਕਸ਼ਮੀਰ ਦੇ ਹਾਲਾਤ ਨੇ।

"ਇਹ ਤੇ ਬਹੁਤ ਬੁਰੀ ਗੱਲ ਹੈ।"

"ਯਾਰ ਬਬਲੂ ਅਸੀਂ ਕਿਸੇ ਜੋਗੇ ਨਹੀਂ ਰਹੇ। ਨਾ ਘਰ-ਬਾਰ ਛੱਡ ਕੇ ਕਿਤੇ ਜਾ ਸਕਦੇ ਹਾਂ ਨਾ ਉੱਥੇ ਰਹਿਣ ਦਾ ਕੋਈ ਢੰਗ ਹੈ। ਪੰਡਿਤ ਚੰਗੇ ਰਹੇ, ਪੜ੍ਹੇ ਲਿਖੇ ਸਨ ਭਾਰਤ ਦੇ ਕਈ ਸ਼ਹਿਰਾਂ ਵਿਚ ਵੱਸ ਗਏ ਤੇ ਸੁਖੀ ਹਨ।"

"ਤੂੰ ਵੀ ਯਾਰ ਇਧਰ ਆ ਜਾ।"

"ਮੇਰੇ ਲਈ ਤਾਂ ਮੁਮਕਿਨ ਨਹੀਂ ਬਹੁਤ ਖਿਲਾਰਾ ਪਾਇਆ ਹੈ, ਉਸ ਨੂੰ ਸਾਂਭਾਂਗਾ ਤੇ ਕੋਈ ਪੈਸਾ ਨਹੀਂ ਮਿਲਣ ਵਾਲਾ, ਹੁਣ ਤੇ ਉੱਥੇ ਹੀ ਜੀਣਾ ਹੈ ਤੇ ਉਥੇ ਹੀ ਮਰਣਾ ਹੈ।"

"ਐਨਾ ਮਾਯੂਸ ਨਾ ਹੋ ਸੁਰਿੰਦਰ ਸਭ ਠੀਕ ਹੋ ਜਾਏਗਾ।" ਬਲਬੀਰ ਨੇ ਦਿਲਾਸਾ ਦਿੱਤਾ।

"ਕੁਝ ਠੀਕ ਨਹੀਂ ਹੋਣ ਵਾਲਾ। ਦਿਨੋ-ਦਿਨ ਹਾਲਾਤ ਵਿਗੜਦੇ ਹਨ। ਇਹ ਤੇ ਫੌਜ ਤੇ ਸੀ.ਆਰ.ਪੀ.ਐਫ. ਹੈ ਜਿਨ੍ਹਾਂ ਦੇ ਸਹਾਰੇ ਦਿਨ ਕੱਢ ਰਹੇ ਹਾਂ।"

ਉਥੇ ਤੇ ਕੁੰਨੀ ਵੀ ਚੋਰ ਹੈ ਤੇ ਕੜਛੀ ਵੀ ਚੋਰ। ਅਸੀਂ ਲੋਗ ਉਹਨਾਂ ਦੀਆਂ ਅੱਖਾਂ ਵਿਚ ਰੜਕਦੇ ਹਾਂ। ਸਾਡੀਆਂ ਧੀਆਂ ਭੈਣਾਂ ਮਹਫੂਜ ਨਹੀਂ ਹਨ। ਮੇਰੀ ਬੱਚੀ ਬਾਰਾਂ ਸਾਲ ਦੀ ਹੈ। ਮੈਨੂੰ ਹੁਣੇ ਚਿੰਤਾ ਖਾਈ ਜਾ ਰਹੀ ਹੈ ਕਿ ਉਸਦਾ ਕੀ ਹੋਏਗਾ? ਕਿੰਨੀਆਂ ਹੀ ਸਿੱਖਾਂ ਦੀਆਂ ਕੁੜੀਆਂ ਪਤਿਤ ਹੋ ਗਈਆਂ ਹਨ, ਸਾਡੀ ਕੌਮ ਨੂੰ ਹੀ ਖਤਮ ਕਰਨ ਦੀ ਵਿਉਂਤ ਹੈ ਉਹਨਾਂ ਦੀ।" ਸੁਰਿੰਦਰ ਨੇ ਹੌਕਾ ਲਿਆ। ਉਸ ਦੀ ਗੱਲ-ਬਾਤ ਤੋਂ ਉਸਦੀ ਚਿੰਤਾ ਦਾ ਅਨੁਮਾਨ ਲਾਇਆ ਜਾ ਸਕਦਾ ਸੀ।

"ਖੈਰ ਯਾਰ ਸਭ ਠੀਕ ਹੋ ਜਾਵੇਗਾ। ਇਹੋ ਜਿਹੀ ਕੋਈ ਨੌਬਤ ਆਈ ਤਾਂ ਤੇਰਾ ਭਰਾ ਹਮੇਸ਼ਾ ਹਾਜ਼ਰ ਹੈ ਜਦੋਂ ਵੀ ਆਣਾ ਚਾਹੇਂ ਆ ਜਾਈਂ।" ਤੇ ਬਲਬੀਰ ਨੇ ਉਸ ਦੀ ਪਿੱਠ ਠੋਕੀ। ਗੱਲਾਂ ਬਾਤਾਂ ਕਰਦਿਆਂ ਬਹਤੁ ਵਕਤ ਬੀਤ ਗਿਆ। ਇਕ ਦੋ ਵਾਰੀ ਚਾਹ ਵੀ ਪੀਤੀ ਤੇ ਰੋਟੀ ਵੀ ਛੱਕ ਲਈ ਸੀ।" ਫਿਰ ਸੁਰਿੰਦਰ ਨੇ ਕਿਹਾ, "ਕਾਫੀ ਦੇਰ ਹੋ ਗਈ ਹੈ ਹੁਣ ਮੈਨੂੰ ਚੱਲਣਾ ਚਾਹੀਦਾ ਹੈ। ਬੱਚੇ ਇਕੱਲੇ ਨੇ।"

"ਤੈਨੂੰ ਛੱਡਣ ਦਾ ਦਿਲ ਤੇ ਨਹੀਂ ਕਰਦਾ। ਜਾਪਦਾ ਹੈ ਜਿਵੇਂ ਤੂੰ ਸਾਰਾ ਕਸ਼ਮੀਰ ਆਪਣੇ ਨਾਲ ਹੀ ਲੈ ਆਇਆ ਹੈਂ।" ਬਲਬੀਰ ਨੇ ਖੜੇ ਹੁੰਦਿਆਂ ਕਿਹਾ। "ਕੱਲ ਬੱਚੇ ਲੈ ਕੇ ਆਣਾ। ਦਰਸ਼ਨ ਕਰਨ ਜਿੱਥੇ ਵੀ ਜਾਣਾ ਹੋਵੇ ਇਥੋਂ ਹੀ ਜਾਣਾ ਤੇਰੇ ਰਹਿਣ ਦਾ ਸਾਰਾ ਪ੍ਰਬੰਧ ਇਥੇ ਹੋ ਜਾਵੇਗਾ।"

"ਨਹੀਂ ਯਾਰ ਜੱਥੇ ਨਾਲ ਰਹਾਂਗਾ ਤੈਨੂੰ ਮਿਲਣਾ ਸੀ ਮਿਲ ਲਿਆ।"

"ਇੰਝ ਨਹੀਂ ਚੱਲੇਗਾ। ਤੈਨੂੰ ਆਣਾ ਹੀ ਪਏਗਾ ਮੈਂ ਹੁਣ ਵੀ ਤੈਨੂੰ ਮੋਟਰਸਾਈਕਲ ਤੇ ਛੱਡ ਆਂਦਾ ਹਾਂ ਤੇ ਕੱਲ ਸਵੇਰੇ ਪਾਠ ਪੂਜਾ ਤੋਂ ਬਾਅਦ ਟੈਕਸੀ ਕਰਕੇ ਆ ਜਾਣਾ। ਦੋ ਦਿਨ ਤੈਨੂੰ ਮੇਰੇ ਨਾਲ ਹੀ ਰਹਿਣਾ ਪਏਗਾ।" ਬਲਬੀਰ ਨੇ ਜ਼ੋਰ ਪਾ ਕੇ ਕਿਹਾ ਤੇ ਉਹਨੂੰ ਛੱਡਣ ਚਲਾ ਗਿਆ ਨਾਂਦੇੜ ਸਾਹਿਬ।"

## 19

**ਦੂ**ਜੇ ਦਿਨ ਸੁਰਿੰਦਰ ਆਪਣੀ ਪਤਨੀ ਨੂੰ ਤੇ ਬੱਚਿਆਂ ਨੂੰ ਲੈ ਕੇ ਆ ਗਿਆ ਨਿਰਧਾਰਤ ਸਮੇਂ ਤੇ। ਪ੍ਰੀਤੀ ਵੀ ਆਪਣੀ ਬੋਲੀ ਬੋਲਣ ਵਾਲਿਆਂ ਨੂੰ ਇਕ ਅਰਸੇ ਬਾਅਦ ਮਿਲੀ ਸੀ ਬੜੀ ਖੁਸ਼ ਹੋਈ। ਬੜੀਆਂ ਵਾਕਫੀਅਤਾਂ ਕੱਢੀਆਂ, ਕਈ ਰਿਸ਼ਤੇ ਫਰੋਲੇ ਕਈਆਂ ਰਿਸ਼ਤਿਆਂ ਦੀ ਪਹਿਚਾਣ ਕੱਢੀ। ਕਸ਼ਮੀਰ ਵਿਚ ਸਿੱਖ ਸਮਾਜ ਬਹੁਤ ਸੀਮਿਤ ਹੈ, ਪਿੰਡ ਵੀ ਥੋੜੇ ਹਨ। ਬਾਰਾਮੂਲਾ ਜਿਲ੍ਹੇ ਵਿਚ ਰਫੀਆ ਬਾਦ ਤੇ ਕਰੂਣ ਦਾ ਇਲਾਕਾ ਪੈ ਜਾਂਦਾ ਹੈ ਜਿਸ ਵਿਚ 15-20 ਪਿੰਡਾਂ ਵਿਚ ਸਿੱਖ ਵੱਸਦੇ ਹਨ ਤੇ ਫਿਰ ਬਡਗ੍ਰਾਮ ਤੇ ਤਰਾਲ ਦਾ ਇਲਾਕਾ ਹੈ ਜਿੱਥੇ ਸਿੱਖਾਂ ਦੀ ਵੱਸੋਂ ਹੈ। ਵਿਆਹ ਸ਼ਾਦੀਆਂ ਇਕ ਇਲਾਕੇ ਤੋਂ ਦੂਜੇ ਇਲਾਕੇ ਵਿਚ ਹੋਣੀਆਂ ਆਮ ਗੱਲ ਹੈ ਤੇ ਜਦੋਂ ਮਿਲ ਕੇ ਕੋਈ ਜਾਣ-ਪਹਿਚਾਣ ਕੱਢਣ ਲੱਗਦਾ ਹੈ ਤਾਂ ਕਿਸੇ ਨਾ ਕਿਸੇ ਪਾਸਿਓਂ ਦੂਰ ਪਾਰ ਦੀ ਰਿਸ਼ਤੇਦਾਰੀ ਨਿਕਲ ਹੀ ਆਂਦੀ ਹੈ ਤੇ ਗੱਲ ਬਾਤ ਦਾ ਇਹੋ ਹੀ ਵਿਸ਼ੈ ਰਹਿੰਦਾ ਹੈ। ਇਸੇ ਤਰ੍ਹਾਂ ਪ੍ਰੀਤੀ ਤੇ ਸੁਰਿੰਦਰ ਦੀ ਘਰ ਵਾਲੀ ਗੱਪਾਂ ਤੇ ਗੱਲ ਬਾਤ ਕਰਦੇ ਰਹੇ ਤੇ ਚੰਗਾ ਵਕਤ ਬੀਤ ਗਿਆ ਪਤਾ ਹੀ ਨਹੀਂ ਲੱਗਿਆ ਕਿ ਦੋ ਦਿਨ ਕਿਵੇਂ ਗੁਜ਼ਰ ਗਏ। ਬੱਚੇ ਵੀ ਇਕ ਦੂਜੇ ਨਾਲ ਰਲ ਮਿਲ ਗਏ।

ਉਸ ਸ਼ਾਮ ਨੂੰ ਬਲਬੀਰ ਨੇ ਸੁਰਿੰਦਰ ਤੋਂ ਪੁੱਛਿਆ, "ਸੁਰਿੰਦਰ ਘੁੱਟ ਲਾ ਲੈਂਦਾ ਹੈਂ?"

"ਹਾਂ ਯਾਰ ਕਦੀ ਕਦੀ।"

"ਚਲੋ ਫਿਰ ਤੇ ਗੱਲ ਬਣ ਗਈ। ਉੱਥੇ ਜਿਥੇ ਟਯੂਬਵੈੱਲ ਲੱਗਾ ਹੈ ਉੱਥੇ ਬੈਠਣ ਦੀ ਥਾਂ ਬਣਾਈ ਹੋਈ ਹੈ। ਬਲਬੀਰ ਨੇ ਟਯੂਬਵੈੱਲ ਵੱਲ ਇਸ਼ਾਰਾ ਕਰਕੇ ਕਿਹਾ।

"ਠੀਕ ਹੈ।"

"ਥੋੜ੍ਹੀ ਠੰਡ ਤੇ ਹੋਏਗੀ, ਪਰ ਨਵੇਕਲੀ ਥਾਂ ਹੈ ਉੱਥੇ ਹੀ ਬਹਿ ਕੇ ਗੱਪ ਸ਼ੱਪ ਵੀ ਲਾਵਾਂਗੇ। ਤੇ ਨੌਕਰ ਨੂੰ ਕਹਿ ਕੇ ਬਲਬੀਰ ਨੇ ਬਹਿਣ ਦੀ ਵਿਵਸਥਾ ਕਰਵਾ ਦਿੱਤੀ ਤੇ ਥੋੜ੍ਹਾ ਹਨੇਰਾ ਹੋਣ 'ਤੇ ਉੱਥੇ ਜਾ ਬੈਠੇ।

ਇਕ ਦੋ ਪੈੱਗ ਪੀ ਕੇ ਬਲਬੀਰ ਨੇ ਸੁਰਿੰਦਰ ਨੂੰ ਪੁੱਛਿਆ, "ਯਾਰ ਉਹ ਸਾਡਾ ਇਕ ਦੋਸਤ ਹੁੰਦਾ ਸੀ ਕੁਲਦੀਪ?"

"ਹਾਂ।"

"ਕੀ ਕਰ ਰਿਹਾ ਹੈ ਤੇ ਕਿੱਥੇ ਹੈ?"

"ਉਹ ਤੇ ਮਰ ਗਿਆ ਹੈ।"

"ਮਰ ਗਿਆ?" ਬਲਬੀਰ ਨੇ ਅਚੰਭਤ ਹੋ ਕੇ ਪੁੱਛਿਆ।

"ਹਾਂ ਕਾਰੋਬਾਰ ਵਿਚ ਲੈਣ ਦੇਣ ਦੇ ਚੱਕਰ ਵਿਚ ਉਸ ਦਾ ਖ਼ੂਨ ਕਰਵਾ ਦਿੱਤਾ।

"ਕਿਸ ਨੇ?"

"ਉਸ ਦੇ ਹੀ ਭਾਈਵਾਲ ਨੇ।"

"ਕੌਣ ਸੀ?"

"ਯਾਰ ਉਸ ਸਮਾਜ ਵਿਚ ਜਦੋਂ ਸਾਡੀ ਕੌਮ ਦਾ ਕੋਈ ਆਦਮੀ ਤਰੱਕੀ ਕਰਦਾ ਹੈ ਉਸਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਉਹ ਕਾਫੀ ਅੱਗੇ ਵੱਧ ਗਿਆ ਸੀ। ਵੱਡੇ-ਵੱਡੇ ਠੇਕੇ ਲੈਣ ਲੱਗ ਗਿਆ ਸੀ। ਉਸੇ ਈਰਖਾ ਵਿਚ ਉਸ ਨੂੰ ਮਰਵਾ ਦਿੱਤਾ ਗਿਆ। ਤਿੰਨਾਂ ਦਿਨਾਂ ਬਾਅਦ ਪਹਿਲਗਾਮ ਵਿਚ ਲਿੱਦਰ ਨਦੀ ਦੇ ਕਿਨਾਰੇ ਉਸ ਦੀ ਸੜੀ ਗਲੀ ਲਾਸ਼ ਮਿਲੀ ਸੀ। ਕਾਫੀ ਚਰਚਾ ਹੋਈ ਸੀ ਇਸ ਘਟਨਾ ਦੀ, ਅਖਬਾਰਾਂ ਵਿਚ ਵੀ ਛਪਦਾ ਰਿਹਾ ਪਰ ਸੁਣਵਾਈ ਕਿਥੇ ਹੋਣੀ ਸੀ। ਅੰਤ ਵਿਚ ਕੇਸ ਰਫਾ-ਦਫਾ ਹੋ ਗਿਆ ਤੇ ਕੁਦਰਤੀ ਮੌਤ ਕਾਰਨ ਦੱਸਿਆ ਤੇ ਕੁਲਦੀਪ ਦੀ ਕਹਾਣੀ ਦਾ ਅੰਤ ਹੋ ਗਿਆ। ਇਸ ਖ਼ਬਰ ਨੇ ਅੰਦਰੋਂ-ਅੰਦਰ ਬਲਬੀਰ ਨੂੰ ਹੱਦ ਤੋਂ ਵੱਧ ਖ਼ੁਸ਼ੀ ਦਿੱਤੀ। ਜਿਸ ਮਨੁੱਖ ਨੇ ਉਸ ਦੀ ਵੱਸਦੀ ਗ੍ਰਿਹਸਤੀ ਨੂੰ ਬਰਬਾਦ ਕੀਤਾ ਸੀ ਕਿਵੇਂ ਉਸ ਦੀ ਮੌਤ ਹੋਈ ਤੇ ਕਿਵੇਂ ਈਸ਼ਵਰ ਨੇ ਉਸ ਨੂੰ ਕਰਨੀ ਦਾ ਦੰਡ ਦਿੱਤਾ। ਬਲਬੀਰ ਅੱਜ ਬਹੁਤ ਪੀਣੀ ਚਾਹੁੰਦਾ ਸੀ ਪਰ ਬੱਚਿਆਂ ਦਾ ਖਿਆਲ ਆਂਦਿਆ ਹੀ ਉੱਥੋਂ ਉੱਠ ਪਏ ਤੇ ਪੀਣੀ ਬੰਦ ਕਰ ਦਿੱਤੀ।

ਰਾਤ ਦਾ ਖਾਣਾ ਖਾ ਕੇ ਸਭ ਆਰਾਮ ਕਰਨ ਲੱਗੇ। ਬਲਬੀਰ ਦੇ ਅੰਦਰ ਇਹ ਖ਼ਬਰ ਪ੍ਰੀਤੀ ਨੂੰ ਸੁਣਾਨ ਦੀ ਬਹੁਤ ਉਤਸੁਕਤਾ ਸੀ। ਲੇਟਦਿਆਂ ਉਸ ਨੇ ਪ੍ਰੀਤੀ ਨੂੰ ਸੁਣਾਇਆ, "ਪ੍ਰੀਤੀ ਮੈਂ ਆਪਣੇ ਜੀਵਨ ਦੀ ਬਹਤੁ ਅਦਭੁਤ ਖ਼ਬਰ ਸੁਣੀ ਹੈ। ਤੂੰ ਵੀ ਸੁਣੇਗੀ ਤਾਂ ਹੈਰਾਨ ਹੋ ਜਾਏਂਗੀ। ਬਹੁਤ ਖੁਸ਼ ਹੋ ਜਾਏਂਗੀ ਹੱਦ ਤੋਂ ਵੱਧ।"

"ਕੀ ਖਬਰ ਹੈ?"

"ਉਹ ਹਰਾਮਜ਼ਾਦਾ ਕੁਲਦੀਪ ਸੀ ਨਾ?"

"ਹਾਂ।"

"ਉਸ ਦਾ ਕਿਸੇ ਨੇ ਕਤਲ ਕਰ ਦਿੱਤਾ।"

"ਕਤਲ ਕਰ ਦਿੱਤਾ?"

"ਹਾਂ ਸੁਰਿੰਦਰ ਨੇ ਦੱਸਿਆ ਹੈ।"

"ਉਹ ਸੱਚੇ ਪਾਤਸ਼ਾਹ ਤੂੰ ਕਮਾਲ ਕਰ ਦਿੱਤੀ ਹੈ! ਮੇਰੇ ਜੀਵਨ ਦੀ ਸਭ ਤੋਂ ਵੱਡੀ ਖਾਹਿਸ਼ ਪੂਰੀ ਕਰ ਦਿੱਤੀ ਹੈ। ਉਸ ਕੁੱਤੇ ਕਮੀਨੇ ਨੇ ਮੇਰੀ ਜ਼ਿੰਦਗੀ ਬਰਬਾਦ ਕੀਤੀ ਹੈ। ਮੈਂ ਆਪਣੀ ਪਹਿਲੀ ਗਲਤੀ ਪਿੱਛੋਂ ਸੁਧਰਨਾ ਚਾਹੁੰਦੀ ਸਾਂ ਘਰ ਵਸਾਉਣਾ ਚਾਹੁੰਦੀ ਸਾਂ ਇਕ ਇੱਜ਼ਤਦਾਰ ਜੀਵਨ ਬਿਤਾਣਾ ਚਾਹੁੰਦੀ ਸਾਂ ਪਰ ਉਸ ਨੇ ਮੈਨੂੰ ਪਤਿਤ ਕੀਤਾ। ਮੇਰੀ

ਅੰਦਰ ਦੀ ਔਰਤ ਨੂੰ ਮਾਰ ਦਿੱਤਾ। ਮੇਰੀ ਹੋਂਦ ਨੂੰ ਮਿਟਾ ਦਿੱਤਾ। ਮੈਂ ਸਾਰੀ ਉਮਰ ਉਸ ਦੇ ਵਾਸਤੇ ਬਦ-ਦੁਆਵਾਂ ਕਰਦੀ ਰਹੀ ਹਾਂ। ਮੈਨੂੰ ਆਸ ਸੀ ਕਿ ਇਕ ਦਿਨ ਮੇਰੀ ਬਦਦੁਆ ਉਸ ਨੂੰ ਜ਼ਰੂਰ ਲੱਗੇਗੀ ਤੇ ਕੁੱਤੇ ਦੀ ਮੌਤ ਮਰੇਗਾ। ਮੈਂ ਅੱਜ ਬਹੁਤ ਖੁਸ਼ ਹਾਂ ਬਬਲੂ! ਅਗਰ ਇਹ ਘਟਨਾ ਨਾ ਹੋਈ ਹੁੰਦੀ, ਮੈਂ ਤਨ ਤੇ ਮਨ ਤੋਂ ਤੇਰੀ ਹੀ ਹੁੰਦੀ।"

"ਮੈਨੂੰ ਪ੍ਰਭੂ ਤੇ ਭਰੋਸਾ ਹੈ ਪ੍ਰੀਤੀ ਜਿਹੜਾ ਮੇਰੇ ਨਾਲ ਬੁਰਾ ਕਰੇਗਾ ਵਾਹਿਗੁਰੂ ਉਸ ਦਾ ਕਦੀ ਭਲਾ ਨਹੀਂ ਕਰੇਗਾ।" ਤੇ ਫਿਰ ਉਹ ਸੌਂ ਗਿਆ ਤੇ ਪ੍ਰੀਤੀ ਸਾਰੀ ਰਾਤ ਤੜਫਦੀ ਰਹੀ। ਬਾਰ-ਬਾਰ ਉਹ ਘਟਨਾ ਯਾਦ ਆਉਂਦੀ ਤੇ ਉਸ ਘਟਨਾ ਤੋਂ ਬਾਅਦ ਉਸ ਦੇ ਜੀਵਨ ਵਿਚ ਕੀ ਬੀਤੀ ਸੋਚ-ਸੋਚ ਕੇ ਉਸ ਦੀ ਆਤਮਾ ਰੋਂਦੀ ਤੇ ਕੁਰਲਾਂਦੀ ਰਹੀ।

ਦੋ ਦਿਨ ਰਹਿ ਕੇ ਸੁਰਿੰਦਰ ਚਲਾ ਗਿਆ। ਪ੍ਰੀਤੀ ਤੇ ਬਲਬੀਰ ਨੂੰ ਤਰੋ-ਤਾਜ਼ਾ ਕਰ ਗਿਆ। ਜੋ ਦਰਦ ਉਹਨਾਂ ਦੇ ਦਿਲ ਵਿਚ ਇਕ ਸੂਲ ਵਾਂਗ ਚੁਭਿਆ ਹੋਇਆ ਸੀ ਉਸਦੀ ਪੀੜਾ ਦਾ ਅੰਤ ਹੋ ਗਿਆ।

## 20

**ਕੁ**ਲਦੀਪ ਦੀ ਮੌਤ ਦੀ ਖ਼ਬਰ ਸੁਣ ਕੇ ਪ੍ਰੀਤੀ ਦੇ ਅੰਦਰ ਵੀ ਕੁਝ ਚੇਤਨਾ ਜਾਗੀ। ਉਸ ਨੂੰ ਅਹਿਸਾਸ ਹੋਇਆ ਕਿ ਉਸ ਨੇ ਜੀਵਨ ਵਿਚ ਗਲਤੀ ਕੀਤੀ ਜਲਦਬਾਜੀ ਕੀਤੀ ਤੇ ਫਿਆਜ਼ ਕੋਲ ਚਲੀ ਗਈ। ਜੋ ਹੋਣਾ ਸੀ ਹੋ ਗਿਆ ਸੀ, ਹੁਣ ਕੀ ਕੀਤਾ ਜਾ ਸਕਦਾ ਹੈ? ਉਹ ਮਹਿਸੂਸ ਕਰ ਰਹੀ ਸੀ ਕਿ ਬਲਬੀਰ ਨਾਲ ਮੈਂ ਚੰਗਾ ਨਹੀਂ ਕੀਤਾ। ਇਸ ਨਾਲ ਵਿਸ਼ਵਾਸਘਾਤ ਹੋਇਆ ਹੈ। ਦੇਵਤਾ ਜੈਸਾ ਪੁਰਸ਼ ਹੈ, ਇਸ ਦੇ ਸਾਹਮਣੇ ਮੈਂ ਦੂਸਰੇ ਪੁਰਸ਼ ਨਾਲ ਸੇਜ ਸਾਂਝੀ ਕੀਤੀ ਰੰਗ-ਰਲੀਆਂ ਮਾਣੀਆਂ ਤੇ ਇਸ ਨੇ ਸਭ ਸਹਿਆ ਤੇ ਭੋਗਿਆ, ਉਸ ਕੁਲਦੀਪ ਦੇ ਕਾਰਨ। ਪਰ ਉਹ ਸਭ ਕੁਝ ਸੁਧਾਰਿਆ ਨਹੀਂ ਜਾ ਸਕਦਾ। ਇਸ ਪਛਤਾਵੇ ਦੀ ਅੱਗ ਵਿਚ ਸੜਦੀ ਤਪਦੀ ਜ਼ਿੰਦਗੀ ਭਰ ਪ੍ਰੀਤੀ ਦੇ ਮਨ ਵਿਚ ਬਲਬੀਰ ਲਈ ਹਮਦਰਦੀ ਤੇ ਇਜ਼ੱਤ ਪੈਦਾ ਹੋਈ। ਚੰਗਾ ਵਰਤਾਵ ਸ਼ੁਰੂ ਕਰ ਦਿੱਤਾ। ਉਸ ਦੇ ਖਾਣ-ਪੀਣ ਦਾ ਧਿਆਨ ਰੱਖਦੀ। ਬੱਚਿਆਂ ਨੂੰ ਤਾਂ ਜਾਨ ਤੋਂ ਵਧ ਪਿਆਰ ਕਰਦੀ ਸੀ ਜਿਵੇਂ ਹਰ ਮਾਂ ਕਰਦੀ ਹੈ। ਪਰ ਅਸਲ ਵਿਚ ਦੋਨੋਂ ਬੱਚੇ ਫਿਆਜ਼ ਦੇ ਸਨ। ਪ੍ਰੀਤੀ ਤੇ ਫਿਆਜ਼ ਦੋਨੋਂ ਜਾਣਦੇ ਸਨ। ਜਦੋਂ ਵੀ ਫਿਆਜ਼ ਆਉਂਦਾ ਸੀ ਬੱਚੇ ਉਸ ਦੇ ਆਲੇ-ਦੁਆਲੇ ਹੋ ਜਾਂਦੇ। ਉਸ ਦੀ ਛਾਤੀ ਤੇ ਚੜ੍ਹ ਜਾਂਦੇ ਲੱਤਾਂ ਨਾਲ ਚਿੰਬੜ ਜਾਂਦੇ ਉਸ ਦੇ ਹੱਥੋਂ ਰੋਟੀ ਖਾਂਦੇ, ਤੋਤਲੀਆਂ ਗੱਲਾਂ ਕਰਦੇ। ਬਲਬੀਰ ਸਭ ਵੇਖਦਾ ਪਰ ਚੁੱਪ ਰਹਿੰਦਾ। ਚੁੱਪ ਰਹਿਣਾ ਤੇ ਉਸ ਨੇ ਆਪਣਾ ਸੁਭਾਅ ਬਣਾ ਲਿਆ ਸੀ। ਬਹੁਤ ਈਰਸ਼ਾ ਹੁੰਦੀ ਪਰ ਮਨ ਨੂੰ ਸਮਝਾ ਲੈਂਦਾ ਕੋਈ ਗੱਲ ਨਹੀਂ ਇਕ ਦੋ ਦਿਨਾਂ ਵਿਚ ਤਾਂ ਚਲਾ ਹੀ ਜਾਏਗਾ। ਬੱਚੇ ਤੇ ਸਭ ਨੂੰ ਪਿਆਰੇ ਲੱਗਦੇ ਨੇ ਦੋ ਦਿਨ ਹੱਸ ਖੇਡ ਲਏਗਾ ਤਾਂ ਕੀ ਫਰਕ ਪੈਂਦਾ ਹੈ।

ਪ੍ਰੀਤੀ ਦੇ ਮਨ ਵਿਚ ਕਈ ਵਾਰੀ ਆਇਆ ਕਿ ਉਹ ਬਲਬੀਰ ਨੂੰ ਸੱਚ ਦੱਸ ਹੀ ਦੇਵੇ ਕਿ "ਇਹ ਬੱਚੇ ਉਸ ਦੇ ਨਹੀਂ ਫਿਆਜ਼ ਦੇ ਹਨ ਪਰ ਉਸ ਨੂੰ ਡਰ ਸੀ ਕਿ ਜਿਵੇਂ ਇਹ ਹੁਣ ਬੱਚਿਆਂ ਨਾਲ ਪਿਆਰ ਕਰਦਾ ਹੈ, ਉਹਨਾਂ ਦਾ ਖ਼ਿਆਲ ਰੱਖਦਾ ਹੈ। ਸਵੇਰੇ ਸ਼ਾਮ ਸਕੂਲ ਛੱਡ ਕੇ ਤੇ ਲੈ ਕੇ ਆਉਂਦਾ ਹੈ, ਆਪ ਹੀ ਪੜ੍ਹਾਂਦਾ ਹੈ, ਖਿਲਾਂਦਾ ਹੈ, ਆਪਣੇ ਕੋਲ ਸੁਲਾਂਦਾ ਹੈ, ਸਭ ਬੰਦ ਕਰ ਦੇਵੇਗਾ। ਬੱਚਿਆਂ ਨਾਲ ਨਫ਼ਰਤ ਕਰਨੀ ਸ਼ੁਰੂ ਕਰ ਦਏਗਾ। ਆਪਣੀ ਮਰਦਾਨਗੀ ਤੇ ਭਰੋਸਾ ਖ਼ਤਮ ਹੋ ਜਾਏਗਾ। ਚੰਗਾ ਹੈ ਕਿ ਇਸੇ ਭਰਮ ਵਿਚ ਰਹੇ ਤੇ ਬੱਚਿਆਂ ਨੂੰ ਆਪਣਾ ਖ਼ੂਨ ਹੀ ਸਮਝੇ।"

ਇਕ ਦਿਨ ਫਿਆਜ਼ ਫਿਰ ਆਇਆ। ਹੁਣ ਬਲਬੀਰ ਨੂੰ ਬਿਲਕੁਲ ਚੰਗਾ ਨਹੀ ਲੱਗਿਆ। ਪਰ ਪ੍ਰੀਤੀ ਉਸ ਨੂੰ ਵੇਖ ਕੇ ਫਿਰ ਖਿਲ ਗਈ ਭਾਵੇਂ ਥੋੜ੍ਹੀ ਝਿਜਕ ਵੀ ਕੀਤੀ ਪਰ ਐਨਾ ਕੁਝ ਹੋਣ ਤੋਂ ਬਾਅਦ ਕਿਵੇਂ ਮੂੰਹ ਮੋੜ ਸਕਦੀ ਸੀ? ਬਿਠਾਇਆ ਤੇ ਢੇਰ ਸਾਰੀਆਂ ਗੱਲਾਂ ਕੀਤੀਆਂ।

"ਇਤਨੀ ਦੇਰ ਕੇ ਬਾਅਦ ਆਏ ਹੋ? ਕਿਆ ਮੇਰੀ ਔਰ ਬੱਚੋਂ ਕੀ ਯਾਦ ਨਹੀਂ ਆਈ।"

"ਯਾਦ ਤੋਂ ਆਤੀ ਹੈ, ਪਰ ਬਹੁਤ ਮਸ਼ਗੂਲ ਹੂੰ, ਵਕਤ ਨਹੀਂ ਮਿਲਤਾ। ਘਰ ਮੇਂ ਭੀ ਬੀਵੀ ਬੱਚੇ ਹੈਂ ਉਨ ਕਾ ਭੀ ਖ਼ਿਆਲ ਰੱਖਣਾ ਪੜਤਾ ਹੈ।"

"ਹਾਂ ਵੋਹ ਤੋ ਸਹੀ ਹੈ। ਯਹਾਂ ਕੌਨ ਸੇ, ਤੁਮਾਰੇ ਬੀਵੀ ਬੱਚੇ ਹੈਂ?" ਵਿਅੰਗ ਨਾਲ ਕਿਹਾ।

"ਯਹਾਂ ਤੋ ਮੇਰੀ ਜਾਨ ਰਹਿਤੀ ਹੈ।" ਫਿਆਜ਼ ਬੋਲਿਆ।

"ਇਸ ਲੀਏ ਜਾਨ ਸੇ ਇਤਨੀ ਦੇਰ ਕੇ ਬਾਅਦ ਮਿਲਨੇ ਆਏ ਹੋ?" ਪ੍ਰੀਤੀ ਨੇ ਫਿਰ ਚੁਟਕੀ ਲਈ।

"ਮਜ਼ਬੂਰੀ ਹੈ। ਯਾਦ ਤੋ ਤੁਮ੍ਹਾਰੀ ਹਮੇਸ਼ਾ ਆਤੀ ਹੈ। ਦੂਰ ਕਾ ਮਾਮਲਾ ਹੈ। ਕਾਰੋਬਾਰ ਭੀ ਸਭ ਖੁਦ ਕੋ ਦੇਖਨਾ ਪੜਤਾ ਹੈ, ਜਬ ਸੇ ਅੱਬਾ ਜੀ ਫੌਤ ਹੁਏ ਹੈਂ।"

"ਚਲੋ ਠੀਕ ਹੈ। ਇਤਨਾ ਸ਼ੁਕਰ ਹੈ ਕਿ ਤੁਮ ਆ ਗਏ ਹੋ।" ਅਭ ਤੋ ਬੱਚੇ ਭੀ ਬੜੇ ਹੋ ਰਹੇ ਹੈਂ।"

"ਤੁਮ ਔਰ ਤੁਮ੍ਹਾਰਾ ਖਾਵੰਦ ਦੇਖ-ਭਾਲ ਤੋ ਕਰ ਹੀ ਰਹੇ ਹੈਂ।"

"ਹਾਂ ਪਰ ਮੁਝੇ ਡਰ ਲਗਤਾ ਹੈ ਕਹੀਂ ਬਲਬੀਰ ਕੋ ਪਤਾ ਨਾ ਲਗ ਜਾਏ? ਸਭ ਖਤਮ ਹੋ ਜਾਏਗਾ।" ਪ੍ਰੀਤੀ ਕਹਿ ਰਹੀ ਸੀ।

"ਫਿਕਰ ਮਤ ਕਰੋ। ਮੈਂ ਸਭ ਦੇਖ ਲੂੰਗਾ। ਅਭੀ ਜਿੰਦਾ ਹੂੰ। ਇਨਸ਼ਾ ਅੱਲਾ ਸਭ ਠੀਕ ਹੋ ਜਾਏਗਾ।" "ਪ੍ਰੀਤੀ ਮੇਰੇ ਦਿਮਾਗ ਮੇਂ ਯਹ ਬਾਤ ਹਮੇਸ਼ਾ ਚਲਤੀ ਰਹਿਤੀ

ਹੈ ਕਿ ਮੇਰਾ ਬੇਟਾ ਕਿਆ ਸਿੱਖ ਹੀ ਰਹੇਗਾ? ਹਮਾਰੇ ਦੀਨ ਕੇ ਹਿਸਾਬ ਸੇ ਗ਼ੈਰ-ਮੁਸਲਿਮ ਕਾਫ਼ਰ ਹੋਤੇ ਹੈਂ ਤੋ ਕਾਫ਼ਰ ਮੇਰਾ ਬੇਟਾ ਬਣਾ ਰਹੇਗਾ।" ਫਿਆਜ਼ ਨੇ ਆਪਣੀ ਫਿਤਰਤ ਦਾ ਪੈਂਤਰਾ ਖੇਡਿਆ।

"ਮੇਰੇ ਸੇ ਸਾਰੀ ਜ਼ਿੰਦਗੀ ਰਿਸ਼ਤਾ ਰੱਖਾ ਮੈਂ ਕਾਫ਼ਰ ਨਹੀਂ ਹੂੰ?"

"ਔਰਤ ਕਾ ਕੋਈ ਮਜ਼ਹਬ ਨਹੀਂ ਹੋਤਾ। ਜਿਸ ਕੇ ਸਾਥ ਨਿਕਾਹ ਕਰੇਗੀ ਉਸੀ ਕੇ ਮਜ਼ਹਬ ਕੀ ਹੋ ਜਾਏਗੀ।" ਮੈਨੇ ਭੀ ਤੁਮ ਸੇ ਨਿਕਾਹ ਕੀਆ ਹੈ ਖੁਦਾ ਕੀ ਬਾਰਗਾਹ ਮੇਂ ਤੁਮ ਮੇਰੀ ਬੀਵੀ ਹੋ।"

"ਪਰ ਦੂਸਰੇ ਆਦਮੀ ਕੀ ਬੀਵੀ ਬਣ ਕੇ ਰਹਿਤੀ ਹੂੰ?"

"ਯਹ ਤੋ ਐਡਜਸਟਮੈਂਟ ਹੈ ਮੇਰੀ ਜਾਨ।"

"ਯਹ ਐਡਜਸਟਮੈਂਟ ਨਹੀਂ ਵੈਸ਼ਿਆਵਰਿਤੀ ਹੈ। ਹਮ ਸਿਰਫ ਅਪਨੀ ਹਵਸ ਪੂਰੀ ਕਰਤੇ ਹੈਂ ਔਰ ਹਮਾਰੇ ਬੀਚ ਕੋਈ ਰਿਸ਼ਤਾ ਨਹੀਂ ਹੈ, ਔਰ ਇਸੀ ਹਵਸ ਕੀ ਪੈਦਾਇਸ਼ ਹਮਾਰੇ ਬੱਚੇ ਹੈਂ।

"ਵਕਤ ਆਨੇ ਪਰ ਸਭ ਪਤਾ ਚਲ ਜਾਏਗਾ। ਸਿਰਫ ਤੁਮ ਕੋਈ ਬਹਾਨਾ ਬਨਾ ਕਰ ਬੇਟੇ ਕੇ ਬਾਲ ਕਟਵਾ ਦੋ।"

"ਬਾਲ ਕਟਵਾਨੇ ਸੇ ਉਸ ਕਾ ਮਜ਼ਹਬ ਬਦਲ ਜਾਏਗਾ ਕਿਆ?"

"ਮੁਝੇ ਕੁਛ ਪਤਾ ਨਹੀਂ। ਤੁਮਹੇ ਮੈਂ ਜੋ ਕਹਿਤਾ ਹੂੰ ਵੈਸਾ ਕਰੋ। ਜਬ ਮੈਂ ਅਗਲੀ ਬਾਰ ਆਊਂ ਤਬ ਤਕ ਤੁਮ ਐਸਾ ਕਰ ਲੇਨਾ।"

ਇਸ ਵਾਰੀ ਇਕ ਦਿਨ ਹੀ ਰੁਕ ਕੇ ਫਿਆਜ਼ ਸਵੇਰੇ ਜਾਣ ਲਈ ਤਿਆਰ ਹੋ ਗਿਆ ਤੇ ਜਾਣ ਲੱਗੇ ਬਲਬੀਰ ਕੋਲ ਰੁਕ ਗਿਆ।"ਅੱਛਾ ਭਾਈ ਚਲਤਾ ਹੂੰ।"

"ਠੀਕ ਹੈ ਫ਼ਿਆਜ਼ ਭਾਈ ਇਕ ਮਸ਼ਵਰਾ ਦੇਨਾ ਚਾਹਤਾ ਹੂੰ ਆਪ ਯਹਾਂ ਆਨੇ ਸੇ ਗੁਰੇਜ਼ ਕਰੋ ਤੋ ਅੱਛਾ ਹੋਗਾ।"

"ਐਸੀ ਕਿਆ ਬਾਤ ਹੋ ਗਈ?"

"ਦੇਖੋ ਬਾਈ ਬੱਚੇ ਬੜੇ ਹੋ ਰਹੇ ਹੈਂ, ਸਮਝਣਾ ਸ਼ੁਰੂ ਕਰ ਦੇਂਗੇ ਕਿ ਮੰਮੀ ਹਮਾਰੀ ਅੰਕਲ ਕੇ ਆਨੇ ਪਰ ਉਨ ਕੇ ਕਮਰੇ ਮੇ ਸੋਤੀ ਹੈ।"

"ਬਾਤ ਤੋ ਆਪਕੀ ਦਰੁਸਤ ਹੈ। ਹਮ ਯਹਾਂ ਨਹੀਂ ਆਏਂਗੇ ਪ੍ਰੀਤੀ ਕੋ ਹੀ ਸ਼ਹਿਰ ਮੇਂ ਬੁਲਾ ਲੀਆ ਕਰੇਂਗੇ।"

"ਕਿਆ ਆਪ ਕਾ ਦਿਲ ਪ੍ਰੀਤੀ ਸੇ ਭਰਾ ਨਹੀਂ ਹੈ? ਕਿਉਂ ਇਸ ਕੀ ਜ਼ਿੰਦਗੀ ਮੇਂ ਬਾਰ-ਬਾਰ ਦਖਲ ਦੇਤੇ ਹੋ? ਔਰ ਕਬ ਤਕ ਦਖਲ ਦੇਤੇ ਰਹੋਗੇ? ਹਮਾਰੀ ਭੀ ਏਕ ਜ਼ਿੰਦਗੀ ਹੈ ਇਕ ਕੁੰਬਾ ਹੈ। ਹਮ ਭੀ ਚੈਨ ਕੀ ਨੀਂਦ ਸੋਨਾ ਚਾਹਤੇ ਹੈਂ। ਅਪਨੇ ਹਿਸਾਬ

ਸੇ ਜੀਨਾ ਚਾਹਤੇ ਹੈਂ।"

"ਦੇਖੋ ਸਰਦਾਰ ਸਾਹਬ ਜਿਸ ਦਿਨ ਪ੍ਰੀਤੀ ਹਮੇ ਆਨੇ ਸੇ ਮਨ੍ਹਾ ਕਰ ਦੇਗੀ ਹਮ ਉਸ ਸੇ ਮਿਲਨਾ ਬੰਦ ਕਰ ਦੇਂਗੇ। ਉਸ ਕੀ ਚੌਖਟ ਪੇ ਆਨਾ ਬੰਦ ਕਰ ਦੇਂਗੇ। ਬੇਹਤਰ ਹੈ ਆਪ ਉਸ ਸੇ ਹੀ ਬਾਤ ਕਰੇਂ।" ਕਹਿ ਕੇ ਉਹ ਉਥੋਂ ਚਲਾ ਗਿਆ ਤੇ ਬਲਬੀਰ ਉਸ ਨੂੰ ਜਾਂਦੇ ਦੇਖਦਾ ਹੀ ਰਿਹਾ।

ਬਲਬੀਰ ਦਾ ਮਨ ਫਿਰ ਤੋਂ ਉਚਾਟ ਹੋ ਗਿਆ। ਪ੍ਰੀਤੀ ਦਾ ਕੁਝ ਮਹੀਨੇ ਬਦਲਿਆ ਰੂਪ ਇਕ ਧੋਖਾ ਹੀ ਜਾਪਿਆ। ਫਿਆਜ਼ ਨੂੰ ਵੇਖ ਕੇ ਉਹ ਫਿਰ ਦੀਵਾਨੀ ਹੋ ਗਈ। ਆਪਣਾ ਆਪਾ ਹੀ ਭੁੱਲ ਗਈ। ਬੱਚਿਆਂ ਦੀ ਜ਼ਿੰਮੇਵਾਰੀ ਤੋਂ ਅਨਜਾਣ ਹੋ ਗਈ ਤੇ ਫਿਰ ਫਿਆਜ਼ ਦੇ ਰੰਗ ਵਿਚ ਰੰਗੀ ਗਈ। ਇਹ ਪਿਆਰ, ਇਸ਼ਕ ਇਕ ਪਾਗਲਪਨ ਤੋਂ ਸਿਵਾ ਕੁਝ ਨਹੀਂ। ਹੋਸ਼ ਵਿਚ ਹੋ ਕੇ ਵੀ ਮਨੁੱਖ ਸੁਧ-ਬੁਧ ਗਵਾ ਲੈਂਦਾ ਹੈ। ਇਹ ਕਿਹੋ ਜਿਹਾ ਪਿਆਰ ਸੀ? ਕੀ ਸੱਚਾਈ ਸੀ ਇਸ ਪਿਆਰ ਦੀ? ਪਿਆਰ ਤੇ ਦੋ ਆਤਮਾਵਾਂ ਦਾ ਮੇਲ ਹੈ, ਇਕ ਪਵਿੱਤਰ ਜਜਬਾ ਹੈ। ਪਰ ਇਹ ਪਿਆਰ ਤੇ ਕੇਵਲ ਜਿਸਮਾਨੀ ਸੀ। ਸਿਰਫ ਹਵਸ ਇਸ ਦਾ ਮਕਸਦ ਸੀ। ਐਨੀ ਦੂਰੋਂ ਫਿਆਜ਼ ਆਂਦਾ ਸੀ ਕਿਸੇ ਦੂਸਰੇ ਦੀ ਪਤਨੀ ਕੋਲ। ਕਿਸ ਧਰਮ ਵਿਚ ਇਸ ਦੀ ਇਜ਼ਾਜਤ ਹੈ? ਇਸਲਾਮ ਵਿਚ ਚਾਰ ਵਿਆਹਾਂ ਦੀ ਅਨੁਮਤੀ ਹੈ ਪਰ ਦੂਸਰੇ ਦੀ ਪਤਨੀ ਨੂੰ ਪਤਨੀ ਬਣਾ ਕੇ ਰੱਖਣ ਦੀ ਛੂਟ ਨਹੀਂ ਹੈ। ਇਹ ਹਰਾਮ ਹੈ, ਗੁਨਾਹ ਹੈ, ਤੇ ਜਨਾਹ ਹੈ (ਵਿਭਚਾਰ ਹੈ)।

ਇਸ ਵਾਰੀ ਬਲਬੀਰ ਨੂੰ ਸਭ ਵੇਲੇ ਤੋਂ ਜ਼ਿਆਦਾ ਗੁੱਸਾ ਸੀ। ਪ੍ਰੀਤੀ ਉੱਤੇ ਤੇ ਫਿਆਜ਼ ਤੇ ਵੀ। ਉਸ ਦਾ ਮਨ ਕਰਦਾ ਸੀ ਕਿ ਇਸ ਦਾ ਕਤਲ ਕਰ ਦਿਆਂ ਤੇ ਹਮੇਸ਼ਾ ਲਈ ਸਿਆਪਾ ਮੁੱਕ ਜਾਏ ਭਾਵੇਂ ਫਾਂਸੀ ਹੀ ਕਿਉਂ ਨਾ ਲੱਗ ਜਾਏ। ਉਸ ਦੇ ਚਲੇ ਜਾਣ ਤੋਂ ਬਾਅਦ ਪ੍ਰੀਤੀ ਨੂੰ ਉਸ ਨੇ ਗੁੱਸੇ ਵਿਚ ਕਿਹਾ, "ਇਸ ਨੂੰ ਇਥੇ ਆਣ ਤੋਂ ਮਨ੍ਹਾਂ ਕਰਦੇ। ਮੈਂ ਇਸ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਮੇਰੇ ਕੋਲੋਂ ਕੋਈ ਕਹਿਰ ਨਾ ਕਰਵਾ ਬੈਠੀਂ।"

"ਕੀ ਕਰੇਂਗਾ?"

"ਮੈਂ ਇਹਦਾ ਕਤਲ ਕਰ ਦਿਆਂਗਾ।"

"ਉਸ ਦੇ ਨਾਲ ਮੇਰਾ ਵੀ ਕਤਲ ਕਰ ਦੇਈਂ।"

"ਤੂੰ ਬਾਜ ਨਹੀਂ ਆਵੇਂਗੀ ਤਾਂ ਤੇਰਾ ਵੀ ਗਲਾ ਘੋਟ ਦਿਆਂਗਾ। ਹੁਣ ਹੱਦ ਹੋ ਗਈ ਹੈ। ਮੈਂ ਨਹੀਂ ਚਾਹੁੰਦਾ ਕਿ ਬੱਚਿਆਂ ਦੇ ਹੁੰਦੇ ਤੂੰ ਆਪਣੇ ਯਾਰ ਕੋਲ ਸੌਂਵੇਂ।" ਕਹਿ ਕਿ ਬਲਬੀਰ ਬਾਹਰ ਨਿਕਲ ਗਿਆ। ਪ੍ਰੀਤੀ ਨੇ ਇਹੋ ਜਿਹਾ ਰੂਪ ਬਲਬੀਰ ਦਾ ਕਦੀ ਨਹੀਂ ਸੀ ਵੇਖਿਆ। ਫਿਰ ਇਸੇ ਤਰ੍ਹਾਂ ਕੁਝ ਦਿਨ ਕੁਝ ਹਫਤੇ ਕੁਝ ਮਹੀਨੇ ਬੀਤ ਗਏ। ਬਲਬੀਰ ਨੇ ਪ੍ਰੀਤੀ ਨਾਲ ਬਿਲਕੁਲ ਹੀ ਗੱਲ ਕਰਨੀ ਛੱਡ ਦਿੱਤੀ। ਪ੍ਰੀਤੀ ਨੂੰ ਫਿਕਰ ਲਗ ਗਿਆ

ਕੇ ਉਹ ਕੁਝ ਕਰ ਨਾ ਬੈਠੇ ਤੇ ਕਿਤੇ ਨਵੀਂ ਮੁਸੀਬਤ ਨਾ ਪੈ ਜਾਵੇ। ਉਸ ਨੂੰ ਬੱਚਿਆਂ ਦੀ ਫਿਕਰ ਹੋ ਰਹੀ ਸੀ ਕਿ ਕੁਝ ਹੋ ਗਿਆ ਤਾਂ ਬੱਚਿਆਂ ਦੀ ਕੀ ਕਰੇਗੀ? ਕੌਣ ਉਹਨਾਂ ਨੂੰ ਪੜ੍ਹਾਏਗਾ? ਕੌਣ ਉਹਨਾਂ ਦੀ ਪਰਵਰਸ਼ ਕਰੇਗਾ?"

ਪ੍ਰੀਤੀ ਨੇ ਫ਼ਿਆਜ਼ ਨੂੰ ਖਤ ਲਿਖ ਦਿੱਤਾ ਕਿ "ਬਬਲੂ ਬਹੁਤ ਗੁੱਸੇ ਮੇਂ ਹੈ ਅਭੀ ਜਲਦੀ ਨਹੀਂ ਆਨਾ ਜਬ ਮੈਂ ਖਤ ਲਿਖੂੰਗੀ ਤਬ ਹੀ ਆਨਾ।"

ਫ਼ਿਆਜ਼ ਪ੍ਰੀਤੀ ਨੂੰ ਕਹਿ ਕੇ ਗਿਆ ਸੀ ਕੇ ਬੇਟੇ ਦੇ ਵਾਲ ਕੱਟਵਾ ਦੇਣਾ। ਇਹ ਕੋਈ ਸੌਖਾ ਕੰਮ ਨਹੀਂ ਸੀ। ਅਗਰ ਉਸ ਨੇ ਇਹ ਕੀਤਾ ਤਾਂ ਹੋ ਸਕਦਾ ਉਸ ਦਾ ਆਖਰੀ ਦਿਨ ਹੀ ਹੋਏ। ਬਲਬੀਰ ਸਿੱਖੀ ਦਾ ਕੱਟੜ ਧਾਰਣੀ ਸੀ। ਭਾਵੇਂ ਉਸਨੇ ਅੰਮ੍ਰਿਤ ਨਹੀਂ ਸੀ ਛਕਿਆ ਪਰ ਕਸ਼ਮੀਰੀ ਸਿੱਖ ਧਰਮ ਦੀ ਸੋਚ ਰੱਖਦੇ ਹਨ ਅਤੇ ਬਹੁਤ ਕੱਟੜ ਹਨ। ਪਰ ਫਿਆਜ਼ ਦੀ ਸੋਚ ਵੀ ਕਿੰਨੀ ਘਟੀਆ ਤੇ ਨੀਚ ਸੀ। ਉਹ ਆਪਣੇ ਧਰਮ ਦਾ ਕਿੰਨਾ ਕੱਟੜ ਤੇ ਛੋਟੀ ਸੋਚ ਰੱਖਦਾ ਸੀ। ਮੁਸਲਮਾਨ ਹੁੰਦਿਆਂ ਉਸ ਦੀ ਸੋਚ ਇਹੋ ਹੀ ਸੀ ਕਿ ਪ੍ਰੀਤੀ ਦੇ ਬੱਚੇ ਉਸ ਦੇ ਬੱਚੇ ਹਨ ਤੇ ਉਹ ਬੱਚੇ ਮੁਸਲਮਾਨ ਹੀ ਹੋਣੇ ਚਾਹੀਦੇ ਹਨ। ਜਿਥੇ ਵੀ ਬੀਜ਼ ਬੀਜਦੇ ਨੇ ਉੱਥੇ ਦਾ ਫਲ ਵੀ ਆਪਣੇ ਨਾਂ ਦਾ ਹੀ ਚਾਹੁੰਦੇ ਨੇ। ਪਤਾ ਨਹੀਂ ਵੇਸ਼ਵਾ ਤੋਂ ਜਨਮੇ ਬੱਚਿਆਂ ਦਾ ਕਿਸ ਤਰ੍ਹਾਂ ਨਾਮਕਰਣ ਕਰਦੇ ਹੋਣਗੇ?" ਤੇ ਮੁਸਲਿਮ ਧਰਮ ਵਿਚ ਉਹਨਾਂ ਨੂੰ ਕਿਵੇਂ ਸ਼ਾਮਿਲ ਕਰਦੇ ਹੋਣਗੇ?

ਪ੍ਰੀਤੀ ਨੂੰ ਫਿਆਜ਼ ਸਾਰੀ ਉਮਰ ਬੇਵਕੂਫ ਹੀ ਬਣਾਂਦਾ ਰਿਹਾ ਉਸ ਦੀ ਭਾਵਨਾਵਾਂ ਤੇ ਜ਼ਜਬਾਤਾਂ ਨਾਲ ਖੇਡਦਾ ਰਿਹਾ। ਪ੍ਰੀਤੀ ਦਾ ਘਰ ਬਰਬਾਦ ਕਰਦਾ ਰਿਹਾ ਤੇ ਆਪ ਆਪਣਾ ਸੰਸਾਰ ਵਸਾਂਦਾ ਰਿਹਾ।

ਡੁੱਬਦਾ ਸੂਰਜ ਆਪਦੇ ਇਰਦ-ਗਿਰਦ ਸੋਨੇ ਦੀ ਰੁਸ਼ਨਾਈ ਖਿਲਾਰ ਦੇਂਦਾ ਹੈ। ਲਗਦਾ ਹੈ ਜਿਵੇਂ ਸੋਨੇ ਦਾ ਖੇਤ ਫੈਲ ਗਿਆ ਹੋਏ, ਅਕਾਸ਼ ਦੇ ਪਸ਼ਚਿਮੀ ਖੇਤਰ ਵਿਚ। ਪੰਛੀਆਂ ਦੀਆਂ ਡਾਰਾਂ ਲਾਮ-ਬੰਦ ਹੋ ਕੇ ਸੂਰਜ ਦੇ ਸਾਹਮਣੇ ਗੁਜ਼ਰਦੀਆਂ ਹਨ। ਇਹ ਅਦਭੁਤ ਨਜ਼ਾਰਾ ਕਿੰਨਾ ਮਨਭਾਵਨਾ ਹੁੰਦਾ ਹੈ। ਵੇਖਣ ਵਾਲਾ ਇਸ ਨਜ਼ਾਰੇ ਨੂੰ ਵੇਖ ਕੇ ਮੰਤਰ ਮੁਗਧ ਹੋ ਜਾਂਦਾ ਹੈ। ਇਹ ਦਿਨ ਦੇ ਅੰਤ ਦਾ ਦ੍ਰਿਸ਼ਟਾਂਤ ਹੈ। ਜਦੋਂ ਵੀ ਕੋਈ ਚੰਗੀ ਆਤਮਾ ਦਾ ਅੰਤ ਹੁੰਦਾ ਹੈ ਬਹੁਤ ਸੁੰਦਰ ਹੁੰਦਾ ਹੈ। ਆਕਾਸ਼ ਵਿਚ ਵੱਸਦੇ ਸਾਰੇ ਦੇਵਤੇ ਉਸ ਆਤਮਾ ਦਾ ਆਵਭਗਤ ਕਰਨ ਵਾਸਤੇ ਪ੍ਰਤੀਕਸ਼ਾ ਕਰਦੇ ਹਨ।

ਰਿਸ਼ਤੇ ਜਦੋਂ ਭਾਰ ਬਣ ਜਾਂਦੇ ਹਨ ਤਾਂ ਭਾਰ ਚੁੱਕਣ ਵਾਲੇ ਦੇ ਮੋਢੇ ਥੱਕ ਜਾਂਦੇ ਹਨ ਤੇ ਫਿਰ ਉਹ ਰਿਸ਼ਤੇ ਢਹਿ ਕੇ ਡਿਗ ਕੇ ਆਪਣੀ ਮੌਤ ਆਪ ਮਰ ਜਾਂਦੇ ਹਨ। ਦੂਰੀਆਂ ਵਧ ਜਾਂਦੀਆਂ ਹਨ ਤੇ ਹੌਲੀ-ਹੌਲੀ ਉਹਨਾਂ ਰਿਸ਼ਤਿਆਂ ਦੀ ਪਹਿਚਾਣ ਵੀ ਖਤਮ ਹੋ ਜਾਂਦੀ ਹੈ। ਹੁਣ ਤੇ ਰਿਸ਼ਤੇ ਆਪਣੇ ਭੈਣ-ਭਰਾਵਾਂ ਦੇ ਰਹਿ ਗਏ ਹਨ, ਅਗਰ ਵਿਚ ਕੋਈ ਲਾਲਚ ਜਾਂ ਅਹਿਮ ਨਾ ਹੋਵੇ ਤਾਂ ਮਾਂ ਦੇ ਪਿਆਰ ਨੂੰ ਵੀ ਖੁਦਗਰਜੀ ਦੀ ਕਸੌਟੀ

ਤੇ ਤੋਲਿਆ ਜਾਂਦਾ ਹੈ। ਮਾਂ ਦੇ ਨਾਲ ਵੀ ਵਿਤਕਰਾ ਕੀਤਾ ਜਾਂਦਾ ਹੈ। ਮਾਂ ਦੇ ਪਿਆਰ ਨੂੰ ਵੀ ਆਪਣੀ ਜ਼ਿਦ ਦੇ ਤਰਾਜੂ ਤੇ ਤੋਲਿਆ ਜਾਂਦਾ ਹੈ। ਇਹੋ ਜਿਹੀ ਨਫ਼ਰਤ ਤੇ ਅਪਮਾਨ ਸਹਿ ਕੇ ਮਾਂ ਆਪਣੀ ਹੀ ਕੁੱਖ ਨੂੰ ਦੋਸ਼ ਦੇਂਦੀ ਹੈ ਪਰ ਕਦੀ ਬਦਦੁਆ ਨਹੀਂ ਦੇਂਦੀ। ਕਦੀ ਵਾਹਿਗੁਰੂ ਤੋਂ ਇਹ ਨਹੀਂ ਮੰਗਦੀ ਕਿ ਮੈਂ ਇਹੋ ਜਿਹੇ ਬੇਟੇ ਤੋਂ ਚੰਗਾ ਬਾਂਝ ਹੀ ਰਹਿੰਦੀ। ਇਹ ਨਹੀਂ ਕਹਿੰਦੀ ਪਰ ਹਰ ਅਪਮਾਨ ਸਹਿ ਲੈਂਦੀ ਹੈ।

ਫਿਆਜ਼ ਨੂੰ ਪ੍ਰੀਤੀ ਦੇ ਖਤ ਮਿਲ ਜਾਂਦੇ ਸਨ। ਉਹ ਕਿਸੇ ਖਤ ਦਾ ਜਵਾਬ ਨਹੀਂ ਦੇਂਦਾ। ਪ੍ਰੀਤੀ ਨੇ ਭਾਵੇਂ ਉਸ ਨੂੰ ਆਣ ਤੋਂ ਮਨ੍ਹਾ ਕੀਤਾ ਸੀ ਪਰ ਉਸ ਨੂੰ ਡਰ ਵੀ ਲਗਦਾ ਸੀ ਕਿਤੇ ਆ ਹੀ ਨਾ ਜਾਏ। ਫਿਰ ਕੀ ਹੋਏਗਾ? ਬੇਟੇ ਦੇ ਕੇਸ ਕਟਾਣੇ ਉਹ ਨਹੀਂ ਭੁੱਲੀ ਸੀ। ਇਕ ਦਿਨ ਹੌਸਲਾ ਕਰਕੇ ਉਸ ਨੇ ਬਲਬੀਰ ਨੂੰ ਕਿਹਾ ਮੈਂ ਬੱਚਿਆਂ ਨੂੰ ਲੈ ਕੇ ਸ਼ਹਿਰ ਜਾਣਾ ਚਾਹੁੰਦੀ ਹਾਂ। ਸ਼ਹਿਰ ਦੀ ਰੌਣਕ ਵੀ ਵਿਖਾ ਲਿਆਂਵਾਂਗੀ ਤੇ ਕੁਝ ਖਰੀਦ ਕੇ ਵੀ ਦਿਆਂਗੀ।

"ਠੀਕ ਹੈ।" ਬਲਬੀਰ ਨੇ ਹਾਮੀ ਭਰੀ ਤੇ ਫਿਰ ਇਕ ਦਿਨ ਬੱਚਿਆਂ ਨੂੰ ਲੈ ਕੇ ਸ਼ਹਿਰ ਗਈ ਵਿਚੋਂ ਉਸ ਦਾ ਮਕਸਦ ਕੁਝ ਹੋਰ ਸੀ। ਉਹ ਬੇਟੇ ਅਰਸ਼ ਨੂੰ ਸੈਲੂਨ ਵਿਚ ਲੈ ਗਈ।

ਬੇਟੇ ਨੇ ਪੁੱਛਿਆ "ਮੰਮਾ ਇਥੇ ਕੀ ਕਰਨਾ ਹੈ?"

"ਤੈਨੂੰ ਮੋਨਾ ਬਨਾਣਾ ਹੈ।"

"ਉਹ ਕੀ ਹੁੰਦਾ ਹੈ?"

"ਜਿਵੇਂ ਤੇਰੇ ਸਾਰੇ ਸਕੂਲ ਦੇ ਦੋਸਤ ਬਿਨ੍ਹਾਂ ਪਟਕੇ ਸਕੂਲ ਜਾਂਦੇ ਹਨ, ਉਵੇਂ ਤੂੰ ਵੀ ਜਾਏਂਗਾ।"

"ਮਤਲਬ ਮੈਂ ਵਾਲ ਕਟਾਂਗਾ।"

"ਹਾਂ।"

"ਨਹੀਂ ਮੰਮਾ ਇੰਝ ਨਹੀਂ ਹੋ ਸਕਦਾ ਮੈਂ ਵਾਲ ਨਹੀਂ ਕਟਾਣੇ ਮੈਂ ਇੰਝ ਹੀ ਠੀਕ ਲਗਦਾ ਹਾਂ ਮੇਰੇ ਸਾਰੇ ਦੋਸਤ ਤੇ ਟੀਚਰ ਮੈਨੂੰ ਸਰਦਾਰ ਜੀ ਕਰਕੇ ਬੁਲਾਂਦੇ ਹਨ। ਮੇਰੇ ਪਾਪਾ ਨੂੰ ਕਦੀ ਵੀ ਚੰਗਾ ਨਹੀਂ ਲੱਗੇਗਾ। ਉਹ ਬਹੁਤ ਗੁੱਸੇ ਹੋਣਗੇ। ਮੰਮਾ ਮੈਂ ਸਿੱਖ ਠੀਕ ਹਾਂ।"

"ਤੇਰੇ ਫਿਆਜ਼ ਅੰਕਲ ਕਹਿ ਗਏ ਸੀ ਇਹਨੂੰ ਮੋਨਾ ਬਣਾ ਦਿਉ।"

"ਫਿਆਜ਼ ਅੰਕਲ ਨੇ ਕਿਉਂ ਕਿਹਾ ਉਹ ਕਹਿਣ ਵਾਲੇ ਕੌਣ ਹਨ?"

"ਪਤਾ ਨਹੀਂ।" ਕੀ ਦੱਸਦੀ ਛੋਟੇ ਜਿਹੇ ਬੱਚੇ ਨੂੰ।

ਬੱਚੇ ਦੇ ਲੱਖ ਮਨਾਂ ਕਰਨ ਤੇ ਵੀ ਪ੍ਰੀਤੀ ਨੇ ਉਸ ਦੇ ਵਾਲ ਕਟਵਾ ਦਿੱਤੇ। ਉਹ

ਜਾਣਦੀ ਸੀ ਕਿ ਇਹ ਉਸ ਨੇ ਬਹੁਤ ਵੱਡਾ ਕਦਮ ਚੁੱਕਿਆ ਹੈ। ਇਸ ਦਾ ਉਸ ਦੇ ਜੀਵਨ ਤੇ ਕੀ ਅਸਰ ਪਏਗਾ? ਇਹ ਘੋਰ ਪਾਪ ਉਸ ਨੇ ਕੀਤਾ ਸੀ ਉਹ ਆਪਣੇ ਜ਼ਮੀਰ ਤੇ ਇਖਲਾਕ ਤੋਂ ਐਨੀ ਗਿਰ ਜਾਏਗੀ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕਿਵੇਂ ਬਲਬੀਰ ਦਾ ਸਾਹਮਣਾ ਕਰੇਗੀ? ਕੀ ਜਵਾਬ ਦੇਵੇਗੀ? ਉਸਦੀ ਜ਼ਿੰਦਗੀ ਵਿਚ ਭੁਚਾਲ ਆ ਜਾਏਗਾ। ਉਹ ਸਭ ਲਈ ਤਿਆਰ ਸੀ। ਫੈਸਲਾਕੁਨ ਮੋੜ ਤੇ ਪਹੁੰਚ ਗਈ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਹ ਬਲਬੀਰ ਨੂੰ ਸਮਝਾ ਲਏਗੀ। ਨਹੀਂ ਮੰਨਿਆਂ ਤੇ ਬੱਚੇ ਲੈ ਕੇ ਉਸ ਦੀ ਜਿੰਦਗੀ ਵਿਚੋਂ ਨਿਕਲ ਜਾਏਗੀ।

"ਕਿੱਥੇ ਜਾਵਾਂਗੀ?"

"ਫਿਆਜ਼ ਕੋਲ ਫਿਰ ਚਲੀ ਜਾਵਾਂਗੀ।" ਅੰਦਰੋਂ ਜਵਾਬ ਆਂਦਾ।

"ਕੀ ਮੈਨੂੰ ਮੇਰੇ ਬੱਚਿਆਂ ਨਾਲ ਉਹ ਸਵੀਕਾਰ ਕਰੇਗਾ?"

"ਕਿਉਂ ਨਹੀਂ? ਬੱਚੇ ਤੇ ਉਸ ਦੇ ਹੀ ਹਨ।" ਐਸੀ ਸੋਚ ਨਾਲ ਉਸ ਨੇ ਇਹ ਕਦਮ ਚੁੱਕਿਆ ਸੀ ਤੇ ਸ਼ਾਮ ਹੋਣ ਤੋਂ ਪਹਿਲੇ ਘਰ ਆ ਗਈ।

ਬਲਬੀਰ ਬੇਟੇ ਨੂੰ ਵੇਖ ਕੇ ਹੈਰਾਨ ਹੋ ਗਿਆ। ਇੰਜ ਜਾਪਿਆ ਜਿਵੇਂ ਅਸਮਾਨ ਡਿੱਗ ਗਿਆ ਹੋਵੇ, ਧਰਤੀ ਫਟ ਗਈ ਹੋਵੇ। ਉਸ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ, ਸਿਰ ਚਕਰਾ ਗਿਆ ਦੋਨਾਂ ਹੱਥਾਂ ਨਾਲ ਸਿਰ ਫੜ ਕੇ ਧਰਤੀ ਤੇ ਬੈਠ ਗਿਆ, ਹੱਕਾ-ਬੱਕਾ ਤੇ ਨਿਸ਼ਬਦ। ਜਿਵੇਂ ਗੂੰਗਾ ਹੋ ਗਿਆ ਹੋਵੇ। ਉਸ ਨੇ ਆਪਣੇ ਵਾਲ ਪੁੱਟੇ ਕੰਧ ਵਿਚ ਕਈ ਵਾਰੀ ਸਿਰ ਮਾਰਿਆ ਤੇ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ। ਬੇਟਾ ਭੱਜ ਕੇ ਪਿਤਾ ਦੇ ਗਲੇ ਨਾਲ ਚਿੰਬੜ ਗਿਆ। "ਪਾਪਾ! ਪਾਪਾ! ਕਹਿ ਕੇ ਉਸ ਨੂੰ ਹਿਲਾਂਦਾ ਰਿਹਾ।" ਪਰ ਪਾਪਾ ਤੇ ਬੇਹੋਸ਼ ਸੀ। ਪ੍ਰੀਤੀ ਨੇ ਵੀ ਹਿਲ-ਜੁਲ ਕੀਤੀ ਪਰ ਬਲਬੀਰ ਨਹੀਂ ਉੱਠਿਆ। ਚੇਹਰੇ ਤੇ ਪਾਣੀ ਦੇ ਛਿੱਟੇ ਮਾਰੇ ਤੇ ਢਾਬੇ ਤੋਂ ਦੋ ਬੰਦੇ ਬੁਲਾ ਕੇ ਉਸ ਨੂੰ ਬਿਸਤਰ ਤੇ ਪਾ ਦਿੱਤਾ ਤੇ ਉਹਨਾਂ ਨੂੰ ਡਾਕਟਰ ਲਿਆਣ ਵਾਸਤੇ ਭਜਾਇਆ।

ਡਾਕਟਰ ਨੇ ਦੂਰੋਂ ਆਣਾ ਸੀ ਤਦ ਤਕ ਬਲਬੀਰ ਨੂੰ ਥੋੜੀ ਹੋਸ਼ ਆ ਗਈ ਸੀ ਪਰ ਸਿਰਫ ਰੋਈ ਜਾਂਦਾ ਸੀ। ਆਪਣੇ ਬੇਟੇ ਨੂੰ ਵੇਖ ਕੇ। ਜਿਵੇਂ ਤਿਵੇਂ ਰਾਤ ਬੀਤੀ ਪ੍ਰੀਤੀ ਸਾਹਮਣੇ ਨਹੀਂ ਆਈ। ਆਪਣੇ ਕਮਰੇ ਨੂੰ ਅੰਦਰੋਂ ਬੰਦ ਕਰਕੇ ਬੱਚਿਆਂ ਨਾਲ ਅੰਦਰ ਹੀ ਵੜੀ ਰਹੀ। ਉਹ ਡਰੀ ਰਹੀ ਸਾਰੀ ਰਾਤ। ਕੋਈ ਅਨਹੋਣੀ ਦਾ ਅੰਦੇਸ਼ਾ ਸੀ ਉਸਨੂੰ। ਬਲਬੀਰ ਦੇ ਮੱਥੇ ਤੇ ਵੀ ਚੋਟ ਲੱਗੀ ਸੀ ਪੱਟੀ ਤੇ ਦਵਾਈ ਲਗਾ ਕੇ ਥੋੜੀ ਰਾਹਤ ਮਿਲੀ।

ਸਵੇਰ ਹੋਈ ਬਲਬੀਰ ਬਿਲਕੁਲ ਸ਼ਾਂਤ ਸੀ। ਉਸ ਨੇ ਆਪਣੇ ਸਰੀਰ ਤੇ ਹੀ ਗੁੱਸਾ ਕੱਢ ਲਿਆ ਸੀ। ਪ੍ਰੀਤੀ ਨੂੰ ਪੁੱਛਿਆ, "ਤੂੰ ਇਹ ਕੀ ਕੀਤਾ ਹੈ? ਕਿਉਂ ਕੀਤਾ ਹੈ? ਤੂੰ ਇਹ ਨਹੀਂ ਜਾਣਦੀ ਕਿ ਅਸੀਂ ਕਸ਼ਮੀਰੀ ਸਿੱਖ ਹਾਂ ਤੇ ਕਦੀ ਕੇਸਾਂ ਦੀ ਬੇਅਦਬੀ ਨਹੀਂ ਹੋਣ ਦੇਂਦੇ। ਬੇਪਤ ਹੋਣ ਤੋਂ ਮਰਨਾ ਚੰਗਾ ਸਮਝਦੇ ਹਾਂ। ਤੂੰ ਮੇਰੇ ਪੁੱਤਰ ਨੂੰ ਬੇਪਤ ਕਰ

ਦਿੱਤਾ ਹੈ। ਕਿਉਂ ਕੀਤਾ ਤੂੰ ਇਹ? ਇੰਝ ਕਰਨ ਤੋਂ ਪਹਿਲੇ ਮੈਨੂੰ ਪੁੱਛ ਲੈਣਾ ਸੀ, ਮੇਰਾ ਬੇਟਾ ਹੈ।"

"ਉਹ ਤੇਰਾ ਬੇਟਾ ਨਹੀਂ ਹੈ।"

"ਮੇਰਾ ਬੇਟਾ ਨਹੀ?"

"ਨਹੀਂ! ਉਹ ਫਿਆਜ਼ ਦਾ ਪੁੱਤਰ ਹੈ।"

"ਫਿਆਜ਼ ਦਾ ਪੁੱਤਰ? ਜਿਵੇਂ ਬਲਬੀਰ ਦੇ ਉੱਤੇ ਕੋਈ ਪਹਾੜ ਡਿੱਗ ਗਿਆ ਹੋਵੇ।

"ਹਾਂ ਬਬਲੂ ਦੋਨੋਂ ਬੱਚੇ ਫਿਆਜ਼ ਦੇ ਨੇ ਤੇ ਮੈਂ ਵੀ ਫਿਆਜ਼ ਦੀ ਹਾਂ।"

"ਤੂੰ ਵੀ ਫਿਆਜ਼ ਦੀ ਤੇਰੇ ਬੱਚੇ ਵੀ ਫਿਆਜ਼ ਦੇ।"

ਫਿਰ ਮੇਰਾ ਕੀ ਹੈ?

"ਤੇਰਾ ਇਹ ਢਾਬਾ ਹੈ। ਤੂੰ ਮੈਨੂੰ ਸ਼ਰਨ ਦਿੱਤੀ, ਮੇਰੇ ਬੱਚਿਆਂ ਦੀ ਪਰਵਰਸ਼ ਕੀਤੀ। ਜਿਸ ਵਾਸਤੇ ਮੈਂ ਤੇਰੀ ਧੰਨਵਾਦੀ ਹਾਂ।"

"ਤੂੰ ਮੇਰੇ ਨਾਲ ਚੰਗਾ ਨਹੀਂ ਕੀਤਾ। ਤੂੰ ਵਿਸ਼ਵਾਸਘਾਤ ਕੀਤਾ ਹੈ। ਮੈਂ ਤੇਰੇ ਲਈ ਕੀ ਨਹੀਂ ਕੀਤਾ?" ਤੇਰੀ ਹਰ ਖਾਹਿਸ਼ ਪੂਰੀ ਕੀਤੀ। ਸਾਰੇ ਸੁਖ ਤੈਨੂੰ ਦੇਣ ਵਾਸਤੇ ਰਾਤ ਦਿਨ ਇਕ ਕੀਤਾ ਤੇ ਤੂੰ ਮੈਨੂੰ ਇਹ ਸਿਲਾ ਦਿੱਤਾ। ਮੇਰੇ ਘਰ ਵਿਚ ਰਹਿ ਕੇ ਦੂਜੇ ਦੇ ਬੱਚੇ ਪੈਦਾ ਕਰਦੀ ਰਹੀ ਹੈ। ਤੇਰੇ ਤੋਂ ਨੀਚ ਦੁਨੀਆ ਦੀ ਕੋਈ ਹੋਰ ਔਰਤ ਨਹੀਂ ਹੋਏਗੀ। ਤੂੰ ਡੈਣ ਹੈਂ। ਅਤੇ ਡੈਣ ਨੂੰ ਮੈਂ ਆਪਣੇ ਘਰ ਵਿਚ ਨਹੀਂ ਰੱਖ ਸਕਦਾ। ਇਹ ਭੁੱਲ ਸੀ ਕਿ ਮੈਂ ਤੈਨੂੰ ਫਿਰ ਅਪਨਾਇਆ। ਤੇਰੀ ਜ਼ਿੰਦਗੀ ਦੀ ਬਦਨਾਮੀ ਨੂੰ ਮੈਂ ਖਤਮ ਕਰਨ ਲਈ ਆਪਣੇ ਅਰਮਾਨਾਂ ਦੀ ਕੁਰਬਾਨੀ ਦਿੱਤੀ। ਫਿਰ ਤੈਨੂੰ ਮਾਨ-ਸਨਮਾਨ ਤੇ ਇੱਜਤ ਦਿੱਤੀ। ਪਰ ਤੂੰ ਇਸ ਯੋਗ ਨਹੀਂ ਸੀ। ਕੁਲਦੀਪ ਨੇ ਤੇਰੇ ਨਾਲ ਚੰਗਾ ਕੀਤਾ ਸੀ, ਤੂੰ ਇਸੇ ਜੋਗੀ ਸੈਂ। ਤੂੰ ਤਵਾਇਫ਼ ਬਣ ਕੇ ਸ੍ਰੀਨਗਰ ਦੀਆਂ ਗਲੀਆਂ ਵਿਚ ਆਪਣੀ ਇੱਜਤ ਵੇਚਦੀ ਰਹਿੰਦੀ ਤੇਰੇ ਲਈ ਇਹੋ ਠੀਕ ਸੀ। ਹੁਣ ਵੀ ਤੂੰ ਇਹੋ ਕਰੇਂਗੀ। ਜਿਸ ਆਦਮੀ ਦੇ ਭਰੋਸੇ ਤੂੰ ਮੈਨੂੰ ਕਿਤੋਂ ਦਾ ਨਹੀਂ ਛੱਡਿਆ ਉਹ ਆਦਮੀ ਹੁਣ ਤੇਰੀ ਇੱਜਤ ਨੂੰ ਸ਼ਰੇਆਮ ਵੇਚੇਗਾ। ਤੂੰ ਜਾਣ ਦੀ ਤਿਆਰੀ ਕਰ ਲੈ ਤੂੰ ਹੁਣ ਮੇਰੇ ਨਾਲ ਨਹੀਂ ਰਹਿ ਸਕਦੀ। ਉਸ ਨੂੰ ਖਤ ਲਿਖਦੇ ਕਿ ਤੈਨੂੰ ਆ ਕੇ ਲੈ ਜਾਵੇ ਨਹੀਂ ਤਾਂ ਮੈਂ ਤੈਨੂੰ ਘਰੋਂ ਕੱਢ ਦਿਆਂਗਾ। ਮੈਂ ਕਿਸੇ ਦੇ ਬੱਚਿਆਂ ਨੂੰ ਆਪਣੇ ਸਾਹਮਣੇ ਨਹੀਂ ਵੇਖ ਸਕਦਾ। ਇਹਨਾਂ ਨੂੰ ਵੇਖ ਕੇ ਮੇਰੇ ਸੀਨੇ ਤੇ ਸੱਪ ਫਿਰਦੇ ਹਨ। ਮੈਨੂੰ ਆਪਣੇ ਆਪ ਤੋਂ ਘ੍ਰਿਣਾ ਹੁੰਦੀ ਹੈ ਤੇ ਆਪਣੀ ਮਰਦਾਨਗੀ ਤੇ ਤਰਸ ਆਉਂਦਾ ਹੈ। ਇਹਨਾਂ ਬੱਚਿਆਂ ਨੂੰ ਮੇਰੀਆਂ ਅੱਖਾਂ ਤੋਂ ਦੂਰ ਰੱਖ ਤੇ ਜਲਦੀ ਤੋਂ ਜਲਦੀ ਇਥੋਂ ਚਲੀ ਜਾ।" ਸਪਸ਼ਟ ਸ਼ਬਦਾਂ ਵਿਚ ਬਲਬੀਰ ਨੇ

ਆਪਣਾ ਫੈਸਲਾ ਸੁਣਾ ਦਿੱਤਾ ਤੇ ਬਾਹਰ ਚਲਾ ਗਿਆ।

ਪ੍ਰੀਤੀ ਨੂੰ ਪਤਾ ਸੀ ਇਹੋ ਹੋਣਾ ਹੈ। ਇਸ ਤੋਂ ਵੀ ਵੱਧ ਹੋਣ ਦੀ ਉਸ ਨੂੰ ਉਮੀਦ ਸੀ ਪਰ ਬਲਬੀਰ ਹਿੰਸਕ ਨਹੀਂ ਹੋਇਆ, ਆਪਣੇ ਆਪ ਤੇ ਕਾਬੂ ਰੱਖਿਆ। ਹੁਣ ਬੱਚਿਆਂ ਦਾ ਵਿਚਾਰ ਆਂਦਿਆ ਹੀ ਝੁਜਲਾ ਜਾਂਦਾ ਤੇ ਕੋਸ਼ਿਸ਼ ਕਰ ਕੇ ਐਸੀ ਸੋਚ ਨੂੰ ਤਰਕ ਕਰ ਦਿੰਦਾ। ਫਿਰ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਪ੍ਰੀਤੀ ਕੋਲ ਕੋਈ ਸਫਾਈ ਦੇਣ ਵਾਲੀ ਦਲੀਲ ਨਹੀਂ ਸੀ। ਉਸ ਨੂੰ ਅਹਿਸਾਸ ਹੋਇਆ ਕਿ ਫਿਆਜ਼ ਵਾਲੀ ਗੱਲ ਤੇ ਉਸ ਨੇ ਜਲਦਬਾਜੀ ਕੀਤੀ ਹੈ। ਥੋੜੇ ਚਿਰ ਹੋਰ ਰੁਕ ਜਾਣਾ ਸੀ। ਕਿਹੜੀ ਆਫ਼ਤ ਆ ਜਾਣੀ ਸੀ। ਉਸ ਨੂੰ ਸਮਝਾ ਵੀ ਸਕਦੀ ਸੀ ਪਰ ਹੁਣ ਤੇ ਆਫਤ ਆ ਗਈ ਸੀ। ਕਿੰਨੀ ਮਿਹਨਤ ਨਾਲ ਬਲਬੀਰ ਦਾ ਸਾਥ ਦੇ ਕੇ ਆਪਣਾ ਘਰ-ਬਾਰ ਵਸਾਇਆ ਸੀ? ਖੁਸ਼ੀ ਤੇ ਸੁਖ ਪਾਇਆ ਸੀ ਪਰ ਆਪਣੀ ਬੇਵਕੂਫੀ ਨਾਲ ਸਭ ਕੁਝ ਉਸ ਨੇ ਬਰਬਾਦ ਕਰ ਦਿੱਤਾ। ਇਹੋ ਸੋਚਦੇ ਫਿਆਜ਼ ਦੀ ਉਡੀਕ ਕਰਦੀ ਰਹੀ। ਦਿਨ ਬੀਤੇ, ਹਫਤੇ ਬੀਤੇ, ਮਹੀਨੇ ਵੀ ਬੀਤ ਗਏ ਪਰ ਫਿਆਜ਼ ਨਹੀਂ ਆਇਆ। ਕੀ ਪਤਾ ਆਏਗਾ ਵੀ ਕੇ ਨਹੀਂ।

ਘਰ ਪਰਿਵਾਰ ਦੀ ਸਾਰੀ ਖੁਸ਼ੀ ਖਤਮ ਹੋ ਗਈ ਸੀ। ਬੱਚੇ ਬਲਬੀਰ ਕੋਲ ਜਾਂਦੇ ਉਹ ਉਹਨਾਂ ਵੱਲ ਵੇਖਦਾ ਵੀ ਨਹੀਂ। ਸਕੂਲ ਛੱਡਣਾ ਵੀ ਉਸ ਨੇ ਬੰਦ ਕਰ ਦਿੱਤਾ ਹੁਣ ਬੱਚੇ ਕਿਵੇਂ ਸਕੂਲ ਜਾ ਸਕਦੇ ਸਨ? ਕਿਵੇਂ ਪੜ੍ਹ ਸਕਦੇ ਸਨ? ਪੜ੍ਹਣਗੇ ਨਹੀਂ ਤਾਂ ਕੀ ਕਰਨਗੇ? ਪਤਾ ਨਹੀਂ ਫਿਆਜ਼ ਕਦੋਂ ਆਏਗਾ ਤੇ ਸਾਨੂੰ ਨਾਲ ਲੈ ਜਾਏਗਾ? ਇਹ ਚਿੰਤਾ ਪ੍ਰੀਤੀ ਨੂੰ ਅੰਦਰੋਂ ਅੰਦਰ ਖਾਈ ਜਾਂਦੀ ਸੀ। ਆਖਿਰ ਇਕ ਦਿਨ ਫਿਆਜ਼ ਆ ਗਿਆ। ਪ੍ਰੀਤੀ ਦੀ ਜਾਨ ਵਿਚ ਜਾਨ ਆਈ। ਉਸ ਨੇ ਬਲਬੀਰ ਨੂੰ ਪੁੱਛਿਆ, "ਬਾਈ ਕਿਆ ਹੋ ਗਿਆ?"

"ਅਪਨੀ ਰਖੈਲ ਸੇ ਪੂਛੋ।" ਬਲਬੀਰ ਨੇ ਗੁੱਸੇ ਵਿਚ ਜਵਾਬ ਦਿੱਤਾ।

"ਕਿਆ ਮਤਲਬ?"

"ਮਤਲਬ ਭੀ ਉਸੀ ਸੇ ਪੂਛੋ।" ਮੂੰਹ ਇਕ ਪਾਸੇ ਕਰਕੇ ਬਲਬੀਰ ਨੇ ਜਵਾਬ ਦਿੱਤਾ। ਫਿਰ ਬੋਲਿਆ, "ਅੰਦਰ ਚਲੇ ਜਾਉ, ਤੁਮ੍ਹਾਰਾ ਇੰਤਜ਼ਾਰ ਕਰ ਰਹੀ ਹੈ ਕਈ ਮਹੀਨੋਂ ਸੇ। ਤੁਮ੍ਹਾਰੇ ਸਾਥ ਜਾਨੇ ਕਾ। ਲੇ ਜਾਉ ਉਸੇ।"

ਫਿਆਜ਼ ਅੰਦਰ ਗਿਆ ਪ੍ਰੀਤੀ ਉਸ ਦੇ ਗਲੇ ਲਗ ਕੇ ਫੁੱਟ-ਫੁੱਟ ਕੇ ਰੋਣ ਲਗ ਪਈ। "ਮੈਂ ਬਰਬਾਦ ਹੋ ਗਈ ਫਿਆਜ਼, ਮੈਂ ਲੁਟ ਗਈ। ਮੇਰਾ ਘਰ ਤਬਾਹ ਹੋ ਗਿਆ। ਮੈਂ ਅਬ ਯਹਾਂ ਨਹੀਂ ਰਹਿ ਸਕਤੀ। ਮੇਰਾ ਠਿਕਾਨਾ ਬਰਬਾਦ ਹੋ ਗਿਆ, ਮੇਰੇ ਬੱਚੋਂ ਕੀ ਜ਼ਿੰਦਗੀ ਬਰਬਾਦ ਹੋ ਗਈ ਹੈ। ਮੁਝੇ ਘਰ ਸੇ ਜਾਨੇ ਕੀ ਆਖਰੀ ਚੇਤਾਵਨੀ ਦੇ ਦੀ ਗਈ ਹੈ। ਮੁਝੇ ਔਰ ਮੇਰੇ ਬੱਚੋਂ ਕੋ ਬਬਲੂ ਫੂਟੀ ਆਂਖ ਭੀ ਨਹੀਂ ਦੇਖਨਾ ਚਾਹਤਾ। ਪਿਛਲੇ ਛੇ ਮਹੀਨੋਂ ਸੇ ਹਮ ਯਤੀਮੋਂ ਕੀ ਜ਼ਿੰਦਗੀ ਜੀ ਰਹੇ ਹੈਂ। ਘਰ ਮੇਂ ਚੂਲਹਾ ਨਹੀਂ ਜਲਤਾ, ਕੁਝ

ਬਨਤਾ ਨਹੀਂ ਹੈ ਜੋ ਢਾਬੇ ਸੇ ਆ ਜਾਤਾ ਹੈ ਉਸੀ ਪਰ ਗੁਜ਼ਾਰਾ ਕਰਤੇ ਹੈਂ। ਮੇਰੇ ਬੱਚੋਂ ਕੋ ਦੂਧ ਕਾ ਘੁੰਟ ਨਸੀਬ ਨਹੀਂ ਹੋਤਾ। ਬੱਚੋਂ ਕੀ ਪੜ੍ਹਾਈ ਛੂਟ ਗਈ ਹੈ। ਅਬ ਕੋਈ ਉਨਹੇਂ ਸਕੂਲ ਲੈ ਕੇ ਨਹੀਂ ਜਾਤਾ।"

"ਪਰ ਯਹ ਸਭ ਕੈਸੇ ਹੂਆ?"

"ਮੇਰਾ ਦਿਮਾਗ਼ ਖਰਾਬ ਹੋ ਗਿਆ। ਤੁਮ੍ਹਾਰੇ ਕਹਿਨੇ ਪਰ ਮੈਨੇ ਲੜਕੇ ਕੇ ਬਾਲ ਕਟਵਾ ਦੀਏ ਔਰ ਉਸੀ ਪਰ ਬਵਾਲ ਹੋ ਗਿਆ। ਬਬਲੂ ਬਰਦਾਸ਼ਤ ਨਹੀਂ ਕਰ ਸਕਾ ਤੋ ਮੁਝੇ ਉਸ ਸੇ ਕਹਿਨਾ ਪੜਾ ਕਿ ਯਹ ਦੋਨੋਂ ਫਿਆਜ਼ ਕੇ ਬੱਚੇ ਹੈਂ। ਫਿਰ ਕਿਆ ਥਾ? ਵੋਹ ਤੋ ਆਪਨੇ ਆਪ ਕੋ ਮਾਰਨੇ ਪਰ ਤੁਲ ਗਿਆ ਥਾ। ਬੜੀ ਮੁਸ਼ਕਿਲ ਸੇ ਵਕਤ ਸੰਭਾਲਾ। ਉਸ ਦਿਨ ਸੇ ਬਬਲੂ ਨੇ ਮੇਰੇ ਸਾਥ ਬਾਤ ਨਹੀਂ ਕੀ। ਬੱਚੋਂ ਕੋ ਬੁਲਾਇਆ ਤਕ ਨਹੀਂ। ਜੋ ਖਾਨੇ ਕੋ ਦੇਤਾ ਹੈ ਵਹੀ ਖਾ ਕੇ ਗੁਜ਼ਾਰਾ ਕਰ ਲੇਤੇ ਹੈਂ।"

"ਠੀਕ ਕਹਿਤੀ ਹੋ। ਮੇਰੇ ਸਾਥ ਭੀ ਢੰਗ ਸੇ ਬਾਤ ਨਹੀਂ ਕੀ।"

"ਅਬ ਵੋਹ ਢੰਗ ਸੇ ਬਾਤ ਕਰੇਗਾ ਭੀ ਨਹੀਂ। ਮੈਂ ਤਿਆਰੀ ਕਰਕੇ ਬੈਠੀ ਹੂੰ ਤੁਮ ਮੁਝੇ ਜਲਦੀ ਸੇ ਜਲਦੀ ਯਹਾਂ ਸੇ ਲੇ ਜਾਓ ਇਸੀ ਮੇਂ ਹਮਾਰਾ ਭਲਾ ਹੈ।"

"ਐਸੇ ਜਲਦੀ ਮੇਂ ਕੈਸੇ ਲੇ ਜਾ ਸਕਤਾ ਹੂੰ। ਤੁਮ੍ਹਾਰੇ ਰਹਿਨੇ ਕਾ ਇੰਤਜ਼ਾਮ ਕਰਨਾ ਪੜੇਗਾ। ਘਰ ਲੇਨਾ ਪੜੇਗਾ ਅਪਨੀ ਬੀਵੀ ਸੇ ਬਾਤ ਕਰਨੀ ਪੜੇਗੀ।"

"ਤੁਮਹੇਂ ਬੀਵੀ ਸੇ ਬਾਤ ਕਰਨੀ ਪੜੇਗੀ? ਤਬ ਤਕ ਹਮਾਰਾ ਯਹਾਂ ਕਿਆ ਹੋਗਾ। ਮੈਨੇ ਤੋ ਖਤ ਮੇਂ ਤੁਮਹੇ ਲਿਖਾ ਥਾ ਕਿ ਮੁਝੇ ਘਰ ਛੋੜਨਾ ਪੜੇਗਾ ਮੁਝੇ ਯਹਾਂ ਸੇ ਲੇ ਜਾਨੇ ਕਾ ਪ੍ਰਬੰਧ ਕਰਕੇ ਆਨਾ।"

"ਮੈਨੇ ਤੋ ਕਬੀ ਸੋਚਾ ਭੀ ਨਹੀਂ ਥਾ ਕਿ ਮਾਮਲਾ ਇਤਨਾ ਸੰਗੀਨ ਹੋਗਾ?"

"ਫਿਆਜ਼ ਮੈਂ ਯਹਾਂ ਇਕ ਦਿਨ ਭੀ ਨਹੀਂ ਰਹਿ ਸਕਤੀ। ਹਰ ਰੋਜ਼ ਆਂਸੂਓਂ ਕੇ ਘੁੰਟ ਪੀਨੇ ਪੜਤੇ ਹੈ।"

"ਠੀਕ ਹੈ ਮੈਂ ਸਾਥ ਲੇ ਚਲਤਾ ਹੂੰ, ਕਹੀਂ ਕਿਰਾਏ ਕਾ ਮਕਾਨ ਲੇ ਕੇ ਤੁਮਹੇਂ ਰੱਖ ਲੂੰਗਾ।" ਇਹ ਫੈਸਲਾ ਕਰ ਕੇ ਪ੍ਰੀਤੀ ਨੂੰ ਸਮਾਨ ਇਕੱਠਾ ਕਰਨ ਲਈ ਕਹਿ ਦਿੱਤਾ ਤੇ ਆਪ ਬਲਬੀਰ ਕੋਲ ਆ ਗਿਆ।

"ਬਬਲੂ ਭਾਈ ਮੇਰੀ ਵਜਹ ਸੇ ਆਪ ਕੋ ਬਹੁਤ ਕਸ਼ਟ ਹੂਆ ਹੈ।"

"ਜੋ ਹੋਨਾ ਥਾ ਹੋ ਗਿਆ ਯਹੀ ਤਕਦੀਰ ਮੇਂ ਲਿਖਾ ਥਾ। ਮੇਰੇ ਪਿਤਾ ਕਹਤੇ ਥੇ ਕਿ ਜਬ ਕਿਸੀ ਔਰਤ ਕੇ ਕਦਮ ਘਰ ਕੀ ਦਹਲੀਜ ਲਾਂਘ ਜਾਤੇ ਹੈਂ ਕਿਸੀ ਮਰਦ ਕੇ ਲੀਏ ਫਿਰ ਉਸੇ ਅਪਨੀ ਦਹਲੀਜ ਪਰ ਵਾਪਸ ਨਹੀਂ ਲਾਨਾ ਚਾਹੀਏ। ਮੈਨੇ ਉਨਕੀ ਬਾਤ ਨਹੀਂ ਮਾਨੀ ਔਰ ਸਜ਼ਾ ਭੁਗਤੀ। ਅਬ ਆਪ ਇਸ ਕੋ ਲੇ ਜਾਉ। ਮੇਰੀ ਦੁਆ ਆਪ ਕੇ

ਲੀਏ ਭੀ ਹੈ। ਪ੍ਰੀਤੀ ਕੇ ਲੀਏ ਭੀ ਹੈ ਔਰ ਆਪ ਕੇ ਬੱਚੋਂ ਕੇ ਲੀਏ ਭੀ ਹੈ। ਆਪ ਸਭ ਖੁਸ਼ ਰਹੇਂ ਬੱਚੋਂ ਕਾ ਖਿਆਲ ਰਖਨਾ। ਮੈਨੇ ਬਹੁਤ ਉਮੀਦੋਂ ਸੇ ਔਰ ਪਿਆਰ ਸੇ ਪਾਲਾ ਥਾ ਇਨਹੇ।"

ਐਨੇ ਨੂੰ ਟੈਕਸੀ ਆ ਗਈ ਤੇ ਬੈਠ ਕੇ ਰਵਾਨਾ ਹੋਣ ਲੱਗੇ। ਪ੍ਰੀਤੀ ਤੇ ਬੱਚੇ ਉਸ ਨੂੰ ਵੇਖਦੇ ਰਹੇ। ਦੋਨਾਂ ਬੱਚਿਆਂ ਦੀਆਂ ਅੱਖਾਂ ਭਰੀਆਂ ਹੋਈਆਂ ਸਨ। ਬਬਲੂ ਕੋਲੋਂ ਵੀ ਸਿਹਾ ਨਾ ਗਿਆ ਬੱਚਿਆਂ ਨੂੰ ਘੁੱਟ ਕੇ ਜੱਫੀ ਪਾਈ ਬਹੁਤ ਸਾਰਾ ਪਿਆਰ ਕੀਤਾ ਤੇ ਫੁੱਟ-ਫੁੱਟ ਕੇ ਰੋ ਪਿਆ। ਅੰਤਿਮ ਸਮੇਂ ਉਸ ਨੇ ਬੱਚਿਆਂ ਨੂੰ ਆਪਣੇ ਤੋਂ ਦੂਰ ਕੀਤਾ ਸੀ ਉਸ ਵਾਸਤੇ ਉਹਨੂੰ ਬਹੁਤ ਪਛਤਾਵਾ ਸੀ। ਪਰ ਕੀ ਕਰ ਸਕਦਾ ਸੀ, ਕਿਵੇਂ ਬੱਚਿਆਂ ਨੂੰ ਕੋਲ ਰੱਖ ਸਕਦਾ ਸੀ? ਹੌਲੀ-ਹੌਲੀ ਟੈਕਸੀ ਅੱਖਾਂ ਤੋਂ ਔਜਲ ਹੋ ਗਈ ਤੇ ਬਲਬੀਰ ਉੱਥੇ ਹੀ ਬੈਠਾ ਵੇਖਦਾ ਰਹਿ ਗਿਆ।

ਹੁਣ ਬਲਬੀਰ ਦਾ ਘਰ ਸੁੰਞਾ ਹੋ ਗਿਆ ਸੀ। ਭਾਵੇਂ ਪਿਛਲੇ ਛੇ ਮਹੀਨੇ ਉਹ ਕਿਸੇ ਨਾਲ ਬੋਲਿਆ ਨਹੀਂ ਸੀ। ਬੱਚਿਆਂ ਨਾਲ ਪਿਆਰ ਨਹੀਂ ਕੀਤਾ ਸੀ। ਪਰ ਦਿਲ ਵਿਚ ਅਹਿਸਾਸ ਤੇ ਸੀ ਕਿ ਸਾਰੇ ਇਥੇ ਹੀ ਹਨ, ਘਰ ਵਿਚ ਮੌਜੂਦ ਹਨ। ਥੋੜੀ ਜਿਹੀ ਆਹਟ ਨਾਲ ਭੁਲੇਖਾ ਪੈਂਦਾ ਕਿ ਅਰਸ਼ ਉਸਦਾ ਬੇਟਾ ਰਸੋਈ ਵਿਚ ਗਿਆ ਹੈ। ਕਦੀ ਜਾਪਦਾ ਉਸ ਦੀ ਬੇਟੀ ਕੁਸਮ ਗੀਟਿਆਂ ਨਾਲ ਖੇਡਦੀ ਹੈ। ਬਾਰ-ਬਾਰ ਕਮਰੇ 'ਚੋਂ ਨਿਕਲ ਕੇ ਬਾਹਰ ਵੇਖਣ ਜਾਂਦਾ। ਉਸ ਨੂੰ ਆਪਣੇ ਆਪ ਤੇ ਬਹੁਤ ਅਫਸੋਸ ਹੁੰਦਾ ਕਿ ਉਸ ਨੇ ਬੱਚਿਆਂ ਨਾਲ ਬੋਲਣਾ ਕਿਉਂ ਛੱਡ ਦਿੱਤਾ? ਕਿਉਂ ਪਿਆਰ ਕਰਨਾ ਛੱਡ ਦਿੱਤਾ? ਬੱਚਿਆਂ ਦਾ ਕੀ ਦੋਸ਼ ਸੀ? ਬੱਚੇ ਤੇ ਰੱਬ ਦਾ ਰੂਪ ਹੁੰਦੇ ਨੇ। ਆਪਣੀ ਇਸ ਗਲਤੀ ਦਾ ਹੁਣ ਉਸ ਨੂੰ ਬਹੁਤ ਪਛਤਾਵਾ ਹੁੰਦਾ। ਬੱਚੇ ਸਕੂਲ ਪੜ੍ਹਦੇ ਰਹਿੰਦੇ ਚੰਗਾ ਸੀ। ਘਰ ਵਿਚ ਰਹਿ ਕੇ ਵੇਹਲੇ ਹੋ ਗਏ। ਛੇ ਮਹੀਨਿਆਂ ਵਿਚ ਕਿੰਨਾ ਕੁਝ ਸਿੱਖ ਲੈਣਾ ਸੀ ਉਹਨਾਂ ਨੇ ਬੇਟੀ ਦੀਆਂ ਨਜ਼ਰਾਂ ਵਿਚ ਤਰਸ ਤੇ ਬੇਬਸੀ ਝਲਕਦੀ ਉਸਨੂੰ ਯਾਦ ਆਂਦੀ। ਕਿੰਨੀ ਵਾਰੀ ਕੋਸ਼ਿਸ਼ ਕੀਤੀ ਮੇਰੇ ਕੋਲ ਕੁਸਮ ਨੇ ਆਣ ਦੀ ਪਰ ਮੈਂ ਉਸ ਨੂੰ ਨਕਾਰਦਾ ਰਿਹਾ। ਮੈਂ ਬੱਚਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਦਾ ਉਹਨੂੰ ਅਫਸੋਸ ਸੀ। ਹੁਣ ਉਹਨਾਂ ਦੀ ਬਹੁਤ ਯਾਦ ਆਂਦੀ ਤੇ ਉਸ ਦਾ ਦਿਲ ਭਰ ਆਂਦਾ।

ਇਕ ਸ਼ਾਮ ਨੂੰ ਢਾਬੇ ਦੇ ਸਾਹਮਣੇ ਮੰਜੀ ਤੇ ਬੈਠਾ ਸ਼ਰਾਬ ਪੀ ਰਿਹਾ ਸੀ। ਢਾਬੇ ਤੇ ਉਸ ਸ਼ਾਮ ਕੋਈ ਖਾਸ ਕੰਮ ਵੀ ਨਹੀਂ ਸੀ ਤੇ ਉਸ ਦਾ ਖਾਸ ਬੰਦਾ ਰਸੋਈਆ ਸੀ ਕੋਲ ਆ ਕੇ ਬੈਠ ਗਿਆ ਤੇ ਕਿਹਾ, "ਭਾਅ ਜੀ! ਗੁੱਸਾ ਨਾ ਕਰਨਾ। ਮੈਨੂੰ ਤੁਹਾਡੇ ਘਰ ਦੀ ਕੋਈ ਕਹਾਣੀ ਸਮਝ ਨਹੀਂ ਆਈ ਅੱਜ ਤੱਕ। ਇਹ ਬਾਊ ਜਿਸ ਦੇ ਨਾਲ ਬੱਚੇ ਗਏ ਹਨ ਇਹ ਕੌਣ ਹੈ?"

"ਗਲਾਸੀ ਖਾਲੀ ਕਰਦਿਆਂ ਬਲਬੀਰ ਨੇ ਕਿਹਾ ਇਹ ਬੱਚਿਆਂ ਦਾ ਪਿਉ

ਹੈ।"

"ਬੱਚਿਆਂ ਦਾ ਪਿਉ?"

"ਹਾਂ ਯਾਰਾ! ਇਹ ਮੇਰੀ ਘਰਵਾਲੀ ਦਾ ਆਸ਼ਕ ਸੀ। ਇਥੇ ਸਿਰਫ ਮੇਰੀ ਘਰਵਾਲੀ ਲਈ ਆਂਦਾ ਸੀ। ਮੌਜ-ਮਸਤੀ ਕਰਕੇ ਚਲਾ ਜਾਂਦਾ ਸੀ। ਬੱਚੇ ਵੱਡੇ ਹੋ ਗਏ, ਸਕੂਲ ਜਾਣ ਲੱਗ ਗਏ ਪਰ ਮੈਨੂੰ ਪਤਾ ਹੀ ਨਹੀਂ ਕਿ ਇਹ ਮੇਰੇ ਬੱਚੇ ਨਹੀਂ ਹਨ। ਉਹ ਘਰਵਾਲੀ ਕਾਹਦੀ ਘਰਵਾਲੀ ਸੀ, ਮੇਰੀ ਦੁਸ਼ਮਨ ਸੀ। ਉਸੇ ਨੇ ਇਕ ਦਿਨ ਦੱਸਿਆ ਕਿ ਇਹ ਮੇਰੇ ਬੱਚੇ ਨਹੀਂ ਉਸ ਹਰਾਮਜਾਦੇ ਦੇ ਹਨ। ਆਪੇ ਸਮਝ ਮੇਰੇ ਤੇ ਕੀ ਬੀਤੀ ਹੋਵੇਗੀ।" ਬਲਬੀਰ ਨੇ ਫਿਰ ਗਲਾਸੀ ਭਰ ਲਈ।

"ਤੁਹਾਨੂੰ ਇਹ ਸਭ ਪਤਾ ਸੀ ਤਾਂ ਤੁਸੀਂ ਕੁਝ ਕੀਤਾ ਕਿਉਂ ਨਹੀਂ?"

"ਕੀ ਕਰਦਾ? ਘਰਵਾਲੀ ਨੇ ਫਾਂਸੀ ਚੜ੍ਹਵਾ ਦੇਣਾ ਸੀ।"

"ਤੁਸੀਂ ਇਕ ਵਾਰੀ ਮੈਨੂੰ ਇਸ਼ਾਰਾ ਕਰਦੇ ਤਾਂ ਮੈਂ ਠਿਕਾਣੇ ਲਗਵਾ ਦਿੰਦਾ। ਆਪਣੇ ਕੋਲ ਇਹੋ ਜਿਹੇ ਵੀ ਬੰਦੇ ਹਨ, ਕੰਨੋ-ਕੰਨੀ ਖ਼ਬਰ ਨਹੀਂ ਲਗਣੀ ਸੀ ਕਿ ਕੌਣ ਕਾਂਡ ਕਰ ਗਿਆ ਹੈ।"

"ਮੈਂ ਤੇ ਬਾਈ ਖੂਨ-ਖਰਾਬੇ ਵਿਚ ਯਕੀਨ ਨਹੀਂ ਕਰਦਾ।"

"ਤੁਸੀਂ ਚੰਗੇ ਬੰਦੇ ਹੋ? ਤੁਹਾਡੀ ਬੀਵੀ ਤੁਹਾਡੇ ਸਾਹਮਣੇ ਇਹੋ ਜਿਹਾ ਖੇਡ ਖੇਡਦੀ ਰਹੀ ਤੇ ਤੁਸੀਂ ਵੇਖਦੇ ਰਹੇ।"

"ਯਾਰ ਬੁਰਿਆਂ ਕੰਮਾਂ ਦਾ ਅੰਤ ਬੁਰਾ ਹੀ ਹੁੰਦਾ ਹੈ। ਜੋ ਕਰੇਗਾ ਸੋ ਭਰੇਗਾ ਉੜਕ ਸੱਚ ਇਹੀ।"

"ਚਲੋ ਜਾਨ ਛੁੱਟੀ ਕੋਈ ਗੱਲ ਨਹੀਂ ਮੈਨੂੰ ਤੇ ਬੱਚਿਆਂ ਦਾ ਅਫਸੋਸ ਹੁੰਦਾ ਹੈ।" ਐਨੇ ਨੂੰ ਇਕ ਟਰੱਕ ਆ ਗਿਆ ਤੇ ਸਾਰੇ ਕੰਮ ਵਿਚ ਰੁਝ ਗਏ।

## 21

**ਫ਼ਿ**ਆਜ਼ ਪ੍ਰੀਤੀ ਨੂੰ ਤੇ ਬੱਚਿਆਂ ਨੂੰ ਲੈ ਕੇ ਸ਼੍ਰੀਨਗਰ ਆ ਗਿਆ ਤੇ ਸ਼੍ਰੀਨਗਰ ਦਾ ਇਕ ਇਲਾਕਾ ਡੋਵਨ ਟਾਊਨ ਹੈ ਉਥੇ ਦੋ ਕਮਰੇ ਦਾ ਇਕ ਘਰ ਕਿਰਾਏ ਤੇ ਲੈ ਕੇ ਰੱਖ ਦਿੱਤਾ। ਡੋਵਨ ਟਾਊਨ ਇਕ ਭੀੜ ਵਾਲਾ ਇਲਾਕਾ ਹੈ। ਭੀੜੀਆਂ ਗਲੀਆਂ, ਗੰਦਗੀ ਦੀ ਭਰੀਆਂ ਨਾਲੀਆਂ, ਘਰਾਂ 'ਚੋਂ ਜਿਹੜੀ ਗੰਦਗੀ ਨਿਕਲਦੀ ਹੈ ਨਾਲੀਆਂ ਵਿਚ ਜਾਂਦੀ ਹੈ। ਸਵੇਰ ਵੇਲੇ ਜਦ ਤਕ ਯਾਰਾਂ ਬਾਰਾਂ ਵਜੇ ਤਕ ਸਫਾਈ ਕਰਨ ਵਾਲੇ ਆ ਕੇ ਨਾਲੀਆਂ ਨਹੀਂ ਸਾਫ ਕਰਦੇ ਉਹਨਾਂ ਗਲੀਆਂ 'ਚੋਂ ਗੁਜ਼ਰਨਾ ਮੁਸ਼ਕਿਲ ਹੋ ਜਾਂਦਾ। ਸਾਰੇ ਪਾਸੇ ਬਦਬੂ ਫੈਲੀ ਰਹਿੰਦੀ। ਦਿਨ ਵਿਚ ਪੰਜ ਵੇਲੇ ਜਦੋਂ ਨਮਾਜ਼ ਪੜ੍ਹਨ ਦਾ ਸਮਾਂ ਹੁੰਦਾ ਹੈ ਕਈਆਂ ਮਸਜ਼ਿਦਾਂ ਤੋਂ ਅਜ਼ਾਨ ਦੀ ਆਵਾਜ਼ ਆਂਦੀ ਹੈ। ਕੋਈ ਹਿੰਦੂ ਜਾਂ ਸਿੱਖ ਦਾ ਉਸ ਇਲਾਕੇ

ਵਿਚ ਜਾਣਾ ਸੁਰਖਅਤ ਨਹੀਂ ਹੈ। ਨਿੱਕੇ-ਨਿੱਕੇ ਬੱਚੇ ਪੱਗ ਵਾਲੇ ਨੂੰ ਵੇਖ ਕਈ ਗੰਦੀਆਂ ਟਿੱਪਣੀ ਕਰਦੇ ਹਨ। ਪਿੱਛੇ ਪਿੱਛੇ ਚਲਦੇ ਹਨ ਟੋਲੀਆਂ ਬਣਾ ਕੇ ਤੇ ਕਈ ਪ੍ਰਕਾਰ ਦੀਆਂ ਫਬਕੀਆਂ ਕਸਦੇ ਹਨ। ਸਿੱਖ ਕਹਿ ਕੇ ਗੁੱਸਾ ਦਵਾਉਂਦੇ ਹਨ।

ਇਹ ਇਲਾਕਾ ਫਿਆਜ਼ ਨੇ ਇਸ ਲਈ ਚੁਣਿਆ ਸੀ ਕਿ ਕੋਈ ਗੈਰ ਮੁਸਲਿਮ ਇਥੇ ਆ ਨਹੀਂ ਸਕਦਾ। ਚੱਪੇ-ਚੱਪੇ ਤੇ ਨੀਮ ਫੌਜੀ ਦਲ ਤੈਨਾਤ ਰਹਿੰਦੇ ਹਨ ਜਿਹਨਾਂ ਤੇ ਅਕਸਰ ਪੱਥਰਬਾਜੀ ਹੁੰਦੀ ਹੈ। ਧੂਆਂ ਗੈਸ ਦੇ ਗੋਲੇ ਚਲਣਾ ਰੋਜ ਦਾ ਹੀ ਕੰਮ ਹੈ। ਉਥੋਂ ਲੰਘਣ ਵਾਲਾ ਮਹਿਸੂਸ ਕਰਦਾ ਹੈ ਕਿ ਉਹ ਕਿਸੇ ਮੁਸਲਿਮ ਦੇਸ਼ ਵਿਚ ਆ ਗਿਆ ਹੈ। ਇਸ ਇਲਾਕੇ ਵਿਚ ਪੰਡਿਤ ਵੀ ਰਹਿੰਦੇ ਸਨ ਨਿਸ਼ਕਾਸ਼ਨ ਤੋਂ ਪਹਿਲੇ ਸੁਹਾਰਦਪੂਰਣ ਵਾਤਾਵਰਣ ਹੁੰਦਾ ਸੀ, ਉਹਨਾ ਦਿਨਾਂ ਵਿਚ ਇਹੋ ਸੁਣਨ ਵਿਚ ਆਇਆ ਹੈ। ਪਰ ਹੁਣ ਵਕਤ ਬਿਲਕੁਲ ਬਦਲ ਗਿਆ ਹੈ। ਬਜ਼ੁਰਗ ਲੋਗ ਘਰਾਂ ਵਿਚ ਰਹਿੰਦੇ ਹਨ ਜਾਂ ਕਾਰੋਬਾਰ ਲਈ ਬਾਹਰ ਜਾਂਦੇ ਹਨ ਤੇ ਨੌਜਵਾਨ ਪੀੜ੍ਹੀ ਨੇ ਆਤੰਕਵਾਦ ਦਾ ਰਸਤਾ ਚੁਣ ਲਿਆ ਹੈ। ਉਸੇ ਇਲਾਕੇ ਵਿਚ ਜਾਮਾ ਮਸਜਿਦ ਹੈ ਜਿਥੇ ਹਰ ਸ਼ੁਕਰਵਾਰ ਨਿਮਾਜ ਪੜ੍ਹਨ ਲਈ ਭੀੜ ਇਕੱਠੀ ਹੁੰਦੀ ਹੈ। ਆਈ.ਐਸ.ਆਈ. ਤੇ ਪਾਕਿਸਤਾਨ ਦੇ ਝੰਡੇ ਝੁਲਾਏ ਜਾਂਦੇ ਹਨ। ਪਾਕਿਸਤਾਨ ਜਿੰਦਾਬਾਦ ਦੇ ਨਾਅਰੇ ਲਗਾਏ ਜਾਂਦੇ ਹਨ ਤੇ ਪੁਲੀਸ ਬਲ ਉੱਤੇ ਪੱਥਰ ਮਾਰੇ ਜਾਂਦੇ ਹਨ।

ਇਹੋ ਜਿਹੇ ਇਲਾਕੇ ਵਿਚ ਪ੍ਰੀਤੀ ਆਪਣੇ ਬੱਚਿਆਂ ਨਾਲ ਰਹਿਣ ਲਗ ਪਈ। ਹੌਲੀ-ਹੌਲੀ ਸਭ ਨੂੰ ਪਤਾ ਚੱਲ ਗਿਆ ਕਿ ਇਹ ਸਿੱਖਣੀ ਹੈ ਤੇ ਫਿਆਜ਼ ਨੇ ਉੱਥੇ ਇਹਨੂੰ ਰੱਖਿਆ ਹੈ। ਕਈ ਮਨਚਲੇ ਉਸ ਦੇ ਘਰ ਦੇ ਚੱਕਰ ਲਗਾਂਦੇ ਰਹਿੰਦੇ, ਉਸ ਨੂੰ ਵੇਖਣ ਦੀ ਕੋਸ਼ਿਸ਼ ਕਰਦੇ। ਜਦੋਂ ਉਹ ਘਰੋਂ ਬਾਹਰ ਕੋਈ ਸਬਜ਼ੀ ਜਾਂ ਦੁੱਧ ਲੈਣ ਲਈ ਨਿਕਲਦੀ ਤਾਂ ਕਈ ਅੱਖਾਂ ਉਸ ਦਾ ਪਿੱਛਾ ਕਰਦੀਆਂ, ਗਰਦਨਾਂ ਉੱਚੀਆਂ ਕਰ-ਕਰ ਵੇਖਦੇ ਪਰ ਉਹ ਨੀਵੀਂ ਪਾਈ ਦੁਕਾਨ ਤੇ ਜਾਂਦੀ ਤੇ ਸਮਾਨ ਖਰੀਦ ਕੇ ਘਰ ਪਰਤ ਆਂਦੀ। ਉਸ ਨੇ ਕਈ ਵਾਰੀ ਫਿਆਜ਼ ਨੂੰ ਕਿਹਾ, ਉਸਦਾ ਜਵਾਬ ਸੀ, "ਬੁਰਕਾ ਪਹਿਨ ਕੇ ਬਾਹਰ ਨਿਕਲਾ ਕਰੋ ਮੈਂ ਤੁਮਹੇਂ ਬੁਰਕਾ ਲਾ ਦੂੰਗਾ।"

"ਪਰ ਤੁਮਨੇ ਮੁਝੇ ਯਹਾਂ ਰਖਾ ਹੀ ਕਿਉਂ ਹੈ? ਕਿਆ ਸ਼੍ਰੀਨਗਰ ਮੇਂ ਕੋਈ ਔਰ ਇਲਾਕਾ ਨਹੀਂ ਹੈ? ਜਹਾਂ ਮਾਹੌਲ ਠੀਕ ਹੋ, ਖੁੱਲ੍ਹੀ ਸੋਚ ਵਾਲੇ ਲੋਗ ਹੋਂ।"

"ਅਰੇ ਯਹ ਸਬ ਸੇ ਮਹਿਫੂਜ ਇਲਾਕਾ ਹੈ।"

"ਮੈਂ ਨਹੀਂ ਮਾਨਤੀ। ਮੁਝੇ ਲੋਗ ਵਹਿਸ਼ੀ ਔਰ ਦਰਿੰਦੇ ਲਗਤੇ ਹੈਂ। ਮੁਝੇ ਬਹੁਤ ਡਰ ਲਗਤਾ ਹੈ ਯਹ ਲੋਗ ਮੁਝੇ ਨੋਚ ਖਾਏਂਗੇ।"

"ਕਿਸੀ ਕੀ ਐਸੀ ਹਿੰਮਤ ਨਹੀਂ।"

"ਫਿਆਜ਼ ਮੁਝੇ ਬੱਚੋਂ ਕੀ ਫਿਕਰ ਸਤਾਤੀ ਰਹਿਤੀ ਹੈ। ਵੈਸੇ ਤੋ ਸਕੂਲ ਯਹਾਂ

ਖੁੱਲ੍ਹਤੇ ਹੀ ਨਹੀਂ, ਅਗਰ ਖੁੱਲ੍ਹਤੇ ਹੈਂ ਤੋ ਫਿਕਰ ਲਗੀ ਰਹਤੀ ਹੈ ਕਿ ਬੱਚੇ ਸਹੀ ਸਲਾਮਤ ਘਰ ਆਏਂਗੇ ਕਿ ਨਹੀਂ?"

"ਫਿਕਰ ਮਤ ਕਰੋ। ਅਹਿਸਤਾ-ਆਹਿਸਤਾ ਸਭ ਸਮਝ ਜਾਏਂਗੇ ਕਿ ਤੁਮ ਮੇਰੀ ਬੀਵੀ ਹੋ। ਇਸ ਲਈ ਥੋੜ੍ਹੀ ਅਹਿਤਿਆਤ ਬਰਤੋ ਕੁਝ ਵਕਤ ਕੇ ਲੀਏ। ਮੈਂ ਕੋਈ ਨੌਕਰ ਲਗਾ ਦੇਤਾ ਹੂੰ ਬੱਚੋਂ ਕੋ ਸਕੂਲ ਲੇ ਜਾਨੇ ਕੇ ਲੀਏ ਔਰ ਲਾਨੇ ਕੇ ਲੀਏ। ਬਸ ਠੀਕ ਹੈ?"

ਹਰ ਵਾਰੀ ਭਰੋਸਾ ਦੇ ਕੇ ਤੇ ਦਿਲਾਸਾ ਦੇ ਕੇ ਫਿਆਜ਼ ਚਲਾ ਜਾਂਦਾ ਪਰ ਪ੍ਰੀਤੀ ਨੂੰ ਅੰਦਰੇ-ਅੰਦਰ ਬਹੁਤ ਡਰ ਲਗਦਾ ਸੀ। ਹਮੇਸ਼ਾ ਚਿੰਤਾ ਵਿਚ ਰਹਿੰਦੀ। ਕਿਸੇ ਦਿਨ ਕੋਈ ਬੁਰੀ ਘਟਨਾ ਨਾ ਹੋ ਜਾਏ ਉਸ ਦਾ ਖਦਸ਼ਾ ਰਹਿੰਦਾ। ਹੁਣ ਉਸ ਦੀ ਬੇਟੀ ਵੀ ਵੱਡੀ ਲੱਗਣ ਲੱਗੀ ਸੀ, ਉਸ ਦੀ ਵੀ ਬੜੀ ਫਿਕਰ ਰਹਿੰਦੀ। ਲੋਗ ਸਿਰ ਜੋੜ-ਜੋੜ ਕੇ ਉਹਦੀਆਂ ਗੱਲਾਂ ਕਰਦੇ। ਇਕ ਤ੍ਰੀਮਤ ਦਾ ਵੀ ਉਸ ਦੇ ਘਰ ਆਣਾ ਜਾਣਾ ਸ਼ੁਰੂ ਹੋ ਗਿਆ। ਭਾਵੇਂ ਇਸਤਰੀ ਪੜ੍ਹੀ ਲਿਖੀ ਸੀ। ਉਸ ਨਾਲ ਗੱਪ ਸ਼ੱਪ ਲਾ ਕੇ ਉਹਦਾ ਵਕਤ ਗੁਜ਼ਰ ਜਾਂਦਾ ਤੇ ਉਹ ਸਾਰੀਆਂ ਗੱਲਾਂ ਉਸ ਨਾਲ ਕਰਦੀ। ਦੋ ਚਾਰ ਦਿਨਾਂ ਬਾਅਦ ਉਸ ਔਰਤ ਨੇ ਉਸ ਨੂੰ ਪੁੱਛ ਹੀ ਲਿਆ, "ਕਬ ਸੇ ਆਪ ਲੋਗੋਂ ਕੇ ਬੀਚ ਯਹ ਸਭ ਚਲ ਰਹਾ ਹੈ?"

"ਬਹੁਤ ਮੁਦੱਤ ਹੋ ਗਈ।"

"ਆਪ ਨੇ ਨਿਕਾਹ ਕੀਆ ਹੈ ਕਿਆ?"

"ਹਾਂ।"

"ਫਿਰ ਤੁਮ੍ਹਾਰਾ ਆਦਮੀ ਤੁਮਹੇ ਅਪਨੇ ਘਰ ਕਿਉਂ ਨਹੀਂ ਰਖਤਾ?"

"ਉਸ ਨੇ ਏਕ ਔਰ ਸ਼ਾਦੀ ਕੀ ਹੈ।"

"ਤੁਮਨੇ ਇਸਲਾਮ ਅਪਨਾਇਆ ਹੈ ਕਿਆ?"

"ਹਾਂ ਮੈਂ ਮੁਸਲਿਮ ਹੂੰ।"

"ਫਿਰ ਉਸੇ ਅਪਨੇ ਘਰ ਮੇ ਰਖਨੇ ਕੇ ਲੀਏ ਕਿਆ ਤਕਲੀਫ ਹੈ? ਦੋ ਬੀਵੀਆਂ ਰਖਣਾ ਤੋਂ ਆਮ ਬਾਤ ਹੈ।" ਉਹ ਔਰਤ ਪ੍ਰੀਤੀ ਨੂੰ ਕਹਿ ਰਹੀ ਸੀ।

"ਮੁਝੇ ਲਗਤਾ ਹੈ ਤੁਮ੍ਹਾਰੇ ਸਾਥ ਨਿਕਾਹ ਉਸ ਨੇ ਚੋਰੀ ਛੁਪੇ ਕੀਆ ਹੈ, ਉਸ ਕੇ ਘਰ ਵਾਲੋਂ ਕੋ ਇਸ ਕਾ ਇਲਮ ਨਹੀਂ ਹੈ।"

"ਹੋ ਸਕਤਾ ਹੈ।" ਪ੍ਰੀਤੀ ਨੇ ਉੱਤਰ ਦਿੱਤਾ ਉਹ ਜਾਣਦੀ ਸੀ ਕਿ ਫਿਆਜ਼ ਨੇ ਘਰ ਦੱਸਿਆ ਹੀ ਨਹੀਂ ਹੈ।

"ਯਹ ਪੂਛੋ ਉਸ ਸੇ, ਨਹੀਂ ਤੋ ਤੁਮ੍ਹਾਰੀ ਜ਼ਿੰਦਗੀ ਬਰਬਾਦ ਹੋ ਜਾਏਗੀ। ਆਜ ਕਲ ਕੇ ਵਕਤ ਮੇਂ ਔਰਤ ਕੇ ਲੀਏ ਐਸੇ ਰਹਿਨਾ ਬਹੁਤ ਮੁਸ਼ਕਿਲ ਹੈ। ਅਗਰ ਉਸ ਨੇ ਆਨਾ ਜਾਨਾ ਬੰਦ ਕਰ ਦੀਆ। ਤੁਮਹੇ ਖਰਚਾ ਦੇਨਾ ਬੰਦ ਕਰ ਦੀਆ ਤੋ ਕਿਆ ਕਰੋਗੀ?"

"ਮੇਰੇ ਸਾਥ ਵੋਹ ਐਸਾ ਨਹੀ ਕਰ ਸਕਤਾ।"

"ਐਸੇ ਬੜੇ ਕਿੱਸੇ ਹੋਤੇ ਹੈਂ ਯਹਾਂ। ਤੁਮ ਮੁਸਲਮਾਨ ਨਹੀਂ ਹੋ, ਤੁਮ੍ਹਾਰੇ ਬੱਚੇ ਮੁਸਲਿਮ ਨਹੀਂ ਹੈਂ। ਕੈਸੇ ਜ਼ਿੰਦਗੀ ਗੁਜਾਰੋਗੀ ਮੇਰੀ ਸਮਝ ਸੇ ਬਾਹਰ ਹੈ, ਅੱਲਾ ਖੈਰ ਕਰੇ ਤੁਮ੍ਹਾਰੇ ਸਾਥ ਸਭ ਠੀਕ ਹੋ। ਬਾਕੀ ਮੈਂ ਤੁਮ੍ਹਾਰੇ ਪੜੋਸ ਮੇਂ ਹੀ ਰਹਿਤੀ ਹੂੰ। ਕਭੀ ਭੀ ਮੇਰੀ ਜ਼ਰੂਰਤ ਪੜੇ ਮੇਰੇ ਪਾਸ ਆ ਜਾਨਾ।" ਕਹਿ ਕੇ ਚਲੀ ਗਈ ਤੇ ਪ੍ਰੀਤੀ ਨੂੰ ਗੰਭੀਰਤਾ ਨਾਲ ਸੋਚਣ ਲਈ ਚੇਤਾਵਨੀ ਦੇ ਗਈ।

ਉਸ ਦਿਨ ਤੋਂ ਬਾਅਦ ਫਿਆਜ਼ ਕਈ ਦਿਨ ਨਹੀਂ ਆਇਆ। ਪ੍ਰੀਤੀ ਨੂੰ ਉਸ ਔਰਤ ਦੀ ਗੱਲ ਸੱਚ ਲੱਗਣ ਲੱਗੀ। ਉਸ ਨੂੰ ਆਪਣਾ ਤੇ ਆਪਣੇ ਬੱਚਿਆਂ ਦਾ ਭਵਿੱਖ ਬਰਬਾਦ ਹੁੰਦਾ ਲੱਗਿਆ। ਸੋਚਦੀ ਅਗਰ ਫਿਆਜ਼ ਨੇ ਉਸ ਨੂੰ ਛਡ ਦਿੱਤਾ ਤਾਂ ਕੀ ਹੋਏਗਾ? ਕੀ ਕਰੇਗੀ? ਕਿਥੇ ਜਾਏਗੀ ਕਿਵੇਂ ਜ਼ਿੰਦਗੀ ਬਸਰ ਕਰੇਗੀ? ਬੱਚੇ ਕੀ ਕਰਨਗੇ? ਆਪਣੀ ਗਲਤੀ ਦਾ ਅਹਿਸਾਸ ਹੁੰਦਾ ਤਾਂ ਰੋ ਪੈਂਦੀ। ਕਿਉਂ ਉਸ ਨੇ ਬੇਟੇ ਦੇ ਕੇਸ ਕਟਾਏ? ਕਿਉਂ ਆਪਣੇ ਤੇ ਬੱਚਿਆਂ ਵਾਸਤੇ ਬਬਲੂ ਦੇ ਮਨ ਵਿਚ ਨਫ਼ਰਤ ਪਾਈ? ਮੇਰੀ ਜ਼ਿੰਦਗੀ ਠੀਕ ਠਾਕ ਚਲ ਰਹੀ ਸੀ ਮੈਂ ਆਪੇ ਕਿਉਂ ਅੱਗ ਲਾਈ? ਮੈਂ ਫਿਆਜ਼ ਦੀ ਗੱਲ ਵਿਚ ਕਿਉਂ ਆਈ? ਇਸੇ ਚਿੰਤਾ ਤੇ ਫਿਕਰ ਨੇ ਉਸ ਨੂੰ ਸੌਣ ਨਹੀਂ ਦਿੱਤਾ। ਉਸ ਨੂੰ ਸਾਰੇ ਪਾਸੇ ਹਨੇਰਾ ਲੱਗਾ। ਕਾਲੇ ਬੱਦਲ ਉਸਦੀ ਜ਼ਿੰਦਗੀ ਦੇ ਅਸਮਾਨ ਤੇ ਮੰਡਰਾਂਦੇ ਦਿਖੇ।

ਦਸ ਪੰਦਰਾਂ ਦਿਨਾਂ ਬਾਅਦ ਫਿਆਜ਼ ਆਇਆ। ਪ੍ਰੀਤੀ ਬਹੁਤ ਗੁੱਸੇ ਵਿਚ ਸੀ, "ਪੰਦਰਾਂ ਦਿਨੋਂ ਕੇ ਬਾਅਦ ਹਮਾਰੀ ਯਾਦ ਆਈ? ਭੂਲ ਗਏ ਕਿ ਨਈ ਜਗ੍ਹਾ ਪਰ ਅਨਜਾਨੇ ਲੋਗੋਂ ਕੇ ਬੀਚ ਕੈਸੇ ਰਹੂੰਗੀ?"

"ਮੁਝੇ ਕਸ਼ਮੀਰ ਸੇ ਬਾਹਰ ਜਾਣਾ ਪੜ ਗਿਆ ਥਾ ਕਾਰੋਬਾਰ ਕੇ ਸਿਲਸਿਲੇ ਸੇ।"

"ਮੁਝੇ ਬਤਾ ਕੇ ਨਹੀਂ ਜਾ ਸਕਤੇ ਥੇ।"

"ਵਕਤ ਹੀ ਨਹੀਂ ਮਿਲਾ।"

"ਅਬ ਤੁਮਹੇਂ ਮਿਲਨੇ ਕਾ ਵਕਤ ਨਹੀਂ ਮਿਲਤਾ? ਇਕੇਲੀ ਔਰਤ ਕੋ ਜਵਾਨ ਬੇਟੀ ਕੇ ਸਾਥ ਛੋੜ ਕਰ ਤੁਮ ਚਲੇ ਗਏ, ਤੁਮਹੇਂ ਕੋਈ ਫਿਕਰ ਹੀ ਨਹੀਂ। ਕਮ ਸੇ ਕਮ ਮੁਝੇ ਬਤਾ ਕੇ ਜਾਨਾ ਥਾ।" ਪ੍ਰੀਤੀ ਗੁੱਸੇ ਵਿਚ ਬੋਲੀ ਜਾ ਰਹੀ ਸੀ।

"ਚਲੋ ਯਾਰ ਮੁਆਫ ਕਰ ਦੋ। ਮੁਝੇ ਐਸਾ ਨਹੀਂ ਲਗਾ ਥਾ ਕਿ ਤੁਮ ਇਤਨਾ ਗੁੱਸਾ ਕਰੋਗੀ? ਪ੍ਰੀਤੀ ਧੀਰੇ-ਧੀਰੇ ਅਕੇਲੇ ਰਹਿਨੇ ਕੀ ਆਦਤ ਡਾਲਨੀ ਚਾਹੀਏ।"

"ਯਹ ਮੇਰੇ ਸੇ ਨਹੀਂ ਹੋ ਸਕਤਾ ਇਸ ਇਲਾਕੇ ਮੇਂ। ਤੁਮ ਕਹਿਤੇ ਹੋ ਯਹ ਮਹਿਫੂਜ਼ ਇਲਾਕਾ ਹੈ ਪਰ ਮੇਰੇ ਲੀਏ ਯਹ ਖਤਰਨਾਕ ਜਗ੍ਹਾ ਹੈ। ਅਗਰ ਤੁਮ ਇਤਨੀ ਇਤਨੀ ਦੇਰ ਕੇ ਬਾਅਦ ਆਉਗੇ ਤੋ ਮੈਂ ਯਹਾਂ ਨਹੀਂ ਰਹਿ ਸਕਤੀ।"

"ਅਰੇ ਹੋ ਗਿਆ ਏਕ ਬਾਰ, ਆਗੇ ਸੇ ਨਹੀਂ ਹੋਗਾ।"

"ਠੀਕ ਹੈ ਪਰ ਆਗੇ ਸੇ ਐਸਾ ਨਹੀਂ ਕਰਨਾ।"

ਰਾਤ ਉੱਥੇ ਗੁਜਾਰ ਕੇ ਫਿਆਜ਼ ਚਲਾ ਗਿਆ ਪਰ ਕਈ ਸਵਾਲ ਪ੍ਰੀਤੀ ਦੇ ਦਿਮਾਗ ਵਿਚ ਛੱਡ ਗਿਆ। ਪ੍ਰੀਤੀ ਦੇ ਬੱਚੇ ਸਕੂਲ ਜਾਂਦੇ ਪਰ ਕਈ ਪ੍ਰਕਾਰ ਦੇ ਵਿਤਕਰੇ ਸਹਿੰਦੇ। ਸਕੂਲ ਦੇ ਉਸਤਾਦ ਵੀ ਉਹਨਾਂ ਨਾਲ ਵਿਤਕਰਾ ਕਰਦੇ ਜਿਵੇਂ ਕਿਸੇ ਦੁਸ਼ਮਨ ਦੇਸ਼ ਦੇ ਬੱਚੇ ਹੋਣ। ਇਕ ਅਧਿਆਪਕ ਦਾ ਕੰਮ ਵਿਦਿਆ ਦੇਣਾ ਹੁੰਦਾ ਹੈ ਬਿਨਾਂ ਕਿਸੇ ਜਾਤ-ਪਾਤ ਜਾਂ ਧਰਮ ਦੇ। ਜਿਵੇਂ ਇਕ ਡਾਕਟਰ ਦਾ ਕੰਮ ਕਿਸੇ ਵੀ ਧਰਮ ਦੇ ਬੀਮਾਰ ਦਾ ਇਲਾਜ ਕਰਨਾ ਹੈ। ਪਰ ਕਸ਼ਮੀਰੀ ਅਧਿਆਪਕ ਦੂਸਰੇ ਧਰਮ ਦੇ ਬੱਚੇ ਦੇ ਨਾਲ ਵਿਤਕਰਾ ਕਰੇ ਇਹ ਸਮਝ ਤੋਂ ਬਾਹਰ ਹੈ। ਬੱਚੇ ਨੂੰ ਪੁਛਣਾ "ਤੇਰਾ ਬਾਪ ਸਿੱਖ ਹੈ ਜਾਂ ਮੁਸਲਮਾਨ?" ਇਹੋ ਜਿਹੀ ਗੱਲ ਇਕ ਉਸਤਾਦ ਨੂੰ ਸ਼ੋਭਾ ਨਹੀਂ ਦਿੰਦੀ।

ਪਰ ਇਹ ਕੀ ਹੋ ਗਿਆ ਸੀ ਕਸ਼ਮੀਰ ਨੂੰ? ਕਿਉਂ ਲੋਕਾਂ ਦੀ ਸੋਚ ਬਦਲ ਗਈ ਸੀ? ਕਿਉਂ ਐਨੇ ਤੰਗ ਦਿਲ ਹੋ ਗਏ ਸਨ? ਇਹ ਇਸਲਾਮ ਦਾ ਕਿਹੜਾ ਰੂਪ ਸੀ? ਸਦੀਆਂ ਤੋਂ ਇਕੱਠੇ ਰਹਿੰਦੇ ਆਏ ਸਨ। ਪੰਜ ਹਜ਼ਾਰ ਪੁਰਾਣੀ ਸੰਸਕ੍ਰਿਤੀ ਤੇ ਸਭਿਆਚਾਰ ਸੀ ਕਸ਼ਮੀਰ ਦਾ। ਇਹ ਰਿਸ਼ੀ ਮੁਨੀਆਂ ਦੀ ਧਰਤੀ ਸੀ। ਗਿਆਨ ਦਾ ਸ੍ਰੋਤ ਸੀ। ਭਾਰਤ ਵਿਚ ਜਿੰਨੇ ਵੀ ਧਾਰਮਿਕ ਗ੍ਰੰਥ ਲਿਖੇ ਗਏ ਹਨ, ਇਥੋਂ ਦੇ ਦਾਰਸ਼ਨਿਕ ਗਿਆਨੀਆਂ ਦੀ ਦੇਣ ਹੈ। ਇਥੋਂ ਹੀ ਧਰਮ ਦਾ ਪ੍ਰਚਾਰ ਸਾਰੇ ਦੇਸ਼ ਵਿਚ ਹੋਇਆ। ਹਿੰਦੂ ਬਹੁਲ ਰਾਜ ਸੀ। ਮੁਸਲਿਮ ਹਮਲਾਵਰਾਂ ਦੇ ਆਣ ਨਾਲ, ਜ਼ੁਲਮ ਸਿਤਮ ਦੇ ਕਾਰਨ ਧਰਮ ਪਰਿਵਰਤਨ ਹੋਏ। ਲੱਖਾਂ ਹਿੰਦੂ ਮੁਸਲਮਾਨ ਬਣ ਗਏ। ਬਹੁਤ ਸੰਖਿਆ ਵਾਲੇ ਹਿੰਦੂ ਅਲਪ ਸੰਖਿਅਕ ਹੋ ਗਏ। ਕਈ ਸੰਤ ਤੇ ਦਰਵੇਸ਼ ਇਸ ਧਰਤੀ ਤੇ ਪੈਦਾ ਹੋਏ ਜਿਨ੍ਹਾਂ ਨੇ ਦੋਨਾਂ ਧਰਮਾਂ ਵਿਚ ਭਾਈਚਾਰੇ ਨੂੰ ਵਧਾਇਆ, ਜਿਨ੍ਹਾਂ ਨੂੰ ਬਿਨਾਂ ਕਿਸੇ ਮਤਭੇਦ ਦੇ ਹਿੰਦੂ ਵੀ ਮੰਨਦੇ ਰਹੇ ਤੇ ਮੁਸਲਮਾਨ ਵੀ। ਉਹਨਾਂ ਹੀ ਰੱਬ ਦੇ ਪਿਆਰਿਆਂ ਕਾਰਨ ਕਸ਼ਮੀਰਿਅਤ ਦੀ ਬੁਨਿਆਦ ਪਈ। ਕਸ਼ਮੀਰਿਅਤ ਸਹਿਨਸ਼ੀਲਤਾ ਦੀ ਤੇ ਪਿਆਰ ਦੀ ਇਕ ਅਦਭੁਤ ਮਿਸਾਲ ਹੈ। ਜਿਸ ਕਾਰਨ ਉਥੋਂ ਦੇ ਵੱਖ-ਵੱਖ ਧਰਮਾਂ ਦੇ ਲੋਗ ਘਿਉ-ਖਿਚੜੀ ਵਾਂਗ ਰਹਿੰਦੇ ਸਨ।

ਪਰ ਹੁਣ ਪਤਾ ਨਹੀਂ ਕਿਹੋ ਜਿਹੀ ਹਵਾ ਚਲ ਪਈ ਸੀ ਕਿ ਉਹ ਸੁਹਾਰਦ ਖ਼ਤਮ ਹੋ ਗਿਆ। ਪਿਆਰ ਖ਼ਤਮ ਹੋ ਗਿਆ, ਭਾਈਚਾਰਾ ਖ਼ਤਮ ਹੋ ਗਿਆ, ਕਸ਼ਮੀਰੀ

ਪੰਡਿਤ ਵਿਸਥਾਪਤ ਹੋ ਗਏ। ਜਿਹੜੇ ਮੰਦਿਰ ਸ਼ਿਵਾਲੇ ਸਨ, ਉਹ ਖੰਡਰਾਂ ਵਿਚ ਬਦਲ ਗਏ। ਵਹਾਬੀ ਸੋਚ ਨੇ ਕਸ਼ਮੀਰਿਅਤ ਖ਼ਤਮ ਕਰ ਦਿੱਤੀ। ਉਹ ਪਿਆਰ ਕਰਨ ਵਾਲੇ ਦਿਲ ਨਫ਼ਰਤ ਨਾਲ ਭਰ ਗਏ। ਵਹਾਬੀ ਸੋਚ ਨੇ ਸਭ ਨੂੰ ਬਦਲ ਦਿੱਤਾ। ਇਹ ਸੋਚ ਨਜ਼ਾਮੇ ਮੁਸਤਫਾ ਵਾਲੀ ਸੀ, ਜਿਸ ਸੋਚ ਦਾ ਮਤਲਬ ਸੀ ਸਿਰਫ਼ ਇਕੋ ਹੀ ਕੌਮ ਰਹਿਣੀ ਚਾਹੀਦੀ ਹੈ ਜਿਹੜੀ ਕੇਵਲ ਤੇ ਕੇਵਲ ਖ਼ੁਦਾ ਦੀ ਹੋਂਦ ਨੂੰ ਮੰਨੇ। ਬਾਕੀ ਸਭ ਕਾਫ਼ਿਰ ਹਨ ਤੇ ਨਜ਼ਾਮੇ ਮੁਸਤਿਫ਼ਾ ਵਿਚ ਉਹਨਾਂ ਲਈ ਕੋਈ ਸਥਾਨ ਨਹੀਂ ਹੈ। ਇਸੇ ਸੋਚ ਤਹਤ ਦੂਸਰੇ ਧਰਮ ਦੀਆਂ ਲੜਕੀਆਂ ਨੂੰ ਵਰਗਲਾਣਾ, ਆਪਣੇ ਵੱਸ ਵਿਚ ਕਰਨਾ ਤੇ ਸ਼ੋਸ਼ਿਤ ਕਰਕੇ ਆਪਣੇ ਧਰਮ ਵਿਚ ਸ਼ਾਮਿਲ ਕਰਨਾ ਤੇ ਹਵਸ ਦਾ ਸ਼ਿਕਾਰ ਬਨਾਣਾ।

ਵੱਡੇ-ਵੱਡੇ ਮੁਸਲਮਾਨ ਅਫ਼ਸਰ ਵੀ ਇਸੇ ਸੋਚ ਨਾਲ ਪ੍ਰਭਾਵਤ ਸਨ। ਵੱਡੇ-ਵੱਡੇ ਅਹੁਦਿਆਂ ਤੇ ਬਿਰਾਜਮਾਨ ਅਫ਼ਸਰ ਨੇਤਾ ਸਭ ਦੀ ਸੋਚ ਭਾਰਤ ਦੇ ਵਿਰੁਧ ਸੀ। ਕਸ਼ਮੀਰੀਆਂ ਦੀ ਬਰਬਾਦੀ ਵਾਸਤੇ ਅਰਬਾਂ ਰੁਪੈ ਸਰਕਾਰ ਭੇਜਦੀ ਪਰ ਲੋਕਾਂ ਦੀ ਭਲਾਈ ਦੇ ਕੰਮ ਨਾ ਆਉਂਦੇ ਭ੍ਰਿਸ਼ਟਾਚਾਰ ਸਾਰੀਆਂ ਹੱਦਾਂ ਪਾਰ ਕਰ ਗਿਆ ਸੀ। ਮਤਲਬ ਇਹ ਸੀ ਕਿ ਭਾਰਤ ਦਾ ਨੁਕਸਾਨ ਕੀਤਾ ਜਾਏ ਜਿਵੇਂ ਵੀ ਹੋ ਸਕਦਾ ਹੈ।

ਐਸੀ ਹੀ ਸੋਚ ਦਾ ਸ਼ਿਕਾਰ ਪ੍ਰੀਤੀ ਤੇ ਉਸ ਦੇ ਬੱਚੇ ਸਨ। ਜਿਸ ਇਲਾਕੇ ਵਿਚ ਉਸ ਨੂੰ ਰੱਖਿਆ ਸੀ, ਉੱਥੇ ਤੇ ਨਜ਼ਾਮੇ ਮੁਸਤਫਾ ਲਾਗੂ ਸੀ। ਉਸ ਦਾ ਜੀਣਾ ਮੁਹਾਲ ਸੀ, ਫਿਆਜ਼ ਵੀ ਹੁਣ ਘੱਟ ਆਉਂਦਾ ਸੀ ਮਹੀਨੇ ਵਿਚ ਇਕ ਅੱਧ-ਵਾਰੀ ਖਰਚਾ ਪਾਣੀ ਦੇਣ ਲਈ ਫਿਰ ਕਈ ਕਈ ਮਹੀਨੇ ਆਂਦਾ ਹੀ ਨਹੀਂ। ਖਰਚੇ ਦੀ ਵੀ ਤੰਗੀ ਆਣ ਲੱਗੀ, ਕਰਾਇਆ ਵੀ ਵਕਤ ਤੇ ਨਹੀਂ ਸੀ ਦੇ ਸਕਦੀ। ਮਾਲਿਕ ਮਕਾਨ ਬਹੁਤ ਬੇਇਜ਼ਤੀ ਕਰਦਾ, ਫੀਸ ਵੇਲੇ ਸਿਰ ਨਾ ਦੇਣ ਕਾਰਨ ਬੱਚਿਆਂ ਨੇ ਵੀ ਸਕੂਲ ਜਾਣਾ ਬੰਦ ਕਰ ਦਿੱਤਾ। ਦੁਨੀਆ ਭਰ ਦੀਆਂ ਮੁਸੀਬਤਾਂ ਉਸ ਦੇ ਸਿਰ ਪੈ ਗਈਆਂ। ਇਕ ਦਿਨ ਉਸ ਨੇ ਧਾਰਿਆ ਕਿ ਫਿਆਜ਼ ਦੇ ਘਰ ਜਾਏਗੀ, ਉਸ ਦੇ ਇਸ ਵਤੀਰੇ ਬਾਰੇ ਪੁੱਛੇਗੀ। ਅਗਰ ਉਸ ਨੇ ਇੰਜ ਕਰਨਾ ਹੈ ਤਾਂ ਉਹ ਕੀ ਕਰੇ? ਕਿੱਥੇ ਜਾਏ? ਬੱਚਿਆਂ ਦਾ ਪਾਲਣ-ਪੋਸ਼ਣ ਕਿਵੇਂ ਕਰੇ? ਦੋਨੋਂ ਬੱਚਿਆਂ ਨੂੰ ਲੈ ਕੇ ਉਸ ਦੇ ਘਰ ਚਲੀ ਗਈ। ਉਹ ਘਰ ਨਹੀਂ ਸੀ। ਫਿਆਜ਼ ਦੀ ਪਤਨੀ ਮਿਲੀ ਤੇ ਪੁੱਛਿਆ "ਕਿਉਂ ਮਿਲਨਾ ਹੈ ਉਸ ਨੂੰ?"

"ਮੈਂ ਉਸ ਕੀ ਬੀਵੀ ਹੂੰ, ਯਹ ਉਸ ਕੇ ਬੱਚੇ ਹੈਂ।" ਪ੍ਰੀਤੀ ਨੇ ਕਿਹਾ।

"ਉਸ ਕੀ ਤੋ ਤੁਮ੍ਹਾਰੇ ਜੈਸੀ ਬਹੁਤ ਬੀਵੀਆਂ ਹੈਂ। ਤੁਮ ਕੌਣ ਸੀ ਹੋ?"

"ਮੈਂ ਸਮਝੀ ਨਹੀਂ।"

"ਦੇਖੋ ਵੋਹ ਏਕ ਅਯਾਸ਼ ਆਦਮੀ ਹੈ ਤੀਨ ਚਾਰ ਸਿੱਖ ਲੜਕੀਉਂ ਕੇ ਸਾਥ ਉਸ ਨੇ ਗ਼ੈਰ-ਕਾਨੂੰਨੀ ਸ਼ਾਦੀ ਕੀ ਹੂਈ ਹੈ। ਸਭ ਕੀ ਜ਼ਿੰਦਗੀ ਉਸ ਨੇ ਬਰਬਾਦ ਕੀ ਹੈ। ਉਨ ਲੜਕੀਉਂ ਕੋ ਉਸ ਨੇ ਨਾ ਘਰ ਕਾ ਰੱਖਾ ਨਾ ਘਾਟ ਕਾ। ਜੈਸੇ ਉਸੇ ਤੁਮ੍ਹਾਰੀ ਕੌਮ ਸੇ ਕੋਈ

ਬਦਲਾ ਲੇਨਾ ਹੈ। ਐਸੀ ਮੁਸਲਿਮ ਲੜਕੀਉਂ ਕੇ ਸਾਥ ਭੀ ਉਸ ਕੇ ਰਿਸ਼ਤੇ ਹੈਂ।"

"ਪਰ ਵੋਹ ਤੋ ਮੇਰੇ ਸੇ ਬੇਹਦ ਪਿਆਰ ਕਰਤਾ ਹੈ। ਮੁਝੇ ਅਪਨੀ ਜਾਨ ਸੇ ਜ਼ਿਆਦਾ ਸਮਝਤਾ ਹੈ। ਮੇਰੇ ਲੀਏ ਵੋਹ ਕਈ ਮਹੀਨੇ ਬੀਮਾਰ ਰਹਾ।"

"ਤੁਮ ਕਿਆ ਪ੍ਰੀਤੀ ਹੋ?"

"ਹਾਂ।"

"ਤੁਮ੍ਹਾਰੇ ਲੀਏ ਹੀ ਵੋਹ ਮਹਾਰਾਸ਼ਟਰ ਜਾਤਾ ਰਹਾ?"

"ਹਾਂ।"

"ਤੁਮ੍ਹਾਰੇ ਦੋ ਬੱਚੇ ਹੈਂ ਏਕ ਲੜਕਾ ਔਰ ਏਕ ਲੜਕੀ।"

"ਹਾਂ।"

"ਅਬ ਵੋ ਤੁਮ੍ਹਾਰੇ ਪਾਸ ਨਹੀਂ ਆਏਗਾ।"

"ਪਰ ਕਿਉਂ?"

"ਉਸ ਪਰ ਕਾਜ਼ੀ ਨੇ ਪਾਬੰਦੀ ਲਗਾ ਦੀ ਹੈ। ਵੋਹ ਕਿਸੀ ਭੀ ਗ਼ੈਰ-ਮਜ਼ਹਬ ਕੀ ਲੜਕੀ ਕੇ ਸਾਥ ਰਿਸ਼ਤਾ ਨਹੀਂ ਰੱਖੇਗਾ।"

"ਪਰ ਮੇਰੇ ਸਾਥ ਤੋ ਉਸ ਨੇ ਨਿਕਾਹ ਕੀਆ ਹੈ।"

"ਉਸ ਸੇ ਨਿਕਾਹ ਕੇ ਬਾਦ ਭੀ ਤੁਮ ਅਪਨੇ ਖਾਵੰਦ ਕੇ ਪਾਸ ਰਹੀ?"

"ਹਾਂ।"

"ਤੁਮਨੇ ਖਾਵੰਦ ਸੇ ਤਲਾਕ ਲੀਆ?"

"ਨਹੀਂ, ਉਸ ਨੇ ਅਪਨੀ ਮਰਜ਼ੀ ਸੇ ਮੁਝੇ ਫਿਆਜ਼ ਕੇ ਸਾਥ ਭੇਜਾ ਹੈ।"

"ਪ੍ਰੀਤੀ ਤੁਮ੍ਹਾਰਾ ਕੁਛ ਨਹੀਂ ਹੋ ਸਕਤਾ।"

"ਤੁਮਨੇ ਅਗਰ ਫਿਆਜ਼ ਸੇ ਨਿਕਾਹ ਕੀਆ ਥਾ ਤੋ ਅਪਣੇ ਖਾਵੰਦ ਕੇ ਪਾਸ ਜਾਨੇ ਸੇ ਪਹਿਲੇ ਫਿਆਜ਼ ਸੇ ਤਲਾਕ ਲੇਤੀ। ਤੁਮ ਖਾਵੰਦ ਕੇ ਸਾਥ ਚਲੀ ਗਈ ਫਿਰ ਫਿਆਜ਼ ਕੋ ਵਹਾਂ ਬੁਲਾਤੀ ਰਹੀ। ਖਾਵੰਦ ਕੇ ਹੋਤੇ ਤੁਮਨੇ ਇਸ ਕੇ ਸਾਥ ਗਲਤ ਰਿਸ਼ਤਾ ਰੱਖਾ। ਫਿਰ ਤੁਮ ਇਸ ਕੇ ਸਾਥ ਆ ਗਈ ਖਾਵੰਦ ਕੋ ਛੋੜ ਕੇ। ਕੈਸੀ ਔਰਤ ਹੋ ਤੁਮ? ਤੁਮ ਕਭੀ ਬੀਵੀ ਬਣੀ ਹੀ ਨਹੀਂ। ਕਭੀ ਏਕ ਮਰਦ ਕੀ ਰਖੇਲ ਬਣਕੇ ਰਹੀ ਹੋ ਤੋ ਕਬੀ ਦੂਸਰੇ ਕੀ? ਤੁਮ ਨੇ ਆਜ ਤਕ ਜੋ ਕੀਆ ਹੈ ਉਸੇ ਚਰਿਤ੍ਰਹੀਨਤਾ ਕਹਿਤੇ ਹੈਂ। ਹਮਾਰੀ ਜੁਬਾਨ ਮੇਂ। ਤੁਮ ਨੇ ਕਿਸੀ ਮਰਦ ਸੇ ਵਫ਼ਾ ਨਹੀਂ ਕੀ। ਸਿਰਫ ਅਪਨੀ ਹਵਸ ਪੂਰੀ ਕਰਤੀ ਰਹੀ ਹੋ। ਅਗਰ ਤੁਮ ਫਿਆਜ਼ ਸੇ ਇਤਨਾ ਪਿਆਰ ਕਰਤੀ ਥੀ ਦੋ ਬਾਰ ਇਸ ਕੇ ਸਾਥ ਭਾਗੀ ਹੋ, ਅਪਨੇ ਖਾਨਦਾਨ ਕੀ ਇਜ਼ੱਤ ਮਿੱਟੀ ਮੇ ਮਿਲਾਈ ਹੈ। ਫਿਰ ਤੁਮਹੇਂ

ਇਸ ਕੋ ਛੋੜਨਾ ਨਹੀਂ ਚਾਹੀਏ ਥਾ। ਮਰ ਜਾਤੀ, ਅਪਨੀ ਜਾਨ ਦੇ ਦੇਤੀ ਪਰ ਅਪਨੇ ਪਿਆਰ ਕੋ ਨਾ ਛੋੜਤੀ। ਤੁਮਨੇ ਅਪਨੀ ਸਹੂਲੀਅਤ ਦੇਖੀ ਔਰ ਜ਼ਿੰਦਗੀ ਬਿਤਾਈ ਹੈ। ਮੈਂ ਭੀ ਏਕ ਔਰਤ ਹੂੰ ਔਰ ਫਿਆਜ਼ ਕੀ ਚਚੇਰੀ ਹੂੰ ਤੁਮ੍ਹਾਰੀ ਕਹਾਨੀ ਸੇ ਵਾਕਿਫ ਹੂੰ। ਮੈਂ ਕਬੀ ਨਹੀਂ ਚਾਹੂੰਗੀ ਕਿ ਮੇਰੇ ਖਾਵੰਦ ਕੋ ਕੋਈ ਔਰ ਔਰਤ ਬਾਂਟੇ। ਮੈਂ ਖੁਦ ਉਸ ਕੀ ਸ਼ਿਕਾਇਤ ਲੈ ਕੇ ਕਾਜ਼ੀ ਕੇ ਪਾਸ ਗਈ ਹੂੰ। ਤੁਮ੍ਹਾਰਾ ਔਰ ਉਸ ਕਾ ਸਾਰਾ ਕਿੱਸਾ ਸੁਣਾਇਆ ਹੈ ਔਰ ਵੋਹ ਜੋ ਕਰ ਰਹਾ ਹੈ ਗੈਰ-ਸ਼ਰਾਈ ਹੈ। ਇਸਲਾਮ ਕੇ ਅਸੂਲੋਂ ਕੇ ਖ਼ਿਲਾਫ਼ ਹੈ। ਐਸੇ ਰਿਸ਼ਤੇ ਏਕ ਮੁਸਲਮਾਨ ਨਹੀਂ ਰੱਖ ਸਕਤਾ। ਯਹੀ ਵਜਹ ਹੈ ਕਿ ਤੁਮਸੇ ਮਿਲਨੇ ਕੀ ਉਸ ਪਰ ਪਾਬੰਦੀ ਲਗਾਈ ਹੈ। ਵੋਹ ਤੁਮਸੇ ਅਬ ਮਿਲਨੇ ਨਹੀਂ ਆਏਗਾ।"

"ਫਿਰ ਮੈਂ ਕਹਾਂ ਜਾਊਂਗੀ?"

"ਯਹ ਤੁਮਹੇਂ ਸੋਚਣਾ ਹੈ। ਅਪਨਾ ਇੰਤਜ਼ਾਮ ਖ਼ੁਦ ਕਰਨਾ ਹੋਗਾ।"

"ਮੈਂ ਕੁਛ ਨਹੀਂ ਕਰ ਸਕਤੀ।"

"ਜੋ ਆਜ ਤਕ ਕਰਤੀ ਆਈ ਹੋ ਵਹੀ ਕਰੋ। ਕਿਸੀ ਔਰ ਕੀ ਰਖੇਲ ਬਣ ਜਾਉ।"

"ਆਪ ਯਹ ਕਿਆ ਕਹਿ ਰਹੀ ਹੈਂ।"

"ਠੀਕ ਹੀ ਕਹਿ ਰਹੀ ਹੂੰ। ਪਹਿਲੇ ਤੁਮਨੇ ਫਿਆਜ਼ ਕੀ ਜ਼ਿੰਦਗੀ ਮੇਂ ਤੂਫਾਨ ਲਾਇਆ, ਫਿਰ ਅਪਨੇ ਖਾਵੰਦ ਕੀ ਜ਼ਿੰਦਗੀ ਬਰਬਾਦ ਕਰਕੇ ਆ ਗਈ ਹੋ? ਸਜਾ ਤੋ ਤੁਮਹੇ ਮਿਲੇਗੀ ਹੀ। ਤੁਮ ਬਚ ਨਹੀਂ ਸਕਤੀ। ਅਪਨੀ ਜ਼ਿੰਦਗੀ ਤੋ ਤੁਮਨੇ ਬਰਬਾਦ ਕੀ ਹੈ ਅਬ ਇਨ ਬੱਚੋਂ ਕੀ ਜ਼ਿੰਦਗੀ ਬਰਬਾਦ ਕਰੋਗੀ। ਬੇਹਤਰ ਯਹੀ ਹੈ ਕਿ ਅਪਨੇ ਖਾਵੰਦ ਕੇ ਪਾਸ ਵਾਪਸ ਚਲੀ ਜਾਉ।"

"ਮੈਂ ਵਾਪਸ ਨਹੀਂ ਜਾ ਸਕਤੀ। ਵੋਹ ਮੇਰੇ ਬੱਚੋਂ ਕੋ ਨਹੀਂ ਅਪਨਾਏਗਾ। ਵੋਹ ਜਾਨਤਾ ਹੈ ਕਿ ਫਿਆਜ਼ ਕੇ ਬੱਚੇ ਹੈਂ।" ਪ੍ਰੀਤੀ ਦੀਆਂ ਅੱਖਾਂ ਵਿਚ ਦੁੱਖ ਦੇ ਤੇ ਬੇਬਸੀ ਦੇ ਹੰਝੂ ਸਨ।

ਉਹ ਕੀ ਕਰੇ? ਕਿੱਥੇ ਜਾਵੇ? ਕਿਸ ਨੂੰ ਫਰਿਆਦ ਕਰੇ? ਉਸ ਦਾ ਜੀਵਨ ਐਸੇ ਮੋੜ ਤੇ ਪਹੁੰਚ ਗਿਆ ਸੀ ਜਿੱਥੇ ਕੋਈ ਰਸਤਾ ਨਹੀਂ ਸੀ ਅੱਗੇ ਜਾਣ ਦਾ। ਅੱਗੇ ਖੂਹ ਤੇ ਪਿੱਛੇ ਖਾਈ ਸੀ।

"ਮੁਝੇ ਅਪਨੀ ਜ਼ਿੰਦਗੀ ਕੀ ਫਿਕਰ ਨਹੀਂ, ਮੈਂ ਭੀਖ ਮਾਂਗ ਲੂੰਗੀ, ਜ਼ਿਆਦਾ ਮੁਸੀਬਤ ਹੂਈ ਤੋ ਮਰ ਜਾਊਂਗੀ। ਪਰ ਇਨ ਬੱਚੋਂ ਕਾ ਕਿਆ ਕਰੂੰ?"

"ਇਨਹੇ ਭੀ ਕਿਸੀ ਕੇ ਘਰ ਮੇਂ ਨੌਕਰ ਲਗਾ ਦੋ।"

"ਯਹ ਫਿਆਜ਼ ਕੇ ਬੱਚੇ ਹੈਂ ਮੇਰੀ ਬਹਿਨ।"

"ਯਹ ਤੁਮ੍ਹਾਰੀ ਗਲਤੀ ਹੈ। ਔਰ ਉਸ ਕੀ ਹਵਸ ਕੀ ਪੈਦਾਇਸ਼ ਹੈਂ ਵੋਹ ਇਨ ਕੋ ਕਬੂਲ ਨਹੀਂ ਕਰ ਸਕਤਾ ਕਿਸੀ ਸੂਰਤ ਮੇਂ ਨਹੀਂ।"

ਫਿਆਜ਼ ਦੀ ਬੀਵੀ ਨੂੰ ਕੋਈ ਤਰਸ ਨਹੀਂ ਸੀ। ਉਸ ਨੂੰ ਪ੍ਰੀਤੀ ਤੋਂ ਨਫ਼ਰਤ ਸੀ ਜਿਹੜੀ ਔਰਤ ਦੇ ਨਾਂ ਤੇ ਦਾਗ ਸੀ। ਉਸ ਨੇ ਅੱਗੋਂ ਕਿਹਾ। "ਆਜ ਕੇ ਬਾਦ ਕਬੀ ਯਹਾਂ ਨਹੀਂ ਆਨਾ ਨਾ ਹੀ ਫਿਆਜ਼ ਕੀ ਜ਼ਿੰਦਗੀ ਮੇਂ ਫਿਰ ਸੇ ਆਨੇ ਕੀ ਕੋਸ਼ਿਸ਼ ਕਰਨਾ।" ਉਹ ਅੰਦਰ ਗਈ ਤੇ ਪਰਸ ਲੈ ਕੇ ਆਈ, ਪਰਸ ਵਿਚੋਂ ਪੰਜ ਹਜ਼ਾਰ ਕੱਢ ਕੇ ਪ੍ਰੀਤੀ ਨੂੰ ਫੜਾਏ।"

"ਯਹ ਥੋੜਾ ਬਹੁਤ ਖਰਚਾ ਰੱਖ ਲਓ। ਔਰ ਅਪਨਾ ਇੰਤਜ਼ਾਮ ਖੁਦ ਕਰੋ। ਦੁਬਾਰਾ ਕਬੀ ਯਹਾਂ ਆਈ ਤੋ ਮੇਰੇ ਸੇ ਬੁਰਾ ਕੋਈ ਨਹੀਂ ਹੋਗਾ।" ਪ੍ਰੀਤੀ ਦੇ ਹੱਥ ਵਿਚ ਪੈਸੇ ਦੇ ਕੇ ਉਸ ਨੂੰ ਬਾਹਰ ਜਾਣ ਦਾ ਰਸਤਾ ਵਿਖਾਇਆ।"

ਪ੍ਰੀਤੀ ਨਾ ਉਮੀਦ ਹੋ ਕੇ ਬੱਚਿਆਂ ਨੂੰ ਲੈ ਕੇ ਪਰਤ ਆਈ। ਸਾਰੀ ਆਣ ਵਾਲੀ ਜ਼ਿੰਦਗੀ ਉਸ ਨੂੰ ਹਨੇਰੀ ਗਲੀ ਜਾਪੀ। ਹੁਣ ਕਰੇ ਤੇ ਕੀ ਕਰੇ? ਕਿਸੇ ਯਤੀਮਖਾਨੇ ਵਿਚ ਬੱਚਿਆਂ ਨੂੰ ਲੈ ਕੇ ਜਾਏ ਤਾਂ ਵਾਲਦਿਅਤ ਕੀ ਲਿਖਾਏ? ਜਦੋਂ ਬਲਬੀਰ ਨੇ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਾਇਆ ਸੀ ਤੇ ਬੱਚਿਆਂ ਦੇ ਪਿਤਾ ਦਾ ਨਾਂ ਬਲਬੀਰ ਸਿੰਘ ਲਿਖਵਾਇਆ ਸੀ। ਬੱਚਿਆਂ ਦੇ ਸਰਟੀਫਿਕੇਟ ਤੇ ਇਹੋ ਨਾਂ ਸੀ। ਪਰ ਸ਼੍ਰੀਨਗਰ ਦੇ ਸਕੂਲ ਵਿਚ ਉਹ ਸਰਟੀਫਿਕੇਟ ਨਹੀਂ ਵਿਖਾਏ ਸਨ ਤੇ ਵਾਕਫਿਅਤ ਨਾਲ ਦਾਖਲ ਕਰਾਇਆ ਸੀ। ਫਿਆਜ਼ ਨੇ ਤੇ ਆਪਣੀ ਵਲਦਿਅਤ ਲਿਖਾਈ ਸੀ। ਸ਼ਕਲ ਸੂਰਤ ਤੋਂ ਬੱਚੇ ਕਸ਼ਮੀਰੀ ਲਗਦੇ ਹੀ ਨਹੀਂ ਸਨ ਤੇ ਨਾ ਹੀ ਪ੍ਰੀਤੀ ਮੁਸਲਿਮ ਲਗਦੀ ਸੀ। ਨਾ ਬੋਲੀ ਆਂਦੀ ਸੀ, ਨਾ ਵੈਸਾ ਰਹਿਣ-ਸਹਿਣ ਸੀ। ਉਸ ਦੀ ਵੱਖਰੀ ਪਹਿਚਾਣ ਸੀ। ਕਸ਼ਮੀਰ ਦੇ ਸਿੱਖ ਸਮਾਜ ਨੂੰ ਉਸ ਦੇ ਵਾਪਸ ਆਣ ਦਾ ਪਤਾ ਚਲ ਗਿਆ ਸੀ ਕਿ ਉਸੇ ਮੁਸਲਿਮ ਬੰਦੇ ਨਾਲ ਘਰਵਾਲੇ ਨੂੰ ਛੱਡ ਕੇ ਦੋ ਬੱਚਿਆਂ ਨਾਲ ਵਾਪਸ ਆ ਗਈ ਹੈ। ਸਮਾਜ ਵਿਚ ਉਸ ਵਾਸਤੇ ਅਥਾਹ ਘ੍ਰਿਣਾ ਸੀ। ਉਹ ਨਾ ਕਿਸੇ ਰਿਸ਼ਤੇਦਾਰ ਨੂੰ ਮਿਲ ਸਕਦੀ ਸੀ, ਨਾ ਕਿਸੇ ਗੁਰਦੁਵਾਰੇ ਜਾ ਸਕਦੀ ਸੀ ਨਾ ਕਿਸੇ ਆਸ਼ਰਮ। ਉਸ ਨੇ ਆਪਣੇ ਸਮਾਜ ਦੇ ਸਾਰੇ ਦਰਵਾਜੇ ਬੰਦ ਕਰਵਾ ਲਏ ਸਨ। ਜਿਥੇ ਰਹਿੰਦੀ ਸੀ ਉੱਥੇ ਵੀ ਬੁਰਾ ਹਾਲ ਸੀ। ਫਿਆਜ਼ ਦੀ ਬੀਵੀ ਕੋਲੋਂ ਲਏ ਪੰਜ ਹਜ਼ਾਰ ਕਿੰਨੇ ਦਿਨ ਚਲਣੇ ਸਨ, ਮਹੀਨੇ ਬਾਦ ਫਿਰ ਤੰਗੀ ਆ ਗਈ। ਉਸ ਨੇ ਆਪਣੀ ਗਵਾਂਢਣ ਅੱਗੇ ਇਲਤਜਾ ਕੀਤੀ ਕਿ ਕਿਤੇ ਕਿਸੇ ਘਰ ਵਿਚ ਉਸ ਨੂੰ ਕੋਈ ਕੰਮ ਦਿਵਾਏ, ਕੋਈ ਵੀ ਕੰਮ ਕਰਨ ਲਈ ਤਿਆਰ ਹੈ। ਪਰ ਪੜੋਸਨ ਨੇ ਕਿਹਾ, "ਤੈਨੂੰ ਕੋਈ ਕੰਮ ਨਹੀਂ ਦਏਗਾ, ਕੋਈ ਤੈਨੂੰ ਰਸੋਈ ਵਿਚ ਵੜਨ ਨਹੀਂ ਦੇਗਾ, ਤੇਰੇ ਕੋਲੋਂ ਕੋਈ ਬਰਤਨ ਸਾਫ਼ ਨਹੀਂ ਕਰਵਾਏਗਾ ਕਿਉਂਕਿ ਤੂੰ ਗ਼ੈਰ-ਮੁਸਲਿਮ ਹੈਂ। ਤੇਰੇ

ਹੱਥ ਲੱਗੀ ਕਿਸੇ ਚੀਜ਼ ਨੂੰ ਕੋਈ ਨਹੀਂ ਖਾਏਗਾ। ਫਿਰ ਵੀ ਮੈਂ ਕੋਸ਼ਿਸ਼ ਕਰਾਂਗੀ ਕਿ ਤੈਨੂੰ ਕੋਈ ਕੰਮ ਮਿਲ ਜਾਏ।

"ਕੈਸੇ ਬੱਚੋਂ ਕੋ ਪਾਲੋਗੀ? ਮੈਂ ਜਾਨਤੀ ਥੀ ਤੁਮ੍ਹਾਰਾ ਯਹੀ ਹਸ਼ਰ ਹੋਨੇ ਵਾਲਾ ਹੈ ਯਹ ਮਰਦ ਮਤਲਬੀ ਹੋਤੇ ਹੈਂ। ਤੁਮ੍ਹਾਰੀ ਭੀ ਬਹੁਤ ਬੜੀ ਗਲਤੀ ਹੈ ਕੇ ਤੁਮਨੇ ਐਸੇ ਮਰਦ ਕੇ ਲੀਏ ਅਪਨਾ ਘਰ-ਬਾਰ ਛੋੜ ਦੀਆ।" ਪ੍ਰੀਤੀ ਨੂੰ ਉਸ ਦੇ ਕੀਤੇ ਲਈ ਹਰ ਕੋਈ ਦੁਤਕਾਰਦਾ ਤੇ ਫਟਕਾਰਦਾ।

ਪ੍ਰੀਤੀ ਨੂੰ ਕੋਈ ਕੰਮ ਨਹੀਂ ਮਿਲਿਆ। ਕਰਾਇਆ ਫਿਰ ਤਿੰਨ ਮਹੀਨੇ ਦਾ ਹੋ ਗਿਆ। ਭਾਵੇਂ ਕਿਰਾਇਆ ਤਿੰਨ ਸੌ ਰੁਪੈ ਮਹੀਨਾ ਸੀ ਪਰ ਕਿਵੇਂ ਦੇਵੇ? ਕਿਥੋਂ ਦੇਵੇ? ਖਾਣੇ ਦੇ ਲਾਲੇ ਪਏ ਹੋਏ ਸਨ। ਫਿਆਜ਼ ਨੇ ਆਣਾ ਬਿਲਕੁਲ ਬੰਦ ਕਰ ਦਿੱਤਾ ਸੀ ਤੇ ਇਕ ਦਿਨ ਮਾਲਕ ਮਕਾਨ ਆ ਹੀ ਗਿਆ। ਸ਼ਾਮ ਦਾ ਵੇਲਾ ਸੀ। ਬੋਲਿਆ "ਤੀਨ ਮਹੀਨੇ ਸੇ ਤੁਮਨੇ ਕਿਰਾਇਆ ਨਹੀਂ ਦੀਆ, ਯਹ ਠੀਕ ਨਹੀਂ ਹੈ। ਕਬ ਤਕ ਐਸੇ ਇੰਤਜ਼ਾਰ ਕਰੂੰਗਾ?"

"ਜਲਦੀ ਦੇ ਦੂੰਗੀ, ਕੋਸ਼ਿਸ਼ ਕਰ ਰਹੀ ਹੂੰ। ਮੁਝੇ ਥੋੜਾ ਔਰ ਵਕਤ ਦੇਂ।" ਪ੍ਰੀਤੀ ਨੇ ਹੱਥ ਜੋੜੇ।

"ਔਰ ਕਿਤਨਾ ਵਕਤ ਦੇ ਸਕਤਾ ਹੂੰ? ਜਿਸ ਆਦਮੀ ਨੇ ਤੁਮਹੇਂ ਯਹ ਮਕਾਨ ਦਿਲਾਇਆ ਥਾ ਵੋਹ ਤੋ ਅਬ ਨਾਦਾਰਦ ਹੈ। ਮੁਝੇ ਲਗਤਾ ਹੈ ਉਸ ਕਾ ਦਿਲ ਭਰ ਗਿਆ ਹੈ ਔਰ ਉਸ ਨੇ ਤੁਮਹੇਂ ਛੋੜ ਦੀਆ ਹੈ। ਅਬ ਉਸ ਕੀ ਇੰਤਜ਼ਾਰ ਕਰਨੇ ਕਾ ਕੋਈ ਫਾਇਦਾ ਨਹੀਂ। ਵੋਹ ਵਾਪਸ ਨਹੀਂ ਆਏਗਾ।" ਬੇਹਤਰ ਹੈ ਕੋਈ ਔਰ ਰਾਸਤਾ ਢੂੰਢੋ। ਹਮੇਂ ਖਿਦਮਤ ਕਾ ਮੌਕਾ ਦੋ।"

"ਕਿਆ ਮਤਲਬ?"

"ਮਤਲਬ ਆਪ ਅੱਛੀ ਤਰ੍ਹਾਂ ਸੇ ਜਾਨਤੀ ਹੈਂ। ਮੈਂ ਛੜਾਬਲ ਰਹਿਤਾ ਹੂੰ। ਯਹ ਘਰ ਮੇਰੇ ਵਾਲਿਦ ਕਾ ਹੈ। ਵੋਹੀ ਯਹਾਂ ਰਹਿਤੇ ਥੇ। ਅਬ ਮੈਨੇ ਅਪਨਾ ਘਰ ਬਣਾ ਲੀਆ ਹੈ। ਤੁਮ ਜਬ ਤਕ ਯਹਾਂ ਰਹਿਣਾ ਚਾਹੋ ਰਹਿ ਸਕਤੀ ਹੋ। ਖਰਚਾ ਭੀ ਦੇ ਦੂੰਗਾ। ਤੁਮ੍ਹਾਰੇ ਬੱਚੇ ਭੂਖੇ ਨਹੀਂ ਰਹੇਂਗੇ। ਮੈਂ ਤੁਮ੍ਹਾਰੇ ਸਾਥ ਕੋਈ ਜ਼ਬਰਦਸਤੀ ਨਹੀਂ ਕਰਨਾ ਚਾਹਤਾ, ਮਰਜੀ ਤੁਮ੍ਹਾਰੀ ਹੈ। ਸੋਚ ਲੋ ਮੈਂ ਫਿਰ ਕਿਸੀ ਦਿਨ ਆਊਂਗਾ।

ਉਹ ਬੰਦਾ ਚਲਾ ਗਿਆ ਤੇ ਪ੍ਰੀਤੀ ਸੋਚਦੀ ਰਹੀ। ਉਸ ਕੋਲ ਕੋਈ ਚਾਰਾ ਨਹੀਂ ਸੀ ਰਿਹਾ। ਪਰ ਉਹ ਕਿਵੇਂ ਕਿਸੇ ਹੋਰ ਮਰਦ ਕੋਲ ਜਾਵੇ? ਫਿਰ ਉਸ ਦੇ ਮਨ ਨੇ ਕਿਹਾ, "ਕੀ ਫਰਕ ਪੈਂਦਾ ਹੈ?" ਬਬਲੂ ਕੋਲ ਜਾ ਨਹੀਂ ਸਕਦੀ। ਫਿਆਜ਼ ਨੇ ਤਿਆਗ ਦਿੱਤਾ ਹੈ। ਪੋਚੇ ਬਰਤਨ ਦਾ ਕੋਈ ਕੰਮ ਕਰਵਾਏਗਾ ਨਹੀਂ। ਮਜ਼ਦੂਰੀ ਕਰਨ ਦਾ ਮਾਹੌਲ ਨਹੀਂ। ਫਿਰ ਹੋਰ ਕੀ ਕਰ ਸਕਦੀ ਹੈ? ਕਿਵੇਂ ਗੁਜ਼ਾਰਾ ਚਲੇਗਾ? ਬੱਚੇ ਪੜ੍ਹਨੋ ਰਹਿ ਗਏ। ਬੱਚੇ

ਵੱਡੇ ਹੋ ਰਹੇ ਹਨ। ਅਗਰ ਇਹਨਾਂ ਨੂੰ ਮੇਰੇ ਨੀਚਪਨ ਦਾ ਪਤਾ ਚਲੇਗਾ ਤਾਂ ਫਿਰ ਕੀ ਹੋਏਗਾ। ਮੈਂ ਤੇ ਇਸ ਤਰ੍ਹਾਂ ਵੈਸ਼ਿਆ ਹੀ ਬਣ ਗਈ। ਜਿਸਮ ਵੇਚ ਕੇ ਗੁਜਾਰਾ ਚਲਾਵਾਂਗੀ। ਅੱਜ ਇਹ ਬੰਦਾ ਹੈ ਕਲ ਕੋਈ ਹੋਰ ਆ ਜਾਏਗਾ। ਪ੍ਰੀਤੀ ਤੇਰੀ ਜ਼ਿੰਦਗੀ ਬਰਬਾਦ ਹੋ ਗਈ। ਇਸ ਦੀ ਦੋਸ਼ੀ ਤੂੰ ਆਪ ਹੈਂ? ਤੇਰੀ ਹੀ ਮੱਤ ਮਾਰੀ ਗਈ। ਇਸ ਤੋਂ ਚੰਗਾ ਹੈ ਜਾ ਕੇ ਜੇਹਲਮ ਦਰਿਆ ਵਿਚ ਡੁੱਬ ਜਾ, ਮਰ ਜਾ।" ਆਪਣੇ ਆਪ ਨੂੰ ਕਹਿੰਦੀ ਰਹੀ ਤੇ ਖਿਝਦੀ ਰਹੀ। ਸਾਰੀ ਰਾਤ ਜਾਗਦਿਆਂ ਹੀ ਨਿਕਲ ਗਈ।

ਤਿੰਨ ਚਾਰ ਦਿਨਾਂ ਬਾਅਦ ਮਾਲਿਕ ਮਕਾਨ ਫਿਰ ਆਇਆ, ਉਸ ਨੂੰ ਪ੍ਰੀਤੀ ਨੇ ਆਪਣੇ ਕਮਰੇ ਵਿਚ ਬੈਠਾਇਆ। ਬੱਚਿਆਂ ਦੇ ਖਾਣ ਵਾਸਤੇ ਉਹ ਕੁਝ ਲੈ ਕੇ ਆਇਆ ਸੀ। ਬੱਚੇ ਖੁਸ਼ ਸਨ ਕਿੰਨੇ ਦਿਨਾਂ ਬਾਅਦ ਕੁਝ ਖਾਣ ਨੂੰ ਮਿਲਿਆ ਸੀ ਚੱਟ-ਪਟਾ ਤੇ ਪ੍ਰੀਤੀ ਨੇ ਹੱਥ ਜੋੜ ਕੇ ਉਸ ਨੂੰ ਕਿਹਾ, "ਯਹ ਰਿਸ਼ਤਾ ਮੇਰੇ ਔਰ ਆਪ ਕੇ ਬੀਚ ਰਹੇਗਾ। ਕਿਸੀ ਕੋ ਪਤਾ ਨਹੀਂ ਲਗਨਾ ਚਾਹੀਏ ਨਹੀਂ ਤੋ ਮੈਂ ਬਦਨਾਮ ਹੋ ਜਾਊਂਗੀ, ਮੇਰੇ ਬੱਚੇ ਜਲੀਲ ਹੋ ਜਾਏਂਗੇ। ਮੁਝੇ ਸਹਾਰੇ ਕੀ ਜ਼ਰੂਰਤ ਹੈ ਕਲ ਮੁਝੇ ਬੇ-ਸਹਾਰਾ ਨਹੀਂ ਕਰ ਦੇਨਾ। ਮੈਂ ਐਸੀ ਔਰਤ ਨਹੀਂ ਹੂੰ। ਮੈਂ ਸੋਲਾਂ ਸਾਲ ਕੀ ਥੀ ਤਬ ਸੇ ਫਿਆਜ਼ ਸੇ ਪਿਆਰ ਕੀਆ ਹੈ। ਯਹ ਅਬ ਐਸੇ ਬੇ-ਸਹਾਰਾ ਕਰ ਕੇ ਛੋੜ ਜਾਏਗਾ ਇਸ ਕੀ ਮੁਝੇ ਉਮੀਦ ਨਹੀਂ ਥੀ।

"ਹਰ ਆਦਮੀ ਕੀ ਮਜ਼ਬੂਰੀ ਹੋਤੀ ਹੈ। ਖਾਨਦਾਨ ਕੀ ਇਜ਼ਤ ਕਾ ਸਵਾਲ ਹੋਤਾ ਹੈ। ਜਬ ਤਕ ਪਰਦੇ ਮੇਂ ਕਾਮ ਹੋਤਾ ਹੈ ਤਬ ਤਕ ਤੋ ਸਭ ਚਲਤਾ ਹੈ ਪਰ ਜਬ ਸਬ ਤਰਫ ਮਸ਼ਹੂਰੀ ਹੋ ਜਾਏ ਤੋ ਮਰਦ ਕੋ ਅਪਨੇ ਪਾਂਵ ਖੀਚਨੇ ਪੜ ਜਾਤੇ ਹੈਂ। ਫਿਆਜ਼ ਔਰ ਤੁਮ੍ਹਾਰਾ ਰਿਸ਼ਤਾ ਬਹੁਤ ਬਦਨਾਮ ਹੈ। ਸਾਰਾ ਸ਼ਹਿਰ ਜਾਨਤਾ ਹੈ। ਔਰ ਵੋਹ ਅੱਛੇ ਖਾਨਦਾਨ ਸੇ ਹੈ 'ਸਈਦ' ਹੈ। ਸਈਦ ਹਮ ਲੋਗੋਂ ਮੇਂ ਸਬ ਸੇ ਊਂਚੀ ਔਰ ਪਾਕ ਜਾਤ ਹੈ। ਚਲੋ ਜੋ ਹੋਨਾ ਥਾ ਹੋ ਗਿਆ। ਤਕਦੀਰ ਮੇਂ ਜੋ ਲਿਖਾ ਹੋਤਾ ਹੈ ਵਹੀ ਮਿਲਤਾ ਹੈ।" ਉਸ ਨੇ ਹਫੀਜ਼ ਨੂੰ ਮਾਲਿਕ ਮਕਾਨ ਸਮਝਿਆ ਤੇ ਫਿਰ ਜਿਸ ਕੰਮ ਲਈ ਆਇਆ ਸੀ ਕਰਕੇ ਚਲਾ ਗਿਆ।

ਪ੍ਰੀਤੀ ਅੱਜ ਇਕ ਹੋਰ ਪੌੜੀ ਚੜ੍ਹ ਗਈ ਨੀਚਤਾ ਦੀ। ਉਸ ਨੂੰ ਕੋਈ ਅਫਸੋਸ ਨਹੀਂ ਸੀ। ਉਹ ਸਮਝ ਗਈ ਸੀ ਹੁਣ ਇੰਜ ਹੀ ਜੀਵਨ ਗੁਜ਼ਾਰਨਾ ਹੈ। ਔਰਤ ਹੋਵੇ ਜਾਂ ਮਰਦ, ਜਵਾਨੀ ਵਿਚ ਹੀ ਉਸ ਦੀ ਜ਼ਿੰਦਗੀ ਦੀ ਨੀਂਵ ਰੱਖੀ ਜਾਂਦੀ ਹੈ। ਭਵਿੱਖ ਦੀ ਸੇਧ ਉਸ ਨੂੰ ਉਸੇ ਉਮਰ ਵਿਚ ਮਿਲਦੀ ਹੈ। ਉਸ ਉਮਰ ਵਿਚ ਜਿਹੜੇ ਫੈਸਲੇ ਹੁੰਦੇ ਹਨ ਉਨ੍ਹਾਂ ਤੇ ਹੀ ਭਵਿੱਖ ਨਿਰਭਰ ਹੁੰਦਾ ਹੈ। ਕਈ ਫੈਸਲੇ ਬਿਨਾਂ ਸੋਚੇ ਸਮਝੇ ਹੋ ਜਾਂਦੇ ਹਨ। ਪਿਆਰ ਤੇ ਇਸ਼ਕ ਵਿਚ ਕੀਤੇ ਹੋਏ ਫੈਸਲੇ ਕਿਤੇ ਕਿਸਮਤ ਨਾਲ ਹੀ ਠੀਕ ਹੋ ਜਾਣ ਤਾਂ ਠੀਕ ਹੈ। ਪਰ ਜਿਆਦਾਤਰ ਫੈਸਲੇ ਜੀਵਨ ਬਰਬਾਦ ਕਰ ਦੇਂਦੇ ਹਨ। ਪਿਆਰ ਕਰਨ

ਵਾਲਿਆਂ ਦਾ ਦਿਲ ਹੀ ਕੰਮ ਕਰਦਾ ਹੈ, ਦਿਮਾਗ ਨਹੀਂ। ਕੁਝ ਚੰਗਾ ਨਹੀਂ ਸੋਚ ਸਕਦੇ। ਭਾਵੁਕਤਾ ਤੇ ਨਿਰਭਰ ਹੁੰਦੇ ਨੇ ਇਹ ਫੈਸਲੇ। ਐਸਾ ਹੀ ਕੁਝ ਪ੍ਰੀਤੀ ਨੇ ਕੀਤਾ ਸੀ। ਭਾਵੇਂ ਮੰਨਿਆਂ ਕਿ ਪਿਆਰ ਜਾਤ-ਪਾਤ ਨਹੀਂ ਵੇਖਦਾ ਪਰ ਆਪਣੀ ਮਾਨ ਮਰਿਆਦਾ ਦਾ ਤੇ ਸੋਚਣਾ ਚਾਹੀਦਾ ਹੈ। ਇਸ਼ਕ-ਵਿਸ਼ਕ ਵਕਤ ਗੁਜ਼ਾਰਨ ਵਾਸਤੇ ਤੇ ਠੀਕ ਹੈ ਪਰ ਜੀਵਨ ਗੁਜ਼ਾਰਨ ਵਾਸਤੇ ਠੀਕ ਨਹੀਂ। ਪ੍ਰੀਤੀ ਨੂੰ ਇਹ ਗੱਲ ਹੁਣ ਸਮਝ ਆ ਗਈ ਸੀ। ਆਪਣੀ ਜ਼ਿੰਦਗੀ ਬਰਬਾਦ ਹੋਣ ਦਾ ਹੁਣ ਅਹਿਸਾਸ ਹੋ ਗਿਆ ਸੀ। ਪਰ ਸਭ ਕੁਛ ਲੁਟਾ ਕੇ ਹੋਸ਼ ਮੇਂ ਆਏ ਤੋ ਕਿਆ ਕੀਆ?"

ਪ੍ਰੀਤੀ ਦੀ ਜ਼ਿੰਦਗੀ ਵਿਚ ਇਸ ਪੌੜੀ ਤੇ ਚੜ੍ਹਣ ਉਤਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਹਫੀਜ਼ ਹਫਤੇ ਦਸ ਦਿਨ ਬਾਅਦ ਲੁਕ-ਲੁਕਾ ਕੇ ਹੀ ਆਂਦਾ ਪਰ ਵੇਖਣ ਵਾਲੀਆਂ ਨਜ਼ਰਾਂ ਵੀ ਕਿਆਮਤ ਦੀ ਨਜ਼ਰ ਰੱਖਦੀਆਂ ਹਨ। ਹੌਲੀ-ਹੌਲੀ ਇਹ ਚਰਚਾ ਕੁਝ ਹੋਰ ਲੋਕਾਂ ਨੇ ਵੀ ਸੁਣੀ। ਮੁਹੱਲੇ ਵਿਚ ਲਗਭਗ ਪਤਾ ਚਲ ਗਿਆ। ਪ੍ਰੀਤੀ ਵਾਲੇ ਮਕਾਨ ਦੇ ਹੇਠਲੇ ਹਿੱਸੇ ਵਿਚ ਦੁਕਾਨਾਂ ਸਨ ਜਿਹੜੀਆਂ ਬੰਦ ਹੀ ਰਹਿੰਦਆਂ ਸਨ ਤੇ ਉੱਪਰ ਦੋ ਕਮਰੇ ਸਨ। ਜਿਨ੍ਹਾਂ ਵਿਚ ਪ੍ਰੀਤੀ ਰਹਿੰਦੀ ਸੀ। ਕਈ ਵਾਰੀ ਮਨਚਲੇ ਮੁੰਡੇ ਉਥੋਂ ਲੰਘਦਿਆਂ ਫਬਕੀਆਂ ਕੱਸਦੇ, ਕਦੀ ਸੀਟੀਆਂ ਮਾਰਦੇ ਤੇ ਕੋਈ ਅਸ਼ਲੀਲ ਗੱਲ ਕਰਦੇ। ਪ੍ਰੀਤੀ ਨੇ ਕਦੀ ਕੋਈ ਪ੍ਰਤਿਕ੍ਰਿਆ ਨਹੀਂ ਕੀਤੀ। ਆਪਣੇ ਖਿੜਕੀ ਦਰਵਾਜੇ ਬੰਦ ਹੀ ਰਖਦੀ। ਬੱਚਿਆਂ ਨੂੰ ਵੀ ਅੰਦਰ ਬੰਦ ਰੱਖਦੀ ਲੜਕੀ ਤੇਰਾਂ ਸਾਲ ਦੀ ਹੋ ਗਈ ਸੀ ਤੇ ਲੜਕਾ ਵੀ ਬਾਰਾਂ ਸਾਲ ਦਾ ਸੀ। ਉਹ ਵੀ ਮਾਂ ਦੇ ਨਾਲ ਉਸ ਸਵੈ ਬਣਾਈ ਜੇਲ੍ਹ ਦੀ ਕਾਲ-ਕੋਠੜੀ ਵਿਚ ਬੰਦ ਰਹਿੰਦੇ, ਨਾ ਕੋਈ ਪੜ੍ਹਾਈ ਨਾ ਕੋਈ ਟੀ.ਵੀ. ਨਾ ਕੋਈ ਖੇਡ ਤੇ ਨਾ ਹੀ ਕੋਈ ਵਕਤ ਗੁਜ਼ਾਰਨ ਦਾ ਸਾਧਨ। ਅੰਦਰ ਹੀ ਬਿਸਤਰੇ ਤੇ ਪਏ ਰਹਿੰਦੇ ਕਦੀ ਸੌਂ ਜਾਂਦੇ ਕਦੀ ਰੋਣ ਲਗਦੇ ਤੇ ਆਪਣੀ ਕਿਸਮਤ ਨੂੰ ਕੋਸਦੇ ਰਹਿੰਦੇ। ਬੱਚਿਆਂ ਨੂੰ ਹੁਣ ਲੱਗਣ ਲਗ ਪਿਆ ਸੀ ਕਿ ਹਨੇਰੇ ਹੀ ਉਹਨਾਂ ਦੀ ਜ਼ਿੰਦਗੀ ਬਣ ਕੇ ਰਹਿ ਗਏ ਹਨ ਤੇ ਹਨੇਰਿਆਂ ਨਾਲ ਹੀ ਉਹਨਾਂ ਨੂੰ ਪਿਆਰ ਹੋ ਗਿਆ ਸੀ। ਇਹਨਾਂ ਬੱਚਿਆਂ ਨੇ ਕੀ ਪਾਪ ਕੀਤਾ ਸੀ? ਕੀ ਗੁਨਾਹ ਸੀ ਇਹਨਾਂ ਬੱਚਿਆਂ ਦਾ? ਇਹ ਗੱਲ ਪ੍ਰੀਤੀ ਕੋਲੋਂ ਸਹੀ ਨਹੀਂ ਸੀ ਜਾਂਦੀ ਪਰ ਉਹ ਕੀ ਕਰ ਸਕਦੀ ਸੀ। ਮਜ਼ਬੂਰ ਸੀ। ਬੇੜੀਆਂ ਉਸ ਨੇ ਆਪ ਆਪਣੇ ਪੈਰਾਂ ਵਿਚ ਪਾਈਆਂ ਸੀ। ਉਸ ਨੂੰ ਹਮੇਸ਼ਾ ਜਾਪਦਾ ਜਿਵੇਂ ਉਸ ਦੇ ਬੂਹੇ ਨੂੰ ਕੋਈ ਸਾਰਾ ਦਿਨ ਖੜਕਾਂਦਾ ਰਹਿੰਦਾ ਹੈ। ਉਸ ਦੀ ਮਾਨਸਿਕ ਹਾਲਤ ਬਹੁਤ ਗੰਭੀਰ ਹੋ ਗਈ ਸੀ।

ਇਕ ਦਿਨ ਉਸ ਨੇ ਗਲੀ ਵਾਲੀ ਖਿੜਕੀ ਥੋੜ੍ਹੀ ਜਿਹੀ ਖੋਲ੍ਹੀ। ਹੇਠ ਕੋਈ ਫੌਜੀਆਂ ਦੇ ਬੂਟਾਂ ਦੇ ਆਵਾਜ਼ ਉਸ ਨੇ ਸੁਣੀ ਤੇ ਫਟਾ-ਫਟ ਹੇਠ ਉੱਤਰ ਗਈ। ਲਗਭਗ ਦਸ ਫੌਜੀਆਂ ਦੀ ਟੁਕੜੀ ਜਾ ਰਹੀ ਸੀ। ਪ੍ਰੀਤੀ ਉਹਨਾਂ ਦੇ ਸਾਹਮਣੇ ਖੜੀ ਹੋ ਗਈ ਤੇ ਬੇਨਤੀ ਕੀਤੀ ਉਸ ਟੁਕੜੀ ਵਿਚ ਸਾਰੇ ਸਿੱਖ ਸਨ। ਵੀਰ ਜੀ ਸਤਿ ਸ੍ਰੀ ਅਕਾਲ। ਮੈਂ

ਇਥੇ ਉੱਪਰ ਰਹਿੰਦੀ ਹਾਂ। ਆਪਣੇ ਦੋ ਬੱਚਿਆਂ ਦੇ ਨਾਲ। ਮੇਰੇ ਨਾਲ ਧੋਖਾ ਹੋਇਆ ਹੈ ਤੇ ਜਿਸ ਬੰਦੇ ਨਾਲ ਵਿਆਹ ਕੀਤਾ ਸੀ, ਉਹ ਇਥੇ ਹੀ ਛੱਡ ਗਿਆ ਹੈ। ਹੁਣ ਨਹੀਂ ਆਉਂਦਾ ਤੇ ਮੈਨੂੰ ਰਾਤ ਦਿਨ ਡਰ ਲੱਗਾ ਰਹਿੰਦਾ ਹੈ। ਮੇਰੀ ਸਹਾਇਤਾ ਕਰੋ। ਮੇਰੇ ਘਰ ਤੇ ਨਜ਼ਰ ਰੱਖੋ। ਮੈਂ ਤੁਹਾਡੀ ਧੰਨਵਾਦੀ ਹੋਵਾਂਗੀ।"

"ਕੌਣ ਏ ਸ਼ਖਸ?" ਹਵਾਲਦਾਰ ਨੇ ਪੁੱਛਿਆ।

"ਉਹ ਜਵਾਹਰ ਨਗਰ ਰਹਿੰਦਾ ਹੈ।"

"ਕੀ ਨਾਂ ਹੈ ਉਸ ਦਾ?"

"ਫਿਆਜ਼ ਸ਼ਾਹ।"

"ਮੁਸਲਮਾਨ ਹੈ?"

"ਹਾਂ ਵੀਰ ਜੀ।"

"ਤੂੰ ਮੁਸਲਮਾਨ ਨਾਲ ਵਿਆਹ ਕੀਤਾ?"

"ਜੀਵਨ ਦੀ ਸਭ ਤੋਂ ਵੱਡੀ ਭੁੱਲ ਹੋ ਗਈ ਹੈ। ਇਸ ਭੁੱਲ ਕਾਰਨ ਮੈਂ ਬਰਬਾਦ ਹੋ ਗਈ ਹਾਂ। ਨਾ ਘਰ ਦੀ ਰਹੀ ਤੇ ਨਾ ਘਾਟ ਦੀ। ਮੈਨੂੰ ਆਪਣੀ ਕੋਈ ਚਿੰਤਾ ਨਹੀਂ ਮੈਂ ਤੇ ਆਪ ਮਰ ਜਾਵਾਂ ਪਰ ਬੱਚਿਆਂ ਦਾ ਕੀ ਕਰਾਂ? ਇਕ ਕੁੜੀ ਹੈ ਤੇ ਇਕ ਮੁੰਡਾ।"

"ਇਹ ਤੇ ਬੀਬੀ ਤੂੰ ਬਹੁਤ ਮਾੜਾ ਕੰਮ ਕੀਤਾ ਹੈ। ਜਿਹਨਾਂ ਨੇ ਹੱਥ ਲਗੇ ਭਾਂਡੇ ਵਿਚ ਸਿੱਖ ਪਾਣੀ ਨਹੀਂ ਪੀਂਦੇ ਤੇ ਤੂੰ ਉਹਨਾਂ ਦੀ ਜੂਠ ਖਾਂਦੀ ਰਹੀ ਹੈਂ?"

"ਵੀਰ ਜੀ ਮੈਨੂੰ ਗੁਰੂ ਦੀ ਮਾਰ ਪਈ ਹੈ। ਮੈਂ ਆਪਣੇ ਸਿੱਖੀ ਧਰਮ ਤੇ ਧੱਬਾ ਹਾਂ, ਕਲੰਕ ਹਾਂ। ਮੈਨੂੰ ਨਾ ਉੱਥੇ ਸਵੀਕਾਰਿਆ ਗਿਆ ਹੈ ਨਾ ਇਥੇ।"

"ਇਕ ਫੌਜੀ ਨੇ ਵਿਚੋਂ ਪੁੱਛਿਆ, "ਭੈਣ ਉਹ ਫਿਆਜ਼ ਠੇਕੇਦਾਰੀ ਤੇ ਨਹੀਂ ਕਰਦਾ?"

"ਹਾਂ।"

"ਉਹ ਲੰਬਾ, ਉੱਚਾ ਗੋਰਾ?"

"ਹਾਂ ਉਹੀ ਹੈ।"

"ਉਸ ਨੇ ਆਪਣੇ ਇੰਚਾਰਜ ਦੇ ਕੰਨ ਵਿਚ ਕੋਈ ਗੱਲ ਕੀਤੀ। ਇਹ ਸੀ.ਆਰ.ਪੀ.ਐਫ. ਦੀ ਟੁਕੜੀ ਸੀ। ਸਾਰੇ ਸ਼ਹਿਰ ਵਿਚ ਇਲਾਕਾ ਬਦਲ-ਬਦਲ ਕੇ ਗਸ਼ਤ ਕਰਦੇ ਸਨ ਤੇ ਬਹੁਤ ਸਾਰੇ ਆਤੰਕਵਾਦੀਆਂ ਦੇ ਤੇ ਉਹਨਾਂ ਦੇ ਹਮਾਇਤੀਆਂ ਦੇ ਨਾਂ ਤੋਂ ਵਾਕਫ਼ ਸਨ। ਟੁਕੜੀ ਦੇ ਨਾਲ ਸਥਾਨੀ ਪੁਲੀਸ ਦੀ ਵੀ ਕੁਝ ਨਫਰੀ ਹੁੰਦੀ ਸੀ। ਇਸ ਟੁਕੜੀ ਦੇ ਵਿਚ ਇਕ ਲੋਕਲ ਸਿੱਖ ਵੀ ਪੁਲੀਸ ਜਵਾਨ ਸੀ ਤੇ ਪ੍ਰੀਤੀ ਦੀ ਕਹਾਣੀ ਨੂੰ ਜਾਣਦਾ ਸੀ। ਉਸ ਨੇ ਵੀ ਹਾਮੀ ਭਰੀ ਕਿ "ਵਿਚਾਰੀ ਨਾਲ ਬਹੁਤ ਬੁਰਾ ਹੋਇਆ ਹੈ।"

ਹਵਾਲਦਾਰ ਨੇ ਪ੍ਰੀਤੀ ਨੂੰ ਭਰੋਸਾ ਦਿੱਤਾ ਕਿ "ਅਸੀਂ ਦਸ ਦਿਨ ਵਾਸਤੇ ਇਸ ਇਲਾਕੇ ਵਿਚ ਹਾਂ। ਤੇਰਾ ਪੂਰਾ ਖਿਆਲ ਰੱਖਾਂਗੇ। ਬੀਬੀ ਕੋਈ ਤੇਰੇ ਘਰ ਵੱਲ ਵੇਖੇਗਾ ਵੀ ਨਹੀਂ। ਦੋ ਜਵਾਨ ਇਥੇ ਹੀ ਇਰਦ-ਗਿਰਦ ਰਹਿਣਗੇ। ਅਸੀਂ ਗੁਰੂ ਦੇ ਸਿੱਖ ਹਾਂ ਤੇ ਕਿਸੇ ਮਜ਼ਬੂਰ ਔਰਤ ਦੀ ਸਹਾਇਤਾ ਕਰਨੀ ਸਾਡੇ ਗੁਰੂ ਦਾ ਉਪਦੇਸ਼ ਹੈ। ਤੂੰ ਬੇਫ਼ਿਕਰ ਰਹਿ। ਕਿਸੇ ਵੀ ਚੀਜ਼ ਦੀ ਲੋੜ ਹੋਵੇ ਜ਼ਰੂਰ ਦੱਸਣਾ, ਕੋਈ ਰਾਸ਼ਨ ਪਾਣੀ ਦੀ ਜ਼ਰੂਰਤ ਹੋਵੇ ਦੱਸਣਾ। ਬਾਕੀ ਉਸ ਫਿਆਜ਼ ਸ਼ਾਹ ਨੂੰ ਵੀ ਵੇਖ ਲਵਾਂਗੇ।" ਕਹਿ ਕੇ ਉਹ ਦੋ ਜਵਾਨਾਂ ਨੂੰ ਤੈਨਾਤ ਕਰਕੇ ਅੱਗੇ ਲੰਘ ਗਏ ਤੇ ਜਵਾਨਾਂ ਨੂੰ ਤਾਕੀਦ ਕਰ ਗਏ ਕਿ ਬੀਬੀ ਦਾ ਖਿਆਲ ਰੱਖਣਾ। ਸਾਡੀ ਭੈਣ ਹੈ। ਉਸ ਕੋਲੋਂ ਕੋਈ ਗਲਤੀ ਹੋ ਗਈ ਹੈ ਤਾਂ ਸੁਧਾਰੀ ਵੀ ਜਾ ਸਕਦੀ ਹੈ। ਪੂਰੀ ਤਰ੍ਹਾਂ ਤਸੱਲੀ ਦੇ ਕੇ ਉਹ ਅੱਗੇ ਲੰਘ ਗਏ।

ਸ਼ਾਮਾਂ ਨੂੰ ਗਲੀਆਂ ਵਿਚ ਕੋਈ ਆਵਾਜਾਈ ਨਹੀਂ ਸੀ ਹੁੰਦੀ। ਲੋਕ ਆਪਣੇ ਘਰਾਂ ਵਿਚ ਵੜੇ ਰਹਿੰਦੇ ਸਨ ਡਰ ਦੇ ਕਾਰਨ ਕਿਉਂਕਿ ਪੁਲੀਸ ਕਿਸੇ ਵੀ ਸ਼ੱਕ ਵਾਲੇ ਬੰਦੇ ਨੂੰ ਚੁੱਕ ਕੇ ਲੈ ਜਾਂਦੀ ਸੀ। ਰਾਤ ਨੂੰ ਸਾਰੇ ਸ਼ਹਿਰ ਵਿਚ ਗਸ਼ਤ ਰਹਿੰਦੀ ਸੀ। ਦਿਨੇ ਵੀ ਰਹਿੰਦੀ ਸੀ। ਕਸ਼ਮੀਰ ਫੌਜੀ ਛਾਵਣੀ ਵਿਚ ਬਦਲ ਚੁੱਕਾ ਸੀ। ਹਰ ਨਿੱਜੀ ਕਾਰ, ਹਰ ਬਸ, ਹਰ ਟੈਂਪੋ ਦੀ ਪੂਰੀ ਤਰ੍ਹਾਂ ਚੈਕਿੰਗ ਹੁੰਦੀ ਸੀ, ਤਲਾਸ਼ੀ ਹੁੰਦੀ ਸੀ। ਬੱਸਾਂ ਤੋਂ ਸਵਾਰੀਆਂ ਉਤਾਰ ਕੇ ਪੂਰੀ ਤਰ੍ਹਾਂ ਤਲਾਸ਼ੀ ਕਰ ਕੇ ਜਾਣ ਦਿੱਤਾ ਜਾਂਦਾ ਸੀ। ਦਹਿਸ਼ਤ-ਗਰਦਾਂ ਦਾ ਡਰ ਰਹਿੰਦਾ ਸੀ ਪਰ ਪੁਲੀਸ ਤੇ ਫੌਜ ਨੇ ਸਭ ਨਾਕੇ ਬੰਦ ਕੀਤੇ ਸਨ। ਕਿਸੇ ਤੇ ਕੋਈ ਸ਼ੱਕ ਹੁੰਦਾ ਤਾਂ ਉਸ ਨੂੰ ਪਕੜ ਲਿਆ ਜਾਂਦਾ ਇਸ ਲਈ ਆਮ ਲੋਕਾਂ ਵਿਚ ਪੋਲੀਸ ਤੇ ਫੌਜ ਦੀ ਵੀ ਬਹੁਤ ਦਹਿਸ਼ਤ ਸੀ।

ਅੱਜ ਅਰਸੇ ਬਾਦ ਪ੍ਰੀਤੀ ਨੇ ਸੁੱਖ ਦਾ ਸਾਹ ਲਿਆ ਸੀ। ਬਿਸਤਰ ਤੇ ਲੇਟੀ ਸੋਚ ਰਹੀ ਸੀ ਉਸ ਨੇ ਕਿਵੇਂ ਹਿੰਮਤ ਕੀਤੀ ਕਿਵੇਂ ਵਾਹਿਗੁਰੂ ਨੇ ਉਸ ਨੂੰ ਉਤਸ਼ਾਹ ਬਖਸ਼ਿਆ ਤੇ ਫੌਜੀਆਂ ਨੂੰ ਮਿਲਣ ਹੇਠ ਉਤਰ ਗਈ? ਕਿਵੇਂ ਉਹ ਅੱਜ ਭੈ-ਮੁਕਤ ਹੋ ਗਈ? ਉਸ ਦੇ ਮਨ ਵਿਚ ਵਾਰ-ਵਾਰ ਇਹ ਖਿਆਲ ਆ ਰਿਹਾ ਸੀ ਜਿਵੇਂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦੀ ਰੱਖਿਆ ਕਰਨ ਲਈ ਆਪਣੀ ਫੌਜ ਭੇਜੀ ਹੈ। ਉਹ ਤੁਲਨਾ ਕਰ ਰਹੀ ਸੀ ਕਿਵੇਂ ਫਿਆਜ਼ ਨੇ ਉਸ ਨੂੰ ਲੋਭ ਤੇ ਲਾਲਚ ਨਾਲ ਆਪਣੇ ਵੱਸ ਕੀਤਾ? ਕਿਵੇਂ ਉਸ ਨੇ ਉਸ ਦਾ ਸਾਰੀ ਉਮਰ ਸੋਸ਼ਣ ਕੀਤਾ? ਕਿਵੇਂ ਉਹ ਪਰਾਈ ਇਸਤਰੀ ਸਮਝ ਕੇ ਤਿਆਗ ਗਿਆ? ਕਿਵੇਂ ਹਫੀਜ਼ ਕਿਰਾਏ ਵਾਸਤੇ ਉਸ ਦੀ ਇੱਜਤ ਨਾਲ ਖੇਡ ਰਿਹਾ ਹੈ? ਕੋਈ ਤਰਸ ਨਹੀਂ ਕੀਤਾ। ਮੇਰੇ ਬੱਚਿਆਂ ਨਾਲ ਕਿਸੇ ਨੇ ਹਮਦਰਦੀ ਨਹੀਂ ਕੀਤੀ? ਐਨੇ ਖੁਦਗਰਜ ਤੇ ਅਮਾਨਵੀ ਲੋਗ ਹਨ। ਉਧਰ ਸਮਾਜ ਤੋਂ ਠੁਕਰਾਨ ਦੇ ਬਾਵਜੂਦ ਵੀ ਬਬਲੂ ਨੇ ਮੇਰਾ ਹੱਥ ਫੜਿਆ, ਮੈਨੂੰ ਸਹਾਰਾ ਦਿੱਤਾ, ਮੇਰੀਆਂ ਭੁੱਲਾਂ ਨੂੰ ਮੁਆਫ ਕਰ ਦਿੱਤਾ। ਹੁਣ ਇਹ ਫੌਜੀ ਆਏ ਗੁਰੂ ਦੇ ਸਿੱਖ ਨੇ। ਮੇਰੀ ਭੁੱਲਾਂ ਨੂੰ ਨਹੀ ਘੋਖਿਆ ਇਕ ਅਬਲਾ ਸਮਝ ਕੇ ਸਹਾਰੇ ਦਾ ਭਰੋਸਾ ਦਿੱਤਾ, ਭੈਣ ਦੀ ਤਰ੍ਹਾਂ ਪੇਸ਼ ਆਏ।

ਇਹ ਫਰਕ ਹੈ ਕੌਮ ਦਾ। ਮੁਸਲਮਾਨ ਮਿਤਰ ਬਣ ਕੇ ਜਰਵਾਣੇ ਬਣ ਕੇ ਪੇਸ਼ ਆਏ ਤੇ ਸਿੱਖਾਂ ਨੇ ਇੱਜਤ ਤੇ ਮਾਨ ਦਿੱਤਾ। ਮੈਂ ਆਪ ਕਿੰਨੀ ਬਦ-ਕਿਸਮਤ ਹਾਂ ਕਿ ਇਹਨਾਂ ਦੇ ਹੀ ਚੁੰਗਲ ਵਿਚ ਫਸਦੀ ਰਹੀ ਤੇ ਆਪਣੇ ਅਰਮਾਨਾਂ ਦਾ ਗਲਾ ਘੁੱਟਦੀ ਰਹੀ, ਸੋਚਦਿਆਂ-ਸੋਚਦਿਆਂ ਕਦੋਂ ਉਹ ਸੌਂ ਗਈ ਪਤਾ ਹੀ ਨਹੀਂ ਚੱਲਿਆ। ਅਜ ਰਾਤ ਬਹੁਤ ਚੰਗੀ ਤਰ੍ਹਾਂ ਸੁੱਤੀ। ਸਵੇਰੇ ਗਸ਼ਤ ਵਾਲੀ ਟੋਲੀ ਬਦਲ ਗਈ ਸੀ। ਉਸ ਨੇ ਥੋੜੀ ਜਿਹੀ ਖਿੜਕੀ ਖੋਲ੍ਹ ਕੇ ਵੇਖਿਆ ਦੋ ਪੁਲੀਸ ਵਾਲੇ ਬੈਠੇ ਸਨ ਪਰ ਮੋਨੇ ਸਨ। ਉਹਨਾਂ ਨੂੰ ਤੈਨਾਤ ਕੀਤਾ ਸੀ। ਤੇ ਇਸ ਤਰ੍ਹਾਂ ਦੋ ਸਿਪਾਹੀ ਉਸ ਦੇ ਘਰ ਕੋਲ ਸਦਾ ਨਿਯੁਕਤ ਰਹਿੰਦੇ। ਤੇ ਚਾਵਲ ਆਟਾ ਤੇ ਹੋਰ ਸਮਾਨ ਉਸ ਨੂੰ ਪਹੁੰਚਾ ਦੇਂਦੇ। ਇਸ ਤਰ੍ਹਾਂ ਪ੍ਰੀਤੀ ਦੇ ਗ੍ਰਿਹਣੇ ਜੀਵਨ ਵਿਚ ਕੁਝ ਤੇ ਬਦਲਿਆ। ਖਾਣ-ਪੀਣ ਦੀ ਚਿੰਤਾ ਮੁਕ ਗਈ ਸੀ।

ਇਕ ਦਿਨ ਸ਼ਾਮ ਨੂੰ ਹਫੀਜ਼ ਉਸ ਦਾ ਮਾਲਿਕ ਮਕਾਨ ਆਇਆ। ਪੌੜੀਆਂ ਦਾ ਦਰਵਾਜਾ ਖੜਕਾਇਆ। ਦੋਨੋ ਸੀ.ਆਰ.ਪੀ.ਐਫ. ਵਾਲੇ ਆ ਗਏ "ਕਿਆ ਬਾਤ ਹੈ? ਉਹਨਾਂ ਪੁੱਛਿਆ।

"ਯਹ ਮੇਰਾ ਮਕਾਨ ਹੈ।"

"ਤੋ ਇਸ ਵਕਤ ਕਿਆ ਕਰਨੇ ਆਏ ਹੋ?"

"ਕਿਰਾਇਆ ਲੇਨਾ ਹੈ।"

"ਕਿਰਾਇਆ ਲੇਨੇ ਕੇ ਲੀਏ ਸ਼ਾਮ ਕੋ ਫੁਰਸਤ ਮਿਲਤੀ ਹੈ?"

"ਹਾਂ ਦਿਨ ਮੇਂ ਕਾਮ ਰਹਿਤਾ ਹੈ।"

"ਵਕਤ ਨਿਕਾਲ ਕਰ ਕਬੀ ਦਿਨ ਮੇਂ ਆਨਾ ਔਰ ਕਿਰਾਇਆ ਲੇ ਜਾਨਾ। ਅਬ ਹਮੇਂ ਯਹਾਂ ਤੈਨਾਤ ਕੀਆ ਹੈ। ਕੋਈ ਫਾਲਤੂ ਆਦਮੀ ਜਬ ਚਾਹੇ ਨਹੀਂ ਆ ਸਕਤਾ।"

"ਠੀਕ ਹੈ।" ਕਹਿ ਕੇ ਹਫੀਜ਼ ਮੁੜ ਗਿਆ ਤੇ ਬੜਾ ਪ੍ਰੇਸ਼ਾਨ ਹੋਇਆ ਕਿ ਕਿਵੇਂ ਪ੍ਰੀਤੀ ਦੇ ਘਰ ਤੇ ਪਹਿਰਾ ਲਗ ਗਿਆ ਹੈ? ਹੁਣ ਤੇ ਮਿਲਣਾ ਹੀ ਮੁਸ਼ਕਿਲ ਹੋ ਜਾਏਗਾ। ਚਲੋ ਦਿਨ ਮੇਂ ਹੀ ਕਲ ਪਰਸੋਂ ਆਊਂਗਾ।" ਸੋਚ ਕੇ ਚਲਾ ਗਿਆ।

## 22

**ਉ**ਧਰ ਹਲਾਲਦਾਰ ਜੀ ਨੇ ਕੰਪਨੀ ਕਮਾਂਡਰ ਨਾਲ ਸਾਰੀ ਗੱਲ ਕੀਤੀ ਪ੍ਰੀਤੀ ਦੀ ਕਹਾਣੀ ਵੀ ਦੱਸੀ ਤੇ ਫਿਆਜ਼ ਬਾਰੇ ਵੀ ਦੱਸਿਆ ਕਿ ਠੇਕੇਦਾਰੀ ਦੇ ਨਾਲ-ਨਾਲ ਅੰਡਰ ਗਰਾਊਂਡ ਵਰਕਰ ਹੈ ਹਿਜ਼ਬੁਲ ਮੁਜਾਏਦੀਨ ਸੰਸਥਾ ਦਾ ਜਿਹੜੀ ਆਤੰਕਵਾਦੀਆਂ ਦੀ ਖਤਰਨਾਕ ਸੰਸਥਾ ਸੀ। ਫਿਆਜ਼ ਇਜ਼ਤਦਾਰ ਸੀ, ਪੈਸੇ ਵਾਲਾ ਸੀ ਪਰ ਸੰਸਥਾ ਦੀ ਹਮਾਇਤ ਕਰਦਾ ਸੀ। ਉਹਨਾਂ ਨੂੰ ਪੈਸਾ ਪਹੁੰਚਾਣਾ, ਕੋਈ ਵਿਸ਼ੇਸ਼ ਸੂਚਨਾ ਪਹੁੰਚਾਣੀ,

ਕਿਸੇ ਉਗਰਵਾਦੀ ਨੂੰ ਇਕ ਜਗ੍ਹਾ ਤੋਂ ਦੂਸਰੀ ਥਾਂ ਪਹੁੰਚਾਣ ਦਾ ਕੰਮ ਕਰਦਾ ਸੀ ਤੇ ਪੁਲੀਸ ਦਾ ਉਸ ਉੱਤੇ ਪੂਰਾ ਸ਼ੱਕ ਸੀ, ਉਸ ਦਾ ਨਾਂ ਸੁਰੱਖਿਆ ਬਲਾਂ ਦੀ ਸੂਚੀ ਵਿਚ ਸਭ ਤੋਂ ਉੱਪਰ ਸੀ। ਪੁਲੀਸ ਮੌਕੇ ਦੀ ਤਲਾਸ਼ ਵਿਚ ਸੀ ਕਿ ਕਦੋਂ ਉਸ ਨੂੰ ਰੰਗੇ ਹੱਥ ਫੜਿਆ ਜਾਏ। ਹੁਣ ਉਸ ਉੱਤੇ ਨਿਗਰਾਨੀ ਹੋਰ ਤੇਜ਼ ਹੋ ਗਈ ਸੀ। ਉਸ ਦੇ ਘਰ ਦੇ ਇਰਦ-ਗਿਰਦ ਵੀ ਪੁਲੀਸ ਤੈਨਾਤ ਸੀ ਪਰ ਉਹ ਲੁਕ ਗਿਆ ਹੋਇਆ ਸੀ। ਪੁਲੀਸ ਰਾਤ ਦਿਨ ਉਸ ਦੀ ਤਲਾਸ਼ ਵਿਚ ਸੀ।

ਕਸ਼ਮੀਰ ਦੇ ਹਾਲਾਤ ਦਿਨ-ਬ-ਦਿਨ ਵਿਗੜਦੇ ਜਾ ਰਹੇ ਸਨ। ਫੌਜ ਤੇ ਨੀਮ ਫੌਜੀ ਕੈਂਪਾਂ ਤੇ ਗਰਨੇਡ ਸੁੱਟਣੇ ਆਮ ਹੋ ਗਿਆ ਸੀ। ਉਗਰਵਾਦੀਆਂ ਦੀ ਧਰਪਕੜ ਵੱਧ ਗਈ ਸੀ। ਹਰ ਰੋਜ਼ ਕੋਈ ਨਾ ਕੋਈ ਮੁੱਠਭੇੜ ਹੁੰਦੀ ਕਈ ਵਾਰੀ ਸੀ.ਆਰ.ਪੀ.ਐਫ. ਦੇ ਜਵਾਨ ਜਾਂ ਫੌਜੀ ਮਰ ਜਾਂਦੇ ਪਰ ਅੱਤਵਾਦੀਆਂ ਦੇ ਮਰਨ ਦੀ ਤਦਾਦ ਵਧ ਹੁੰਦੀ। ਐਸੀ ਧਰਪਕੜ ਵਿਚ ਹਥਿਆਰ ਲੈ ਜਾਦਿਆਂ ਫਿਆਜ਼ ਦੀ ਗੱਡੀ ਫੜੀ ਗਈ ਉਸ ਨੇ ਗੱਡੀ ਉੱਥੇ ਹੀ ਛੱਡ ਕੇ ਭੱਜਣ ਦਾ ਯਤਨ ਕੀਤਾ ਪਰ ਪੁਲੀਸ ਦੀ ਫਾਇਰਿੰਗ ਵਿਚ ਮਾਰਿਆ ਗਿਆ।

ਦੂਸਰੇ ਦਿਨ ਤਮਾਮ ਅਖ਼ਬਾਰਾਂ ਵਿਚ ਉਸ ਦਾ ਨਾਮ ਸੁਰਖੀਆਂ ਵਿਚ ਛੱਪ ਗਿਆ। ਖ਼ਬਰ ਆਮ ਹੋ ਗਈ ਕਿ ਫਿਆਜ਼ ਜਿਹੜਾ ਅਤੰਕੀਆਂ ਦਾ ਮਦਦਗਾਰ ਸੀ ਹਥਿਆਰ ਲੈ ਜਾਂਦਿਆਂ ਮਾਰਾ ਗਿਆ। ਪ੍ਰੀਤੀ ਨੂੰ ਵੀ ਇਸ ਖ਼ਬਰ ਦਾ ਪਤਾ ਲੱਗਿਆ। ਉਸ ਵਾਸਤੇ ਫਰਿਸ਼ਤਾ ਬਣੇ ਹਵਾਲਦਾਰ ਨੇ ਹੀ ਆ ਕੇ ਉਸ ਨੂੰ ਸੁਣਾਇਆ। ਪ੍ਰੀਤੀ ਨੂੰ ਸੁਣ ਕੇ ਬਹੁਤ ਅਫ਼ਸੋਸ ਹੋਇਆ, ਉਸਦਾ ਪ੍ਰੇਮੀ ਸੀ। ਪ੍ਰੀਤੀ ਨੂੰ ਵੀ ਹੱਦ ਤੋਂ ਵੱਧ ਦੁੱਖ ਹੋਇਆ ਪਰ ਫਿਰ ਆਪਣੇ ਆਪ ਨੂੰ ਉਸ ਨੇ ਤਸੱਲੀ ਦਿੱਤੀ ਕਿ ਚੰਗਾ ਹੋਇਆ ਮਰ ਗਿਆ। ਉਸ ਨੇ ਹੀ ਮੇਰੇ ਜੀਵਨ ਨੂੰ ਨਸ਼ਟ ਕੀਤਾ। ਮੇਰੀ ਜ਼ਿੰਦਗੀ ਬਰਬਾਦ ਕੀਤੀ। ਮੇਰੇ ਰੱਬ ਨੇ ਦੁਨੀਆ ਤੋਂ ਹੀ ਉਸ ਨੂੰ ਚੁੱਕ ਲਿਆ। ਹੁਣ ਉਸ ਦੀ ਬੀਵੀ ਨੂੰ ਪਤਾ ਲੱਗੇਗਾ ਕਿ ਔਰਤ ਦੀ ਇਜੱਤ ਕੀ ਹੁੰਦੀ ਹੈ।" ਐਨੇ ਨੂੰ ਹਾਫਿਜ਼ ਵੀ ਦੁਪਹਿਰ ਤੋਂ ਪਹਿਲੇ ਆ ਗਿਆ ਬੱਚੇ ਆਪਣੇ ਕਮਰੇ ਵਿਚ ਹੀ ਖੇਡਦੇ ਸਨ। ਉਸਨੇ ਪੁੱਛਿਆ, "ਆਜ ਕਲ ਘਰ ਕੇ ਬਾਹਰ ਪੁਲੀਸ ਲਗਾ ਰੱਖੀ ਹੈ?"

"ਮੇਰੀ ਕਿਆ ਔਕਾਤ? ਮੈਂ ਤੋ ਆਪ ਕੇ ਰਹਿਮੋਕਰਮ ਪਰ ਜਿੰਦਾ ਹੂੰ।"

"ਮੈਂ ਦੋ ਤੀਨ ਬਾਰ ਆਇਆ ਪਰ ਇਨਹੋਂ ਨੇ ਮੁਝੇ ਊਪਰ ਆਨੇ ਨਹੀਂ ਦੀਆ। ਮੈਂ ਫਿਰ ਦੂਸਰੀ ਬਾਰ ਆਇਆ ਤੋ ਮੈਨੇ ਕਹਾ ਮੁਝੇ ਕਿਰਾਇਆ ਲੇਨਾ ਹੈ।"

ਤੀਨ ਫੀਤੀ (ਹਵਾਲਦਾਰ) ਵਾਲੇ ਨੇ ਪੂਛਾ "ਕਿਤਨਾ ਕਿਰਾਇਆ ਹੈ?"

ਮੈਨੇ ਕਹਾ "ਦੋ ਮਹੀਨੇ ਕਾ ਹੈ ਛੇ ਸੌ ਰੁਪੈ ਔਰ ਉਸ ਨੇ ਅਪਨੀ ਜੇਬ ਸੇ ਨਿਕਾਲ ਕਰ ਦੇ ਦੀਏ।" ਕਿਆ ਵੋਹ ਭੀ ਤੁਮ੍ਹਾਰਾ ਆਸ਼ਿਕ ਬਣ ਗਿਆ ਹੈ?

"ਸਾਰੇ ਮਰਦ ਆਪ ਜੈਸੇ ਨਹੀਂ ਹੋਤੇ ਦੂਸਰੋਂ ਕੀ ਮਜ਼ਬੂਰੀ ਭੀ ਸਮਝਨੇ ਵਾਲੇ ਹੈਂ, ਇਸ ਦੁਨੀਆ ਮੇਂ।"

"ਮੈਨੇ ਤੁਮ੍ਹਾਰੀ ਮਜ਼ਬੂਰੀ ਨਹੀਂ ਦੇਖੀ? ਤਬ ਹੀ ਤੋ ਘਰ ਮੁਫ਼ਤ ਦੇ ਦੀਆ।" ਉਸ ਕੇ ਲੀਏ ਮੈਨੇ ਕਿਤਨੀ ਕੀਮਤ ਚੁਕਾਈ ਹੈ ਆਪ ਜਾਨਤੇ ਹੈਂ।" ਪ੍ਰੀਤੀ ਨੇ ਤਪਾਕ ਕਰ ਕੇ ਉੱਤਰ ਦਿੱਤਾ।

"ਦੇਖੋ ਪ੍ਰੀਤੀ ਤੁਮਹੇਂ ਮਿਲਨੇ ਕੇ ਲੀਏ ਬਹੁਤ ਪ੍ਰੇਸ਼ਾਨ ਹੂੰ। ਦਰਵਾਜਾ ਬੰਦ ਕਰ ਲੋ।"

"ਹਾਫਿਜ਼ ਮੀਆਂ ਆਪਨੇ ਦੋ ਮਹੀਨੇ ਕਾ ਕਿਰਾਇਆ ਲੇ ਲੀਆ ਹੈ। ਫੌਜੀ ਭਾਈ ਸੇ। ਵੈਸੇ ਕਿਰਾਏ ਕੇ ਲੀਏ ਆਪਕਾ ਆਨਾ ਬਨਤਾ ਹੀ ਨਹੀਂ ਹੈ।"

"ਅਰੇ ਵੋਹ ਤੋ ਬਹਾਨਾ ਥਾ।"

"ਅਬ ਕਿਆ ਬਹਾਨਾ ਹੈ।?"

"ਯਹ ਕਿਰਾਏ ਕੇ ਪੈਸੇ ਵਾਪਸ ਲੋ।" ਉਸ ਨੇ ਪਰਸ 'ਚੋਂ ਕੱਢ ਕੇ ਹਜ਼ਾਰ ਰੁਪੈ ਦਾ ਨੋਟ ਅਗੇ ਕੀਤਾ।"

"ਅਪਨੇ ਪਾਸ ਰੱਖੇਂ ਕਬੀ ਜ਼ਰੂਰਤ ਪੜੇਗੀ ਤੋ ਲੇ ਲੂੰਗੀ। ਇਸ ਵਕਤ ਆਪ ਯਹਾਂ ਸੇ ਚਲੇ ਜਾਏਂ। ਆਪ ਕਾ ਇਸ ਵਕਤ ਆਨਾ ਮੇਰੇ ਬੱਚੋਂ ਕੋ ਬੁਰਾ ਲਗੇਗਾ। ਮੇਹਰਬਾਨੀ ਕਰਕੇ ਚਲੇ ਜਾਏਂ।" ਹਾਫਿਜ਼ ਕੋਲ ਕੋਈ ਚਾਰਾ ਨਹੀਂ ਸੀ, ਮਾਯੂਸ ਹੋ ਕੇ ਚਲਾ ਗਿਆ ਪਰ ਅੰਦਰ ਠੀਕ ਭਾਵਨਾ ਲੈ ਕੇ ਨਹੀਂ ਗਿਆ। ਸੋਚਿਆ ਫਿਰ ਵੇਖ ਲਵਾਂਗਾ। ਕਿਹੜਾ ਇਹ ਫੌਜੀ ਮੁਸਤਕਿਲ ਇਥੇ ਹੀ ਰਹਿਣ ਵਾਲਾ ਹੈ। ਬੁੜ-ਬੁੜਾਂਦਾ ਹੇਠ ਉਤਰਿਆ ਤੇ ਚਲਾ ਗਿਆ।

ਕੁਝ ਦੇਰ ਬਾਅਦ ਪ੍ਰੀਤੀ ਦੀ ਪੜੋਸਣ ਸ਼ਮੀਮ ਆ ਗਈ। ਬਹੁਤ ਦਿਨਾਂ ਬਾਅਦ ਆਈ ਸੀ। ਸ਼ਮੀਮ ਨੂੰ ਬਹੁਤ ਹਮਦਰਦੀ ਸੀ ਪ੍ਰੀਤੀ ਨਾਲ। ਉਸ ਨੇ ਆਂਦਿਆਂ ਹੀ ਉਸ ਦੀ ਖ਼ੈਰ-ਖ਼ਬਰ ਪੁੱਛੀ ਤੇ ਫਿਰ ਬੋਲੀ, "ਤੁਮਹੇ ਪਤਾ ਹੈ ਕਿਆ ਹੂਆ ਹੈ ਆਜ?"

"ਪ੍ਰੀਤੀ ਨੇ ਪੁੱਛਿਆ "ਕਿਆ ਹੂਆ ਹੈ?"

"ਜੋ ਆਦਮੀ ਤੁਮਹੇਂ ਯਹਾਂ ਬਸਾ ਕੇ ਗਿਆ ਹੈ ਫਿਆਜ਼ ਸ਼ਾਹ ਵੋਹ ਮਾਰਾ ਗਿਆ ਹੈ। ਪੁਲੀਸ ਨੇ ਉਸ ਕੋ ਮਾਰ ਦੀਆ।"

"ਅੱਛਾ?" ਪ੍ਰੀਤੀ ਨੂੰ ਜਿਵੇਂ ਪਤਾ ਹੀ ਨਹੀਂ ਸੀ।

ਸ਼ਮੀਮ ਫਿਰ ਕਹਿਣ ਲੱਗੀ "ਵੋਹ ਹਥਿਆਰ ਔਰ ਪਾਂਚ ਲਾਖ ਰੁਪੈ ਲੇ ਕੇ ਮੁਜਾਹੀਦੀਨ ਕੋ ਦੇਨੇ ਜਾ ਰਹਾ ਥਾ। ਪੁਲੀਸ ਉਸ ਕੀ ਤਲਾਸ਼ ਮੇਂ ਥੀ। ਜੈਸੇ ਉਸ ਕਾ ਪਤਾ ਚਲਾ ਮੁੱਠਭੇੜ ਮੇਂ ਮਾਰਾ ਗਿਆ।"

"ਬਹੁਤ ਅਫ਼ਸੋਸ ਕੀ ਬਾਤ ਹੈ।" ਪ੍ਰੀਤੀ ਨੇ ਦੁੱਖ ਪ੍ਰਗਟਾਇਆ।

"ਅਰੇ! ਤੇਰੇ ਕੋ ਕਾਹੇ ਦਾ ਅਫ਼ਸੋਸ? ਵੋਹ ਹਰਾਮੀ ਜਿਸ ਬਰਤਨ ਮੇਂ ਖਾਤਾ ਥਾ ਉਸੀ ਕੋ ਛੇਕ ਕਰਤਾ ਥਾ। ਤੇਰੇ ਜੈਸੀ ਕਈ ਸਿੱਖ ਔਰ ਮੁਸਲਿਮ ਲੜਕੀਉਂ ਕੋ ਉਸ ਨੇ ਬਰਬਾਦ ਕੀਆ ਹੈ। ਸਰਕਾਰੀ ਠੇਕੇਦਾਰ ਥਾ ਔਰ ਸਰਕਾਰ ਕਾ ਹੀ ਦੁਸ਼ਮਨ ਥਾ। ਉਸ ਕੀ ਬਹੁਤ ਕਹਾਣੀਆਂ ਆਜ ਅਫਵਾਹ ਮੇਂ ਹੈਂ। ਉਸ ਕੀ ਕਾਰਗੁਜ਼ਾਰੀ ਸਭ ਕੇ ਮੂੰਹ ਪਰ ਹੈ। ਲੋਗ ਉਸੇ ਹੀਰੋ ਸਮਝਤੇ ਹੈਂ ਪਰ ਮੇਰੀ ਨਜ਼ਰੋਂ ਮੇ ਵੋਹ ਫਰੇਬੀ ਥਾ, ਮੱਕਾਰ ਥਾ ਔਰ ਗੱਦਾਰ ਥਾ। ਅੱਛਾ ਹੂਆ ਮਰ ਗਿਆ।"

"ਯਹ ਆਪ ਕਹਿ ਰਹੀ ਹੋ ਸ਼ਮੀਮ ਦੀਦੀ।"

"ਹਾਂ। ਮੈਂ ਇਕ ਪੜ੍ਹੀ ਲਿਖੀ ਖਾਤੂਨ ਹੂੰ। ਖੁਦਾ ਕੋ ਮਾਨਤੀ ਹੂੰ। ਹਰ ਰੋਜ਼ ਕੁਰਾਨ ਖਾਨੀ ਕਰਤੀ ਹੂੰ। ਜੋ ਮਰਦ ਔਰਤ ਕੀ ਇੱਜ਼ਤ ਨਹੀਂ ਕਰਤਾ ਉਸ ਪਰ ਬੁਰੀ ਨਜ਼ਰ ਰਖਤਾ ਹੈ ਉਸ ਕੇ ਸਾਥ ਬੁਰਾ ਕਰਨੇ ਕਾ ਇਰਾਦਾ ਰਖਤਾ ਹੈ ਵੋਹ ਮੁਸਲਮਾਨ ਹੀ ਨਹੀਂ। ਉਸੇ ਕੋਜ਼ਕ ਨਸੀਬ ਹੋਤਾ ਹੈ। ਦੇਖ ਲੀਆਂ ਨਾ? ਵੋਹ ਦੋਜਕ ਕੀ ਆਗ ਮੇਂ ਹੀ ਜਲੇਗਾ। ਔਰ ਅਪਨੇ ਗੁਨਾਹੋਂ ਕਾ ਫਲ ਭਰੇਗਾ। ਕੁੱਤੇ ਕੀ ਮੌਤ ਮਰਾ ਹੈ। ਉਸ ਕੇ ਜਿਸਮ ਕੇ ਚੀਥੜੇ ਉਡ ਗਏ ਹੈਂ। ਉਸ ਕੀ ਬੀਵੀ ਸ਼ਕਲ ਨਹੀਂ ਪਹਿਚਾਨ ਸਕਤੀ ਥੀ। ਲੋਗ ਤੋ ਕਹਿਤੇ ਹੈਂ ਸ਼ਹੀਦ ਹੋ ਗਿਆ। ਮੁਜਾਹਿਦ ਥਾ। ਕੈਸਾ ਮੁਜਾਹਿਦ? ਇਸਲਾਮ ਕੇ ਲੀਏ ਕਿਆ ਕੀਆ ਉਸ ਨੇ? ਕੌਨ ਸੀ ਜੰਗ ਲੜੀ ਦੀਨ ਕੇ ਲੀਏ? ਇਸਲਾਮ ਮੇਂ ਉਸੇ ਮੁਜਾਹਿਦ ਕਹਤੇ ਹੈਂ ਜੋ ਦੀਨ ਕੋ ਬਚਾਨੇ ਕੇ ਲੀਏ ਲੜੇ, ਅਪਨੇ ਵਤਨ ਕੇ ਲੀਏ ਕੁਰਬਾਨੀ ਦੇ। ਵੋਹ ਮੁਜਾਹਿਦ ਨਹੀਂ ਹੋਤਾ ਜੋ ਵਤਨ ਕੋ ਬਰਬਾਦ ਕਰਨੇ ਕੇ ਲੀਏ ਦੁਸ਼ਮਨ ਕਾ ਸਾਥ ਦੇ ਔਰ ਜਨਾਹ ਕਰੇ। ਉਸੇ ਯਹ ਲੋਗ ਮੁਜਾਹਿਦ ਕਹਿਤੇ ਹੈਂ। ਤੁਮ੍ਹਾਰੀ ਹਾਲਤ ਦੇਖ ਕੇ ਮੁਝੇ ਇਤਨਾ ਗੁੱਸਾ ਆਤਾ ਥਾ ਉਸ ਪਰ ਕਿ ਕਹੀਂ ਮੇਰੇ ਬਸ ਮੇਂ ਹੋਤਾ ਤੋ ਉਸੇ ਗੋਲੀ ਮਾਰ ਦੇਤੀ। ਹਰਾਮੀ ਕਹੀਂ ਕਾ? ਬੜਾ ਮੁਜਾਹਿਦ ਬਣਾ ਫਿਰਤਾ ਥਾ।" ਸ਼ਮੀਮ ਗੁੱਸੇ ਵਿਚ ਬਹੁਤ ਕੁਝ ਬੋਲ ਗਈ।

ਫਿਰ ਬੋਲ ਪਈ, "ਮੇਰੀ ਬਹਿਨ ਆਜ ਕਲ ਖੁਦਾ ਕੇ ਫੈਸਲੇ ਕਾ ਇੰਤਜ਼ਾਰ ਨਹੀਂ ਕਰਨਾ ਪੜਤਾ ਵੋਹ ਯਹੀਂ ਆਖੋਂ ਕੇ ਸਾਮਨੇ ਫੈਸਲਾ ਕਰਤਾ ਹੈ। ਔਰ ਗੁਨਾਹਗਾਰ ਕੋ ਸਜ਼ਾ ਦੇਤਾ ਹੈ। ਪਰ ਲੋਗ ਸਮਝਤੇ ਨਹੀਂ। ਅੱਛੇ ਬੁਰੇ ਕਾ ਲੋਗੋਂ ਕੋ ਇਲਮ ਹੀ ਨਹੀਂ ਹੈ। ਬਿਨਾ ਸੋਚੇ ਸਮਝੇ ਅਪਨੇ ਜਵਾਨ ਬੇਟੋਂ ਕੋ ਇਸ ਆਗ ਮੇਂ ਝੋਕ ਰਹੇ ਹੈਂ। ਪੱਥਰ-ਬਾਜ ਬਣਾ ਰਹੇ ਹੈਂ, ਉਗਰਵਾਦੀ ਬਣਾ ਰਹੇ ਹੈਂ। ਔਰ ਸੋਚਤੇ ਹੈਂ ਕਿ ਜਿਹਾਦ ਕੀ ਜੰਗ ਮੇਂ ਬੱਚੋਂ ਕੋ ਭੇਜ ਰਹੇ ਹੈਂ। ਇਨਕੋ ਉਕਸਾਨੇ ਵਾਲੇ ਇਨ ਬੱਚੋਂ ਕੋ ਜੱਨਤ ਕਾ ਲਾਲਚ ਦੇਤੇ ਹੈਂ ਔਰ ਕਹਿਤੇ ਹੈਂ ਕਿ ਜਨਤ ਮੇਂ ਏਕ ਏਕ ਕੇ ਲੀਏ ਸੋਲਾਂ ਸੋਲਾਂ ਹੂਰੇਂ ਇੰਤਜ਼ਾਰ ਕਰ ਰਹੀ ਹੈਂ। ਯਹਾਂ ਜ਼ਮੀਨ ਪਰ ਏਕ ਔਰਤ ਸੰਭਾਲੀ ਨਹੀਂ ਜਾਤੀ ਸੋਲਾਂ ਹੂਰੋਂ ਕੇ ਖ਼ਵਾਬ

ਦੇਖਤੇ ਹੈਂ। ਵਹਾਂ ਉਪਰ ਕਿਆ ਹੂਰੋਂ ਕਾ ਕੋਈ ਫਾਰਮ ਬਣਾ ਕੇ ਰੱਖਾ ਹੈ, ਅਲ੍ਹਮੀਆਂ ਨੇ ਜਹਾਂ ਹੂਰੇਂ ਪੈਦਾ ਹੋਤੀ ਹੈਂ। ਜਬ ਕੋਈ ਮੁਜਾਹਿਦ ਮਰੇਗਾ ਹੀ ਨਹੀਂ ਤੋ ਹੂਰੇਂ ਕਿਸ ਕਾ ਇੰਤਜ਼ਾਰ ਕਰੇਂਗੀ। ਅਗਰ ਦੋ ਚਾਰ ਲਾਖ ਇਕੱਠੇ ਮਰ ਗਏ ਜੈਸੇ ਸੀਰੀਆ ਮੇਂ ਮਰਤੇ ਹੈਂ ਤੋ ਇਤਨੀ ਹੂਰੋਂ ਕਾ ਇੰਤਜ਼ਾਮ ਕੈਸੇ ਹੋਗਾ? ਯਹ ਸਭ ਨਾ ਖਾਂਦਾ (ਅਨਪੜ) ਲੋਗੋਂ ਕੋ ਗੁਮਰਾਹ ਕਰਨੇ ਕੀ ਦਲੀਲੇ ਹੈਂ ਪੜ੍ਹੇ ਲਿਖੇ ਲੋਗੋਂ ਕੋ ਸਮਝਨਾ ਚਾਹੀਏ ਔਰ ਦੂਸਰੋਂ ਕੋ ਸਮਝਾਨਾ ਚਾਹੀਏ। ਆਂਖੇ ਬੰਦ ਕਰ ਕੇ ਜਨੂਨੀ ਹੋਨੇ ਕਾ ਕੋਈ ਫਾਇਦਾ ਨਹੀਂ। ਆਜ ਸਾਰੀ ਦੁਨੀਆ ਐਸੇ ਜਿਹਾਦ ਸੇ ਪ੍ਰੇਸ਼ਾਨ ਹੈ। ਹਜ਼ਾਰੋਂ ਲਾਸ਼ੇਂ ਟੁਕੜੋਂ ਮੇਂ ਚੀਥੜੋਂ ਮੇਂ ਰੋਜ਼ ਬਿਖਰੀ ਦਿਖਤੀ ਹੈ ਟੈਲੀਵੀਜਨ ਪਰ ਹਜ਼ਾਰੋਂ ਔਰਤੋਂ ਕੋ ਹਵਸ ਕੇ ਲੀਏ ਬੇਚਾ ਜਾਤਾ ਹੈਂ ਦਿਖਾਤੇ। ਯਹ ਇਸਲਾਮ ਨਹੀਂ ਯਹ ਸ਼ੈਤਾਨਿਅਤ ਹੈ ਔਰ ਉਸ ਪਰ ਚਲਨੇ ਵਾਲਾ, ਏਸਾ ਕਰਨੇ ਵਾਲਾ ਮੁਸਲਮਾਨ ਕਤਈ ਨਹੀਂ ਹੋ ਸਕਦਾ।" ਸ਼ਮੀਮ ਨੇ ਮਨ ਦੀ ਸਾਰੀ ਭੜਾਸ ਕੱਢ ਦਿੱਤੀ।

"ਸ਼ਮੀਮ ਦੀਦੀ ਆਪ ਇਤਨੀ ਸਮਝਦਾਰ ਔਰ ਗੁਣੀ ਹੈਂ, ਮੁਝੇ ਪਤਾ ਨਹੀਂ ਥਾ। ਆਪ ਨੇ ਤੋ ਜੋ ਕਹਾ ਏਕ ਏਕ ਬਾਤ ਸੱਚ ਹੈ। ਯਹ ਜੰਗ ਤੋ ਲੋਗੋਂ ਕੋ ਬੇਵਕੂਫ਼ ਬਨਾਨੇ ਕੀ ਹੈ। ਦਹਿਸ਼ਤ ਫੈਲਾਨੇ ਕੇ ਲੀਏ ਹੈ।"

"ਹਾਂ ਬਹਿਨ ਇਸ ਜੰਗ ਸੇ ਕੁਛ ਲੋਗੋਂ ਕੋ ਫਾਇਦਾ ਹੋਤਾ ਹੈ। ਵੋਹ ਗਿਨੇ ਚੁਨੇ ਲੋਗ ਹੋਤੇ ਹੈਂ। ਜਿਨਹੇਂ ਦੂਸਰੇ ਮੁਲਕੋਂ ਸੇ ਪੈਸਾ ਮਿਲਤਾ ਹੈ। ਅਫਰਾ-ਤਫਰੀ ਮਚਾਨੇ ਕੇ ਲੀਏ ਔਰ ਜਿਨਸੇ ਅਫਰਾ-ਤਫਰੀ ਔਰ ਦੰਗੇ ਕਰਵਾਤੇ ਹੈਂ ਉਨਹੇਂ ਕਤਲੋ-ਗਾਰਦ ਕੇ ਲੀਏ ਔਰ ਦਹਿਸ਼ਤ ਫੈਲਾਨੇ ਕੇ ਲੀਏ ਪੈਸੇ ਦੀਏ ਜਾਤੇ ਹੈਂ। ਔਰ ਅਗਰ ਕੋਈ ਮਰ ਜਾਏ ਤੋ ਉਨਕੇ ਘਰ ਵਾਲੋਂ ਕੋ ਮੋਟੀ ਰਕਮ ਦੇਤੇ ਹੈਂ। ਜੋ ਇਸ ਧੰਦੇ ਕੋ ਚੁਨਤੇ ਹੈਂ ਉਨਹੇਂ ਪਤਾ ਹੋਤਾ ਹੈ ਕਿ ਇਕ ਦਿਨ ਤੋ ਮਰਨਾ ਹੀ ਹੈ, ਮਰ ਗਏ ਤੋ ਘਰ ਵਾਲੋਂ ਕੋ ਮੋਟੀ ਰਕਮ ਮਿਲ ਜਾਏਗੀ। ਵੈਸੇ ਭੀ ਐਸੇ ਜਵਾਨ ਬੱਚੇ ਕੋਈ ਕਾਮਕਾਜ ਨਹੀਂ ਕਰਤੇ, ਨਾ ਸਕੂਲ ਜਾਤੇ ਹੈਂ। ਅਵਾਰਾ ਦਿਨ ਭਰ ਗਲੀਉਂ ਮੇਂ ਫਿਰਤੇ ਰਹਤੇ ਹੈਂ। ਔਰ ਐਸੇ ਜਵਾਨ ਲੜਕੋਂ ਕੋ ਜਿਹਾਦ ਕੇ ਨਾਮ ਸੇ ਗੁਮਰਾਹ ਕੀਆ ਜਾਤਾ ਹੈ। ਮਾਂ ਬਾਪ ਭੀ ਸੋਚਤੇ ਹੈਂ ਕੁਛ ਕਮਾ ਕੇ ਹੀ ਘਰ ਲਾਏਂਗੇ। ਇਸ ਦਹਿਸ਼ਤ-ਗਰਦੀ ਕੀ ਯਹੀ ਕਹਾਣੀ ਹੈ। ਔਰ ਵਜ੍ਹਾ ਹੈ ਬੇਰੋਜ਼ਗਾਰੀ, ਔਰ ਪੜ੍ਹੇ ਲਿਖੇ ਜਵਾਨ ਜਿਨੋਂ ਨੇ ਇੰਜਨੀਅਰਿੰਗ ਕੀ ਹੈ, ਡਾਕਟਰ ਹੈਂ, ਸਭ ਯਹੀ ਰਾਸਤਾ ਅਪਨਾ ਰਹੇ ਹੈਂ। ਵੋਹ ਵਾਦੀ ਸੇ ਬਾਹਰ ਜਾ ਕੇ ਭੀ ਰੋਜ਼ਗਾਰ ਪਾ ਸਕਤੇ ਹੈਂ, ਪਰ ਸ਼ਾਇਦ ਉਨਹੇਂ ਭੀ ਹੂਰੋਂ ਕੀ ਲਾਲਚ ਹੈ। ਸਾਰੇ ਮੁਲਕ ਮੇਂ ਬੇਰੋਜ਼ਗਾਰ ਆਤੰਕੀ ਨਹੀਂ ਬਨਤੇ।"

"ਔਰ ਤੁਮ ਯਹ ਨਹੀਂ ਸੋਚੋ ਕਿ ਸਿੱਖ ਲੜਕੀਓਂ ਕੇ ਸਾਥ ਐਸਾ ਹੋਤਾ ਹੈ ਜੈਸੇ ਤੁਮ੍ਹਾਰੇ ਸਾਥ ਹੂਯਾ। ਐਸੀ ਹਜ਼ਾਰੋਂ ਮੁਸਲਿਮ ਲੜਕੀਆਂ ਹੈਂ ਜਿਨਹੇਂ ਅਗਵਾ ਕਿਯਾ ਜਾਤਾ ਹੈ। ਉਨਸੇ ਬਲਾਤਕਾਰ ਕੀਆ ਜਾਤਾ ਹੈ, ਨਜ਼ਾਇਜ ਬੱਚੋਂ ਕੀ ਮਾਂ ਬਨਤੀ ਹੈ।

ਕਿਤਨੇ ਨਵਜਾਤ ਬੱਚੋਂ ਕੋ ਕੂੜੇ ਕੇ ਢੇਰ ਮੇਂ ਫੈਂਕ ਦੀਆ ਜਾਤਾ ਹੈ ਜਾਂ ਕਿਸੀ ਗਟਰ ਮੇਂ ਫੈਂਕ ਦੇਤੇ ਹੈਂ। ਕੋਈ ਕਿਸੀ ਕੋ ਕੁਛ ਕਹਿ ਨਹੀਂ ਸਕਤਾ। ਸਭ ਡਰਤੇ ਹੈਂ। ਕਿਤਨੇ ਉਗਰਵਾਦੀ ਹੈਂ ਜੋ ਕਿਸੀ ਨ ਕਿਸੀ ਲੜਕੀ ਕੀ ਨਿਸ਼ਾਨਦੇਹੀ ਪਰ ਮਰੇ ਹੈਂ। ਔਰਤ ਕੇ ਪਾਸ ਤੋ ਆਖਰੀ ਹਥਿਆਰ ਇੱਜ਼ਤ ਲੂਟਨੇ ਵਾਲੇ ਕੀ ਮੌਤ ਹੈ। ਸ਼ੁਕਰ ਕਰੋ ਕਿ ਤੁਮਹੇਂ ਅਪਨੇ ਹਾਥੋਂ ਸੇ ਫਿਆਜ਼ ਕੋ ਨਹੀਂ ਮਾਰਨਾ ਪੜਾ, ਉਸ ਕੇ ਕਰਮੋਂ ਨੇ ਉਸੇ ਮਾਰ ਦੀਆ।"

"ਬਹਿਨ ਤੁਮਨੇ ਜੋ ਕੁਛ ਬਤਾਇਆ ਮੈਂ ਇਸ ਸੇ ਅਨਜਾਣ ਥੀ ਆਪ ਨੇ ਆਂਖੇਂ ਭੀ ਖੋਲ੍ਹ ਦੀ ਔਰ ਮੁਝੇ ਨਈ ਹਿੰਮਤ ਦੀ ਹੈ। ਪ੍ਰੀਤੀ ਨੇ ਕਿਹਾ।

"ਤੁਮ ਬਿਲਕੁਲ ਫਿਕਰ ਨਹੀਂ ਕਰਨਾ ਮੈਂ ਤੁਮ੍ਹਾਰੇ ਸਾਥ ਹੂੰ ਪ੍ਰੋਫੈਸਰ ਸ਼ਮੀਮ ਕੋ ਸਭ ਜਾਨਤੇ ਹੈਂ। ਮੈਂ ਵਕਤਨ ਬਵਕਤਨ ਖ਼ੁਦ ਤੁਮ੍ਹਾਰੇ ਪਾਸ ਆਇਆ ਕਰੂੰਗੀ।"

"ਠੀਕ ਹੈ। ਜ਼ਰੂਰ ਆਤੇ ਰਹੀਏ।"

"ਹਾਂ ਬਿਲਕੁਲ। ਆਜ ਤੁਮ੍ਹਾਰਾ ਬਹੁਤ ਵਕਤ ਲੀਆ ਕਾਫ਼ੀ ਦੇਰ ਭੀ ਹੋ ਗਈ ਹੈ। ਠੀਕ ਹੈ ਮੈਂ ਚਲਤੀ ਹੂੰ।" ਕਹਿ ਕੇ ਸ਼ਮੀਮ ਨੇ ਰੁਕਸਤ ਲੀ।

ਸ਼ਮੀਮ ਪ੍ਰੋਫੈਸਰ ਸੀ ਤੇ ਬਹੁਤ ਸੁਲਝੀ ਹੋਈ ਆਤਮਾ ਸੀ। ਸਮਾਜ ਦੀਆਂ ਘਟਨਾਵਾਂ ਤੇ ਡੂੰਘੀ ਨਜ਼ਰ ਰੱਖਦੀ ਸੀ। ਇਸਲਾਮ ਤੇ ਕੁਰਾਨ ਦਾ ਬਹੁਤ ਅਧਿਐਨ ਕੀਤਾ ਹੋਇਆ ਸੀ। ਇਸਲਾਮ ਦੁਨੀਆ ਦਾ ਇਕ ਬਹੁਤ ਉੱਚਾ ਤੇ ਪਵਿੱਤਰ ਧਰਮ ਹੈ। ਇਸ ਨੂੰ ਸਮਝਣ ਦੀ ਲੋੜ ਹੈ। ਪਰ ਧਾਰਮਿਕ ਪੈਰੋਕਾਰਾਂ ਨੇ ਆਪਣੀ ਸਹੂਲੀਅਤ ਤੇ ਫਾਇਦੇ ਵਾਸਤੇ ਮਜ਼ਹਬ ਨੂੰ ਆਪਣੇ ਹਿਸਾਬ ਨਾਲ ਤੋੜਿਆ-ਮੋੜਿਆ ਹੈ ਤੇ ਵਿਆਖਿਆ ਕੀਤੀ ਹੈ।

ਸ਼ਮੀਮ ਅੱਗੇ ਬੋਲਦੀ ਰਹੀ ਹਕੀਕਤ ਤੋਂ ਪਰਦੇ ਚੁੱਕਦੀ ਰਹੀ।

"ਪ੍ਰੀਤੀ ਬਦਕਿਸਮਤੀ ਹੈ ਇਸ ਮੁਲਕ ਕੀ। ਯਹ ਹਮਾਰਾ ਹਿੰਦੋਸਤਾਨ ਸੋਨੇ ਕੀ ਚਿੜੀਆ ਮਾਨਾ ਜਾਤਾ ਥਾ, ਕਿਤਨੇ ਹਮਲਾਵਰ ਆਏ ਇਸੇ ਲੂਟਨੇ ਕੇ ਲੀਏ ਔਰ ਬਰਬਾਦ ਕਰ ਕੇ ਚਲੇ ਗਏ। ਹਿੰਦੁਸਤਾਨ ਹਿੰਦੂਓਂ ਕਾ ਮੁਲਕ ਹੈ ਔਰ ਮੁਸਲਿਮੋਂ ਨੇ ਛੇ ਸਾਤ ਸੌ ਸਾਲ ਇਸ ਪਰ ਹਕੂਮਤ ਕੀ ਔਰ ਹਿੰਦੂਓਂ ਕਾ ਮਜ਼ਬ ਬਦਲ ਕਰ ਉਨਹੇਂ ਜ਼ਬਰਦਸਤੀ ਮੁਸਲਿਮ ਬਣਾਇਆ। ਹਿਦੋਸਤਾਨ ਕੇ 80 ਫੀਸਦੀ ਮੁਸਲਮਾਨੋਂ ਕੇ ਬਜ਼ੁਰਗ ਹਿੰਦੂ ਥੇ ਫਿਰ ਅੰਗਰੇਜ਼ੋਂ ਕੀ ਗ਼ੁਲਾਮੀ ਭੁਗਤੀ। ਉਸ ਗ਼ੁਲਾਮੀ ਸੇ ਨਜਾਤ ਪਾਨੇ ਕੇ ਲੀਏ ਹਿੰਦੂ ਮੁਸਲਿਮ, ਸਿੱਖ ਕੰਧੇ ਸੇ ਕੰਧਾ ਮਿਲਾ ਕੇ ਲੜੇ। ਕਿਸੀ ਮੇਂ ਯਹ ਅਹਿਸਾਸ ਨਹੀਂ ਥਾ ਕਿ ਵੋਹ ਹਿੰਦੂ ਹੈ, ਜਾਂ ਮੁਸਲਮਾਨ ਜਾਂ ਸਿੱਖ, ਸਭ ਹਿੰਦੋਸਤਾਨੀ ਥੇ ਔਰ ਅਪਨੀ ਧਰਤੀ ਮਾਂ ਕੋ ਆਜ਼ਾਦ ਕਰਨੇ ਕਾ ਜਜ਼ਬਾ ਥਾ। ਪਰ ਯਹ ਜਜ਼ਬਾ ਭੀ ਕਿਸ ਕਾਮ ਆਇਆ?

ਆਜ਼ਾਦੀ ਮਿਲਤੇ ਹੀ ਵਤਨ ਕੇ ਦੋ ਟੁੱਕੜੇ ਹੋ ਗਏ। ਮੁਸਲਮਾਨੋਂ ਕੇ ਲੀਏ ਪਾਕਿਸਤਾਨ ਬਣਾ ਦੀਆ ਔਰ ਬਾਕੀ ਕੌਮੇਂ ਹਿੰਦੁਸਤਾਨ ਮੇਂ ਰਹੀ। ਯਹ ਬਟਵਾਰਾ ਭੀ ਕੁਛ ਲੀਡਰੋਂ ਨੇ ਅਪਨੇ ਨਾਮ ਕੇ ਲੀਏ ਅਪਨੇ ਚੌਦਰਪਨ ਔਰ ਅਪਨੇ ਫਾਇਦੇ ਕੇ ਲੀਏ ਕਰਵਾਇਆ। ਜੋ ਮੁਸਲਮਾਨ ਯਹਾਂ ਸੇ ਵਹਾਂ ਗਏ ਉਨਹੇਂ ਅਭੀ ਭੀ ਮੁਜਾਹਿਰ (ਵਿਦੇਸ਼ੀ) ਕਹਾ ਜਾਤਾ ਹੈ। ਉਨਕਾ ਕੋਈ ਹੱਕ ਨਹੀਂ ਕੋਈ ਸਹੂਲੀਅਤ ਨਹੀਂ ਔਰ ਵੋਹ ਪਾਕਿਸਤਾਨ ਕੀ ਸਿਆਸਤ ਮੇਂ ਭੀ ਹਿੱਸਾ ਨਹੀਂ ਲੇ ਸਕਤੇ।" ਪ੍ਰੀਤੀ ਨੂੰ ਇਹ ਸਭ ਪਤਾ ਨਹੀਂ ਸੀ ਉਸ ਨੇ ਕਿਹਾ, "ਵੋਹ ਭੀ ਤੋ ਮੁਸਲਮਾਨ ਹੈਂ ਦੀਦੀ।"

"ਹਾਂ ਔਰ ਭੀ ਬਹੁਤ ਮੁਸਲਿਮ ਹੈਂ, ਬਲੋਚੀ ਹੈਂ, ਸਿੰਧੀ ਹੈਂ, ਪਖਤੂਨ ਹੈਂ ਔਰ ਸ਼ੀਆ ਹੈਂ, ਜਿਨਹੇਂ ਦੂਸਰੇ ਦਰਜੇ ਕਾ ਸ਼ਹਿਰੀ ਮਾਨਾ ਜਾਤਾ ਹੈ ਇਨਹੇਂ ਅਪਨੇ ਹਕੂਕ ਨਹੀਂ ਮਿਲਤੇ। ਅਪਨੇ ਹੱਕ ਮਾਂਗਤੇ ਹੈਂ ਤੋ ਗੋਲੀ ਖਾਤੇ ਹੈਂ। ਐਸੇ ਲੋਗੋਂ ਪਰ ਜ਼ੁਲਮ ਤਸ਼ੱਦਦ ਹੋਤਾ ਹੈ, ਜਵਾਨ ਲੜਕੇ ਮਾਰੇ ਜਾਤੇ ਹੈਂ ਜਾਂ ਮੁਲਕ ਛੋੜ ਕੇ ਭਾਗ ਜਾਤੇ ਹੈਂ, ਔਰਤੋਂ ਕੀ ਬੇਹੁਰਮਤੀ ਹੋਤੀ ਹੈ। ਸਾਰੇ ਮੁਲਕ ਮੇਂ ਭੁੱਖਮਰੀ ਹੈ। ਜੋ ਮੁਲਕ ਚਲਾਨੇ ਕੇ ਲੀਏ, ਮੁਲਕ ਕੀ ਤਰੱਕੀ ਕੇ ਲੀਏ ਦੂਸਰੇ ਮੁਲਕੋਂ ਸੇ ਪੈਸਾ ਆਤਾ ਹੈ ਵੋਹ ਜਿਹਾਦ ਕੇ ਨਾਮ ਪਰ ਉਗਰਵਾਦੀ ਤਿਆਰ ਕਰਨੇ ਮੇਂ ਖਰਚ ਕੀਆ ਜਾਤਾ ਹੈ। ਯਹਾਂ ਕਸ਼ਮੀਰ ਮੇਂ ਅਲਗਾਵ ਵਾਦੀਓਂ ਕੋ ਭੇਜਾ ਜਾਤਾ ਹੈ ਦਹਿਸ਼ਤ ਫੈਲਾਨੇ ਕੇ ਲੀਏ, ਕਸ਼ਮੀਰੀਓਂ ਕਾ ਬੇੜਾ ਗਰਕ ਕਰਨੇ ਕੇ ਲੀਏ। ਕਿਆ ਹੋ ਰਹਾ ਹੈ ਯਹਾਂ? ਹਰ ਰੋਜ਼ ਕਿਸੀ ਕਾ, ਬੇਟਾ ਭਾਈ ਜਾਂ ਖਾਵੰਦ ਮਾਰਾ ਜਾਤਾ ਹੈ। ਕਿਤਨੀ ਔਰਤੇਂ ਬੇਵਾ ਹੋ ਜਾਤੀ ਹੈ? ਕਿਤਨੇ ਘਰੋਂ ਕੇ ਚਿਰਾਗ਼ ਬੁਝ ਜਾਤੇ ਹੈਂ, ਔਰ ਜਹਾਂ ਯਹ ਅਲਗਾਵਵਾਦੀ ਇਸ ਮੌਤ ਕੇ ਨਾਚ ਕੋ ਅਪਨਾ ਧੰਦਾ ਬਣਾ ਕੇ ਬੈਠੇ ਹੈਂ। ਆਜ਼ਾਦੀ ਕੇ ਬਾਅਦ ਪਾਕਿਸਤਾਨ ਨੇ ਭੀ ਕਿਆ ਕੀਆ, ਬੰਬ ਬਣਾਏ, ਅਸਲਾ ਇਕੱਠਾ ਕੀਆ ਔਰ ਸਭ ਕੁਛ ਕਸ਼ਮੀਰ ਕੋ ਬਰਬਾਦ ਕਰਨੇ ਕੇ ਲੀਏ ਲਗਾ ਦੀਆ। ਜਹਾਂ ਸਿਰਫ਼ ਬਰਬਾਦੀ ਫੈਲਾਈ।"

ਪ੍ਰੀਤੀ ਸਭ ਕੁਝ ਸੁਣਦੀ ਰਹੀ, ਸਮਝ ਤੇ ਉਸ ਨੂੰ ਵੀ ਆ ਰਿਹਾ ਸੀ ਕਿਉਂਕਿ ਉਹ ਆਪ ਵੀ ਭੁਗਤ ਭੋਗੀ ਸੀ। ਉਸਨੇ ਕਿਹਾ, "ਦੀਦੀ ਆਪ ਤੋ ਖ਼ੁਦ ਮੁਸਲਿਮ ਹੈਂ ਔਰ ਐਸੀ ਬਾਤੇਂ ਕਰ ਰਹੀ ਹੈਂ?"

"ਮੈਂ ਮੁਸਲਿਮ ਜ਼ਰੂਰ ਹੂੰ ਪਰ ਪਾਕਿਸਤਾਨ ਪ੍ਰਸਤ ਨਹੀਂ ਹੂੰ। ਹੱਕ ਹਲਾਲ ਕਾ ਕਮਾਤੇ ਹੈਂ, ਆਪਨੇ ਵਤਨ ਕੇ ਵਫਾਦਾਰ ਹੈਂ। ਨੇਕ ਨੀਯਤ ਰੱਖ ਕੇ ਇਬਾਦਤ ਕਰਨੇ ਵਾਲੇ ਸੇ ਰਸੂਲ (ਖ਼ੁਦਾ) ਖੁਸ਼ ਹੋਤਾ ਹੈ। ਹਮ ਅਪਨੇ ਆਪ ਕੋ ਹਿੰਦੋਸਤਾਨੀ ਮਾਨਤੇ ਹੈਂ ਔਰ ਹਮਾਰੇ ਜੈਸੇ ਹਜਾਰੋਂ ਲੋਗ ਹੈ ਜੋ ਵਤਨ ਕੇ ਵਫ਼ਾਦਾਰ ਹੈਂ। ਬਾਕੀ ਸਭ ਠੀਕ ਹੋ ਜਾਏਗਾ, ਕੁਛ ਵਕਤ ਲਗੇਗਾ, ਜਬ ਸਭ ਤਰਫ ਬਰਬਾਦੀ ਹੋ ਜਾਏਗੀ ਲਾਸ਼ੋਂ ਕੇ ਢੇਰ ਬਿਛੇ ਹੋਂਗੇ ਤਬ ਲੋਗੋਂ ਕੋ ਸਮਝ ਆਏਗੀ ਪਰ ਤਬ ਤਕ ਬਹੁਤ ਦੇਰ ਹੋ ਗਈ ਹੋਗੀ। ਮੈਂ ਤੋ ਤੁਮਹੇਂ

ਲੈਕਚਰ ਦੇਤੀ ਰਹਿਤੀ ਹੂੰ। ਕਿਆ ਕਰੂੰ ਆਦਤ ਸੇ ਮਜ਼ਬੂਰ ਹੂੰ, ਪ੍ਰੋਫੈਸਰ ਜੋ ਹੂੰ।" ਕਹਿ ਕੇ ਜਾਣ ਲਈ ਸ਼ਮੀਮ ਖੜੀ ਹੋਈ, "ਅਬ ਚਲਤੀ ਹੂੰ।"

"ਦੀਦੀ ਆਪ ਸੱਚ-ਮੁੱਚ ਬਹੁਤ ਨੇਕ ਹੈਂ। ਮੁਝੇ ਆਪ ਸੇ ਬਹੁਤ ਸੀਖ ਮਿਲਤੀ ਹੈ, ਸਕੂਨ ਮਿਲਤਾ ਹੈ।"

## 23

**ਪ੍ਰੀ**ਤੀ ਨੇ ਥੋੜਾ ਬਹੁਤਾ ਬਾਹਰ ਜਾਣਾ ਸ਼ੁਰੂ ਕੀਤਾ। ਬੱਚਿਆਂ ਨੂੰ ਲੈ ਕੇ ਸਬਜੀ ਜਾਂ ਦੁੱਧ ਲੈਣ ਚਲੀ ਜਾਂਦੀ। ਹਮੇਸ਼ਾ ਫੌਜੀਆਂ ਦੀ ਨਜ਼ਰ ਉਸ ਦੀ ਹਿਫਾਜਤ ਵਿਚ ਰਹਿੰਦੀ। ਪੈਸੇ ਦੀ ਲੋੜ ਉਸ ਦੀ ਉਹ ਫੌਜੀ ਪੁਲੀਸ ਵਾਲੇ ਕਰ ਦੇਂਦੇ। ਦੋ ਦੋ ਸੌ ਰੁਪੈ ਇਕੱਠੇ ਕਰ ਕੇ ਉਸ ਨੂੰ ਦੇ ਦੇਂਦੇ। ਪ੍ਰੀਤੀ ਦਾ ਬੇਟਾ ਵੀ ਗਲੀ ਵਿਚ ਜਾ ਕੇ ਉਹਨਾਂ ਦੇ ਨਾਲ ਖੇਡ ਲੈਂਦਾ। ਥੋੜ੍ਹੀਆਂ ਲੱਤਾਂ ਸਿੱਧੀਆਂ ਕਰ ਲੈਂਦਾ। ਇਸ ਤਰ੍ਹਾਂ ਛੇ ਮਹੀਨੇ ਤੋਂ ਵਧ ਵਕਤ ਬੀਤ ਗਿਆ। ਇਸ ਦੌਰਾਨ ਪ੍ਰੀਤੀ ਨਿਰਭੈ ਰਹੀ ਤੇ ਖੁਸ਼ ਸੀ। ਗੁਟਕਾ ਫੌਜੀਆਂ ਨੇ ਲਿਆ ਦਿੱਤਾ ਸੀ, ਪਾਠ ਕਰਦੀ ਤੇ ਵਾਹਿਗੁਰੂ ਕੋਲੋਂ ਭੁੱਲਾਂ ਬਖਸ਼ਾਂਦੀ। ਅਰਦਾਸ ਕਰਦੀ ਕਿ ਸੱਚੇ ਪਾਤਸ਼ਾਹ! ਔਖੀ ਘੜੀ ਨਾ ਲਿਆਵੀਂ। ਇਹ ਮੇਰੇ ਉਪਕਾਰੀ ਭਰਾ ਇਥੇ ਹੀ ਰਹਿਣ। ਅਗਰ ਇਹ ਚਲੇ ਗਏ ਤਾਂ ਕੀ ਬਣੇਗਾ ਫਿਰ ਮੇਰਾ? ਫਿਰ ਉਹੀ ਜਿਸਮ- ਫਰੋਸ਼ੀ ਤੇ ਪਤਿਤ ਹੁੰਦੀ ਰਹਾਂਗੀ। ਮੇਹਰ ਕਰੀਂ ਮੇਰੇ ਵਾਹਿਗੁਰੂ ਹੁਣ ਕਿਸੇ ਹੋਰ ਦੇ ਮੁਥਾਜ ਨਾ ਕਰੀਂ।" ਸੋਚਦੇ ਤੇ ਅਰਦਾਸ ਕਰ ਕੇ ਉਸ ਦੀਆਂ ਅੱਖਾਂ ਭਰ ਆਂਦੀਆਂ ਤੇ ਰੂਹ ਕੰਬ ਉਠਦੀ।

ਇਕ ਦਿਨ ਹੇਠਲੇ ਦਰਵਾਜੇ ਤੇ ਦਸਤਕ ਹੋਈ। ਖਿੜਕੀ ਵੱਲ ਉਸਨੇ ਵੇਖਿਆ। ਹਵਾਲਦਾਰ ਜੀ ਖੜੇ ਸਨ। ਹੇਠ ਆਈ, ਫਤਿਹ ਬੁਲਾਈ ਤੇ ਪੁੱਛਿਆ, "ਹਾਂ ਜੀ"।

"ਤੇਰੇ ਕੋਲ ਮੋਬਾਇਲ ਹੈ ਪੁੱਤਰ?"

"ਨਹੀਂ ਜੀ"

"ਇਹ ਸਸਤਾ ਜਿਹਾ ਮੋਬਾਇਲ ਤੇਰੇ ਲਈ ਲਿਆਂਦਾ ਹੈ।"

"ਵੀਰ ਜੀ ਮੇਰੇ ਕਿਸ ਕੰਮ? ਮੈਨੂੰ ਤੇ ਚਲਾਣਾ ਵੀ ਨਹੀਂ ਆਂਦਾ। ਪ੍ਰੀਤੀ ਨੇ ਕਿਹਾ।

"ਕੋਈ ਗੱਲ ਨਹੀਂ ਮੈਂ ਤੇਰੇ ਕਾਕੇ ਨੂੰ ਸਿਖਾ ਦਿਆਂਗਾ।"

"ਪਰ ਅਸੀਂ ਕਿਸ ਨਾਲ ਗੱਲ ਕਰਨੀ ਹੈ ਵੀਰ ਜੀ? ਸਾਡਾ ਇਥੇ ਕੌਣ ਹੈ?"

"ਮੈਂ ਤੇਰਾ ਵੀਰ ਹਾਂ ਨਾ? ਤੂੰ ਮੇਰੇ ਨਾਲ ਗੱਲ ਕਰ ਸਕਦੀ ਹੈਂ।"

"ਹਾਂ ਉਹ ਤੇ ਠੀਕ ਹੈ ਵੀਰ ਜੀ! ਪਰ ਤੁਸੀਂ ਤੇ ਰੋਜ਼ ਹੀ ਇਥੇ ਆਉਂਦੇ ਹੋ।"

"ਪਰ ਬੀਬਾ! ਸਾਡੀ ਕੰਪਨੀ ਇਥੋਂ ਬਦਲ ਗਈ ਹੈ। ਦੂਜੀ ਨਫ਼ਰੀ ਆਏਗੀ।"

"ਇਹ ਕੀ ਕਹਿ ਰਹੇ ਹੋ ਵੀਰ ਜੀ?"

"ਠੀਕ ਕਹਿ ਰਿਹਾ ਹਾਂ ਮੇਰੀ ਭੈਣ!"

"ਮੈਨੂੰ ਤੇ ਅੱਜ ਹੀ ਸਵੇਰੇ ਅਰਦਾਸ ਕਰਦਿਆਂ ਫੁਰਨਾ ਆਇਆ ਸੀ ਕਿ ਕਿਦੇ ਤੁਸੀਂ ਚਲੇ ਗਏ ਤੇ ਸਾਡਾ ਕੀ ਹੋਏਗਾ?"

"ਚਿੰਤਾ ਦੀ ਕੋਈ ਗੱਲ ਨਹੀਂ। ਜਿਹੜੀ ਵੀ ਟੁੱਕੜੀ ਆਏਗੀ ਉਹਨਾਂ ਨੂੰ ਮੈਂ ਪੱਕਾ ਕਰਕੇ ਜਾਵਾਂਗਾ। ਪੂਰਾ ਖਿਆਲ ਰੱਖਣਗੇ। ਕਿਰਾਇਆ ਮੈਂ ਤੈਨੂੰ ਹਰ ਮਹੀਨੇ ਭੇਜ ਦਿਆਂਗਾ। ਨਾਲੇ ਖਰਚੇ ਲਈ ਵੀ ਕੁਝ ਪੈਸੇ। ਬਾਕੀ ਕੋਈ ਗੱਲ ਹੋਈ ਕੋਈ ਸਮੱਸਿਆ ਹੋਈ ਤਾਂ ਮੈਨੂੰ ਫੋਨ ਕਰ ਦੇਣਾ ਇਸੇ ਲਈ ਤੇਰੇ ਵਾਸਤੇ ਫੋਨ ਲਿਆਂਦਾ ਹੈ।" ਪੂਰਾ ਭਰੋਸਾ ਤੇ ਵਿਸ਼ਵਾਸ ਦਿੱਤਾ ਹਵਾਲਦਾਰ ਨੇ।"

"ਪਰ ਤੁਸੀਂ ਜਾਣਾ ਕਦੋਂ ਹੈ?"

"ਹਾਲੀ ਹਫਤਾ ਲਗ ਜਾਏਗਾ ਪਰ ਫੌਜ ਦਾ ਕੀ ਹੈ ਜਦੋਂ ਹੁਕਮ ਹੋ ਜਾਏ ਜਾਣਾ ਪੈਂਦਾ ਹੈ। ਬਾਕੀ ਮੈਂ ਸ੍ਰੀਨਗਰ ਹੀ ਕਿਸੇ ਹੋਰ ਟਿਕਾਣੇ 'ਤੇ ਰਹਾਂਗਾ। ਕਦੀ ਵਕਤ ਮਿਲਿਆ ਤਾਂ ਜ਼ਰੂਰ ਆਵਾਂਗਾ। ਦਰਵਾਜੇ ਤੇ ਹੀ ਸਾਰੀਆਂ ਗੱਲਾਂ ਕੀਤੀਆਂ, ਬਹੁਤ ਕਹਿਣ ਤੇ ਵੀ ਉੱਪਰ ਨਹੀਂ ਆਏ। ਇਹ ਚਰਿਤ੍ਰ ਹੁੰਦਾ ਹੈ ਇਕ ਜ਼ਿੰਮੇਂਦਾਰ ਤੇ ਵਚਨ ਦੇ ਧਨੀ ਦਾ।

ਪ੍ਰੀਤੀ ਨੂੰ ਫਿਰ ਚਿੰਤਾ ਹੋ ਗਈ, ਸਵੇਰੇ ਹੀ ਸੋਚਦੀ ਸੀ ਤੇ ਸ਼ਾਮ ਨੂੰ ਖਿਆਲ ਸੱਚ ਹੋ ਗਿਆ। ਭਾਵੇਂ ਫੌਜੀ ਵੀਰ ਨੇ ਪੂਰਾ ਭਰੋਸਾ ਦਿੱਤਾ ਸੀ ਪਰ ਉਹਨਾਂ ਵਰਗਾ ਤੇ ਕੋਈ ਨਹੀਂ ਹੋ ਸਕਦਾ। ਇਸੇ ਚਿੰਤਾ ਵਿਚ ਰਾਤ ਗੁਜ਼ਾਰੀ। ਦੂਜੇ ਦਿਨ ਸ਼ਾਮ ਤਕ ਉਹ ਕੰਪਨੀ ਤਬਦੀਲ ਹੋ ਗਈ ਸੀ। ਦੂਜੀ ਟੁਕੜੀ ਆ ਗਈ ਸੀ। ਉਹਨਾਂ ਨੇ ਚਾਰਜ ਲੈ ਲਿਆ ਤੇ ਪ੍ਰੀਤੀ ਦਾ ਫੌਜੀ ਵੀਰ ਚਲਾ ਗਿਆ। ਭਾਵੇਂ ਉਹ ਨਵੇਂ ਇੰਚਾਰਜ ਨੂੰ ਸਭ ਕੁਝ ਸਮਝਾ ਗਿਆ ਸੀ ਨਵਾਂ ਬੰਦਾ ਮਰਾਠੀ ਸੀ, ਉੱਚਾ, ਲੰਬਾ, ਤਕੜਾ ਤੇ ਉਸ ਨੇ ਅਲੱਗ ਅਲੱਗ ਸਥਾਨਾਂ ਤੇ ਤਾਇਨਾਤੀ ਕੀਤੀ। ਪ੍ਰੀਤੀ ਦੇ ਘਰ ਦੇ ਕੋਲ ਵਾਲੀ ਚੌਕੀ ਬਦਲ ਦਿੱਤੀ ਹਾਂ ਇਹ ਜ਼ਰੂਰ ਸੀ ਕਿ ਪੰਦਰਾਂ ਵੀਹਾਂ ਮਿੰਟਾਂ ਬਾਅਦ ਗਸ਼ਤ ਲਗ ਜਾਂਦੀ ਸੀ, ਸਾਰੀ ਰਾਤ ਗਸ਼ਤ ਹੁੰਦੀ ਸੀ। ਨਵੇਂ ਫੌਜੀ ਹਵਾਲਦਾਰ ਨੇ ਇਕ ਸ਼ਾਮ ਪ੍ਰੀਤੀ ਦਾ ਦਰਵਾਜਾ ਖੜਕਾਇਆ ਪ੍ਰੀਤੀ ਹੇਠ ਆਈ ਉਸ ਨੇ ਬੜੇ ਆਦਰ ਨਾਲ ਨਮਸਤੇ ਕਰਦੇ ਕਿਹਾ। ਮੈਂ ਵਸੰਤ ਰਾਉ ਹੂੰ, ਮਰਾਠੀ ਹੂੰ, ਸ੍ਰੀਨਗਰ ਮੇਂ ਏਕ ਸਾਲ ਸੇ ਹਮਾਰੀ ਬਟਾਲਿਅਨ ਹੈ। ਸਰਦਾਰ ਭਾਜੀ ਔਰ ਮੇਰੀ ਏਕ ਹੀ ਬਟਾਲਿਅਨ ਹੈ, ਕੰਪਨੀ ਅਲੱਗ ਹੈ। ਵੋਹ ਮੇਰੇ ਭਾਈ ਹੈਂ ਬਹੁਤ ਅੱਛੇ ਆਦਮੀ ਹੈ ਕਹਿ ਕੇ ਗਏ ਹੈਂ ਕਿ ਵੋਹ ਆਪ ਕੋ ਬਹਿਨ ਮਾਨਤੇ ਹੈਂ। ਆਪ ਫਿਕਰ ਨਹੀਂ ਕਰਨਾ ਆਪ ਮੇਰੀ ਭੀ ਬਹਿਨ ਜੈਸੀ ਹੈਂ। ਹਮ ਭਾਰਤੀ ਹੈਂ ਕਿਸੀ ਸ਼ਹਿਰ

ਕੇ ਹੋਂ ਯਾ ਕਿਸੀ ਪ੍ਰਦੇਸ਼ ਕੇ ਹਮ ਔਰਤ ਕੀ ਇੱਜਤ ਮਾਨ ਔਰ ਸਨਮਾਨ ਕਰਤੇ ਹੈਂ।"

"ਧੰਨਵਾਦ ਭਾਈ ਸਾਹਿਬ! ਵੀਰ ਜੀ ਕੇ ਜਾਨੇ ਕੇ ਬਾਅਦ ਮੈਂ ਬਹੁਤ ਚਿੰਤਾ ਮੇਂ ਥੀ।"

"ਚਿੰਤਾ ਕੀ ਕੋਈ ਬਾਤ ਨਹੀਂ। ਹਮ ਆਗੇ ਪੀਛੇ ਹੀ ਹੋਂਗੇ। ਅਬ ਕੁਛ ਦਿਨੋਂ ਸੇ ਪੱਥਰ-ਬਾਜੀ ਬੜ ਗਈ ਹੈ। ਗਲੀਉਂ ਕੇ ਅੰਦਰ ਭੀ ਪੱਥਰ ਮਾਰਤੇ ਹੈਂ, ਅਪਨੀ ਖਿੜਕੀਉਂ ਸੇ ਉਬਲਤਾ ਪਾਣੀ ਫੇਂਕਤੀ ਹੈਂ ਔਰਤੇਂ। ਹਮਾਰੇ ਕਈ ਜਵਾਨ ਜ਼ਖਮੀ ਹੋ ਜਾਤੇ ਹੈਂ। ਭਗਵਾਨ ਜਾਨੇ ਇਨਕਾ ਕਿਆ ਹੋਗਾ? ਯਹ ਲੋਗ ਹਮੇਂ ਦੁਸ਼ਮਨ ਸਮਝਤੇ ਹੈਂ ਔਰ ਹਮ ਭੀ ਅਪਨੇ ਆਪ ਕੋ ਵਿਦੇਸ਼ੀ ਧਰਤੀ ਮੇਂ ਤਾਇਨਾਤ ਹੂਏ ਸਮਝਤੇ ਹੈਂ। ਚਲੋ ਠੀਕ ਹੈ। ਦਰਵਾਜਾ ਬੰਦ ਕਰ ਲੋ। ਤੇ ਭਰੋਸਾ ਦੇ ਕੇ ਵਸੰਤ ਰਾਉ ਚਲਾ ਗਿਆ।

ਪ੍ਰੀਤੀ ਚਿੰਤਾ ਮੁਕਤ ਸੀ। ਪਰ ਗਲੀ ਵਿਚ ਹੁਣ ਸ਼ੋਰ ਜ਼ਿਆਦਾ ਹੋਣ ਲੱਗਾ। ਗੋਲੀ ਬਾਰੀ ਹੁੰਦੀ। ਕਈ ਲੋਕ ਮਰ ਵੀ ਜਾਂਦੇ, ਕਦੀ ਕੋਈ ਫੌਜੀ ਵੀ ਧੋਖੇ ਨਾਲ ਮਾਰ ਦਿੱਤਾ ਜਾਂਦਾ। ਔਰਤਾਂ ਵੀ ਟੋਲੀਆਂ ਬਣਾ ਕੇ ਨਿਕਲਦੀਆਂ "ਹਿੰਦੋਸਤਾਨ ਮੁਰਦਾਬਾਦ" "ਪਾਕਿਸਤਾਨ ਜਿੰਦਾਬਾਦ" ਦੇ ਨਾਅਰੇ ਲਗਾਂਦੀਆਂ, ਲਾਠੀ-ਚਾਰਜ ਕਰ ਕੇ ਉਹਨਾਂ ਨੂੰ ਵੀ ਭਜਾਣਾ ਪੈਂਦਾ। ਇਹੋ ਜਿਹੇ ਵਾਤਾਵਰਣ ਵਿਚ ਰਹਿੰਦੇ ਪ੍ਰੀਤੀ ਨੂੰ ਚਾਰ ਸਾਲ ਤੋਂ ਵਧ ਸਮਾਂ ਹੋ ਗਿਆ ਸੀ। ਕਦੀ-ਕਦੀ ਪ੍ਰੋਫੈਸਰ ਸ਼ਮੀਮ ਆ ਜਾਂਦੀ, ਮਿਲ ਜਾਂਦੀ ਤੇ ਬਹੁਤ ਕੁਛ ਸਮਝਾ ਜਾਂਦੀ।

ਇਕ ਦਿਨ ਫਿਰ ਸ਼ਮੀਮ ਆਈ, ਢੇਰ ਸਾਰੇ ਫਲ ਪ੍ਰੀਤੀ ਤੇ ਉਸ ਦੇ ਬੱਚਿਆਂ ਵਾਸਤੇ ਲੈ ਕੇ ਆਈ। ਹਾਲ-ਚਾਲ ਪੁੱਛਿਆ ਫਿਰ ਬੈੱਡ 'ਤੇ ਬੈਠ ਗਈ। ਕਿਹਾ "ਸੁਨਾ ਹੈ ਫੌਜੀਆਂ ਕੇ ਸਾਥ ਆਪ ਕਾ ਬਹੁਤ ਮੇਲ ਜੋਲ ਹੈ?"

"ਵੇਸੇ ਹੀ ਦੀਦੀ ਮਜ਼ਬੂਰ ਅਬਲਾ ਸਮਝ ਕੇ ਕਬੀ ਥੋੜੀ ਮਦਦ ਕਰ ਦੇਤੇ ਹੈਂ।"

"ਉਨਕਾ ਯਹਾਂ ਆਨਾ ਜਾਨਾ ਭੀ ਹੈ।"

"ਨਹੀਂ ਯਹਾਂ ਕੋਈ ਨਹੀਂ ਆਤਾ, ਮੈਂ ਹੀ ਨੀਚੇ ਸੀੜੀ ਉੱਤਰ ਕੇ ਕਬੀ ਚਲੀ ਜਾਤੀ ਹੂੰ।"

"ਯਹਾਂ ਕੇ ਲੋਗ ਤੁਮ ਸੇ ਬਹੁਤ ਨਾਰਾਜ਼ ਹੈਂ ਕਹਿਤੇ ਹੈਂ ਜਾਸੂਸ ਹੈ।"

"ਆਪ ਤੋ ਜਾਨਤੀ ਹੈਂ ਮੈਂ ਕਹੀਂ ਜਾਤੀ ਨਹੀਂ, ਘਰ ਸੇ ਨਿਕਲਤੀ ਨਹੀਂ, ਕਿਸੀ ਸੇ ਮੁਹੱਲੇ ਮੇਂ ਜਾਨ-ਪਹਿਚਾਣ ਨਹੀਂ ਤੋ ਜਾਸੂਸੀ ਕਿਸ ਕੀ ਕਰੂੰਗੀ?"

"ਵੈਸੇ ਯਹ ਲੋਗ ਤੁਮਹੇਂ ਯਹਾਂ ਸੇ ਨਿਕਾਲਨੇ ਕੇ ਚੱਕਰ ਮੇਂ ਹੈਂ। ਬਹੁਤ ਘਟੀਆ ਸੋਚਤੇ ਹੈਂ। ਬਦਨਾਮ ਕਰਤੇ ਹੈਂ, ਕਹਿਤੇ ਹੈਂ ਇਸ ਨੇ ਚਕਲਾ ਖੋਲ੍ਹ ਰੱਖਾ ਹੈ। ਬਹਤੁ ਲੋਗੋਂ ਕੋ ਮੈਨੇ ਸਮਝਾਇਆ ਹੈ ਕਿ "ਐਸੀ ਕੋਈ ਬਾਤ ਨਹੀਂ ਹੈ, ਮੁਸੀਬਤ ਕੀ ਮਾਰੀ ਹੈ,

ਫਿਆਜ਼ ਨੇ ਧੋਖਾ ਦੀਆ ਹੈ ਇਸੇ, ਇਸ ਕੀ ਜ਼ਿੰਦਗੀ ਤਬਾਹ ਕੀ ਹੈ। ਔਰ ਤੁਮ ਲੋਗ ਬੇਚਾਰੀ ਕੋ ਜਾਸੂਸ ਕਹਿਤੇ ਹੋ? ਔਰ ਧੰਦਾ ਕਰਨੇ ਵਾਲੀ ਕਹਿਤੇ ਹੋ। ਸ਼ਰਮ ਆਨੀ ਚਾਹੀਏ ਆਪ ਸਭ ਕੋ।" ਮੇਰੀ ਬਾਤ ਕੁਛ ਲੋਗ ਤੋ ਮਾਨਤੇ ਹੈਂ ਪਰ ਸਬ ਨਹੀਂ।"

"ਮੈਂ ਯਹਾਂ ਸੇ ਨਿਕਲ ਕਰ ਕਹਾਂ ਜਾਊਂਗੀ ਦੀਦੀ?"

"ਫਿਕਰ ਨਾ ਕਰੋ ਕੋਈ ਰਾਸਤਾ ਨਿਕਾਲੂੰਗੀ।" ਸ਼ਮੀਮ ਨੇ ਕਹਾ।

"ਪਰ ਤੁਮ ਹੁਸ਼ਿਆਰ ਬਣ ਕੇ ਰਹਿਨਾ ਯਹ ਮਕਾਨ ਵਾਲਾ ਭੀ ਬਹੁਤ ਗੰਦਾ ਔਰ ਕਮੀਨਾ ਹੈ। ਬਚਪਨ ਸੇ ਯਹੀਂ ਰਹਾ ਹੈ। ਸਬ ਇਸ ਕੀ ਫਿਤਰਤ ਸੇ ਵਾਕਿਫ ਹੈਂ। ਬਹੁਤ ਹੀ ਘਟੀਆ ਔਰ ਅਯਾਸ਼ ਕਿਸਮ ਕਾ ਆਦਮੀ ਹੈ। ਸ਼ਰਾਬ ਭੀ ਪੀਤਾ ਹੈ। ਵੈਸੇ ਪੈਸੇ ਵਾਲਾ ਹੈ। ਯਹਾਂ ਸੇ ਛਤਾਬਲ ਚਲੇ ਗਏ ਹੈਂ। ਖਾਨਦਾਨੀ ਕਾਰੋਬਾਰੀ ਹੈ। ਇਸ ਸੇ ਬਚ ਕੇ ਰਹਿਨਾ। ਯਹ ਅੱਛੀ ਬਾਤ ਹੈ ਕਿ ਫੌਜ ਯਹਾਂ ਤਾਇਨਾਤ ਹੈ। ਗਸ਼ਤ ਹੋਤੀ ਰਹਿਤੀ ਹੈ ਔਰ ਤੁਮ ਮਹਫੂਜ਼ ਹੋ। ਯਹੀ ਜਲਨ ਹੈ ਹਰਾਮੀ ਲੋਗੋਂ ਕੋ।"

"ਹਾਂ ਦੀਦੀ! ਮੈਂ ਬੀ ਸਮਝਤੀ ਹੂੰ। ਪਰ ਪ੍ਰੀਤੀ ਮਕਾਨ ਮਾਲਿਕ ਦਾ ਕੀ ਦਸਦੀ? ਕਿ ਉਸ ਨੇ ਪਹਿਲੇ ਹੀ ਉਸ ਦੀ ਮਜ਼ਬੂਰੀ ਦਾ ਫਾਇਦਾ ਉਠਾਇਆ ਹੈ, ਕਿਰਾਇਆ ਲੈਣ ਵਾਸਤੇ ਉਸ ਨੂੰ ਕਈ ਵਾਰੀ ਬੇਪਤ ਕਰ ਚੁੱਕਿਆ ਹੈ ਤੇ ਫਿਰ ਮੌਕੇ ਦੀ ਤਲਾਸ਼ ਵਿਚ ਹੈ।

"ਬਸ ਅਪਨਾ ਖਿਆਲ ਰਖਨਾ।"

"ਦੀਦੀ ਆਪ ਅਪਨਾ ਮੋਬਾਇਲ ਨੰਬਰ ਮੁਝੇ ਦੇਂ।"

"ਤੁਮਾਰੇ ਪਾਸ ਮੋਬਾਇਲ ਹੈ ਕਿਆ?"

"ਹਾਂ ਜੀ। ਠੀਕ ਹੈ ਨੰਬਰ ਲੇ ਲੋ।" ਨੰਬਰ ਦੇ ਕੇ ਸ਼ਮੀਮ ਚਲੀ ਗਈ ਤੇ ਸਵੇਰੇ ਮੁਹੱਲੇ ਵਿਚ ਸ਼ੋਰ ਪੈ ਗਿਆ ਕਿ ਹਵਾਲਦਾਰ ਵਸੰਤ ਰਾਉ ਤੇ ਗਰਨੇਡ ਸੁੱਟਿਆ ਗਿਆ ਹੈ ਤੇ ਉਸ ਦੀ ਮੌਤ ਹੋ ਗਈ ਹੈ। ਇਹ ਖ਼ਬਰ ਤਾਂ ਪ੍ਰੀਤੀ ਲਈ ਉਸ ਦੀ ਆਪਣੀ ਮੌਤ ਵਰਗੀ ਸੀ। ਫੁੱਟ ਫੁੱਟ ਕੇ ਰੋਂਦੀ ਰਹੀ ਜਿਵੇਂ ਉਸ ਦਾ ਆਪਣਾ ਕੋਈ ਸਕਾ ਮਰ ਗਿਆ ਹੋਵੇ। ਕੇਵਲ ਇਕ ਹੀ ਵਾਰ ਉਸ ਨੂੰ ਮਿਲੀ ਸੀ। ਪਰ ਆਪਣੇ ਕਿਸੇ ਸਕੇ ਰਿਸ਼ਤੇ ਦੇ ਚਲੇ ਜਾਣ ਦਾ ਉਸ ਨੂੰ ਦੁੱਖ ਸੀ। ਉਸ ਨੂੰ ਜਾਪਿਆ ਕਿ ਉਹ ਬੇ-ਸਹਾਰਾ ਹੋ ਗਈ ਹੈ। ਫਿਰ ਤੋਂ ਹਫੀਜ਼ ਵਰਗੇ ਦਰਿੰਦਿਆਂ ਨੂੰ ਉਸ ਦਾ ਮਾਸ ਨੋਚਣ ਦਾ ਮੌਕਾ ਮਿਲੇਗਾ। ਹੁਣ ਕੀ ਕਰੇਗੀ? ਕਿਵੇਂ ਆਪਣੇ ਆਪ ਨੂੰ ਇਹਨਾਂ ਜਰਵਾਨਿਆਂ ਤੋਂ ਬਚਾਏਗੀ? ਪ੍ਰੀਤੀ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਆਉਣ ਵਾਲਾ ਸਮਾਂ ਲੰਘਾਣਾ ਉਸ ਨੂੰ ਕਠਿਨ ਜਾਪਿਆ ਕੀ ਕੋਈ ਉਸ ਦੀ ਸਹਾਇਤਾ ਕਰੇਗਾ? ਸਿਰਫ ਹੁਣ ਉਮੀਦ ਹਵਾਲਦਾਰ ਵੀਰ ਤੇ ਸੀ। ਉਸ ਨੂੰ ਹੀ ਕਲ੍ਹ ਫੋਨ ਕਰੇਗੀ। ਸੋਚਦੀ ਸੋਚਦੀ ਸੌਂ ਗਈ।

ਸਵੇਰੇ ਗਲੀ ਵਿਚ ਕਾਫੀ ਸ਼ੋਰ ਸੀ। ਉਸ ਦੀ ਨੀਂਦ ਖੁਲ੍ਹ ਗਈ ਖਿੜਕੀ ਖੋਲ੍ਹ ਕੇ ਵੇਖਿਆ ਹੇਠ ਭੀੜ ਇੱਕਠੀ ਹੋਈ ਸੀ ਤੇ ਪ੍ਰੀਤੀ ਨੂੰ ਮਕਾਨ ਖਾਲੀ ਕਰਨ ਵਾਸਤੇ ਸ਼ੋਰ ਕਰੇ ਰਹੇ ਸਨ, "ਮਕਾਨ ਖਾਲੀ ਕਰੋ! ਮਕਾਨ ਖਾਲੀ ਕਰੋ! ਹਮ ਯਹਾਂ ਨਹੀਂ ਰਹਿਨੇ ਦੇਂਗੇ, ਕਿਸੀ ਹਿੰਦੁਸਤਾਨੀ ਕੋ ਅਪਨੀ ਬਸਤੀ ਮੇਂ, ਆਪਨੇ ਮੁਹੱਲੇ ਮੇਂ ਨਹੀਂ ਰਹਿਨੇ ਦੇਂਗੇ।" ਪੌੜੀਆਂ ਦਾ ਦਰਵਾਜਾ ਤੋੜਨ ਦੀ ਕੋਸ਼ਿਸ਼ ਕਰ ਰਹੇ ਸਨ। ਵੇਖਦੇ-ਵੇਖਦੇ ਫਿਰ ਫੌਜ ਆ ਗਈ ਭੀੜ ਨੂੰ ਭਜਾਣ ਦੀ ਕੋਸ਼ਿਸ਼ ਕੀਤੀ। ਇਕ ਸਾਈਡ ਤੋਂ ਭੱਜਦੇ ਸਨ ਦੂਸਰੀ ਤਰਫੋਂ ਫਿਰ ਆ ਜਾਂਦੇ ਸਨ। ਕਾਫੀ ਦੇਰ ਇਹੋ ਹੀ ਸਿਲਸਿਲਾ ਚਲਦਾ ਰਿਹਾ ਐਨੇ ਨੂੰ ਹਫੀਜ਼ ਆ ਗਿਆ ਜਿਹਦਾ ਮਕਾਨ ਸੀ। ਭੀੜ ਨੇ ਉਸ ਨੂੰ ਘੇਰ ਲਿਆ, "ਮਕਾਨ ਖਾਲੀ ਕਰਾਉ! ਹਮਨੇ ਇਸ ਔਰਤ ਕੋ ਮੁਹੱਲੇ ਮੇਂ ਨਹੀਂ ਰਹਿਨੇ ਦੇਨਾ।"

ਹਫੀਜ਼ ਨੇ ਉੱਚੀ ਆਵਾਜ਼ ਵਿਚ ਪੁੱਛਿਆ, "ਕਿਆ ਬਾਤ ਹੈ?"

"ਅਪਨਾ ਮਕਾਨ ਖਾਲੀ ਕਰਾਓ ਯਹ ਔਰਤ ਯਹਾਂ ਨਹੀਂ ਰਹਿ ਸਕਤੀ।"

"ਮਸਲਾ ਕਿਆ ਹੈ?"

"ਯਹ ਜਾਸੂਸ ਹੈ, ਇਸ ਕਾ ਚਾਲ-ਚਲਨ ਠੀਕ ਨਹੀਂ ਹੈ।"

"ਐਸਾ ਕੁਝ ਨਹੀਂ ਹੈ। ਨਾ ਯਹ ਜਾਸੂਸ ਹੈ ਨਾ ਹੀ ਇਸ ਕੇ ਚਾਲ-ਚਲਨ ਪਰ ਕੋਈ ਉਂਗਲੀ ਉਠਾ ਸਕਤਾ ਹੈ। ਤੁਮ ਲੋਗੋਂ ਕੋ ਗਲਤ ਫਹਿਮੀ ਹੁਈ ਹੈ। ਮੈਨੇ ਇਸ ਕੋ ਅਪਨੇ ਘਰ ਰੱਖਾ ਹੈ ਇਸ ਕੀ ਸਾਰੀ ਜ਼ਿੰਮੇਂਦਾਰੀ ਮੇਰੀ ਹੈ। ਤੁਮ ਲੋਗ ਯਹਾਂ ਸੇ ਚਲੇ ਜਾਉ, ਦੁਬਾਰਾ ਇਸ ਕੋ ਪ੍ਰੇਸ਼ਾਨ ਕਰਨੇ ਕੇ ਲੀਏ ਇਕੱਠੇ ਨਹੀਂ ਹੋਨਾ। ਕਿਸੀ ਕੋ ਕੋਈ ਸਮੱਸਿਆ ਹੈ ਤੋ ਮੇਰੇ ਸੇ ਬਾਤ ਕਰਨਾ। ਮੇਰਾ ਮੋਬਾਈਲ ਨੰਬਰ ਅਪਨੇ ਪਾਸ ਰਖਨਾ। ਜ਼ਿੰਮੇਵਾਰ ਸ਼ਹਿਰੀ ਬਨਕੇ ਰਹੋ। ਕਿਸੀ ਕੇ ਭੜਕਾਨੇ ਸੇ ਮਾਹੌਲ ਖਰਾਬ ਨ ਕਰੋ।" ਭਾਸ਼ਨ ਦੇ ਕੇ ਭੀੜ ਨੂੰ ਜਾਣ ਲਈ ਕਿਹਾ। ਸਾਰੇ ਲੋਗ ਖਿੰਡਰ ਗਏ। ਇਹ ਉਹੀ ਨੌਜਵਾਨਾਂ ਦੀ ਟੋਲੀ ਸੀ ਜਿਹੜੇ ਪੈਸਾ ਲੈ ਕੇ ਭੈ ਫੈਲਾਂਦੇ ਸਨ। ਇਸ ਵਿਚ ਵੀ ਹਾਫਿਜ਼ ਦੀ ਚਾਲ ਸੀ। ਤਾਂ ਜੋ ਪ੍ਰੀਤੀ ਨੂੰ ਤੇ ਉਸ ਦੇ ਮਦਦਗਾਰਾਂ ਨੂੰ ਕੋਨੇ ਲਗਾਇਆ ਜਾਵੇ ਤੇ ਆਪਣੇ ਆਣ ਦੀ ਰਾਹ ਹਮਵਾਰ ਕੀਤੀ ਜਾਏ।

ਭੀੜ ਦੇ ਜਾਣ ਪਿੱਛੋਂ ਹਫੀਜ਼ ਉੱਪਰ ਆ ਗਿਆ ਤੇ ਪ੍ਰੀਤੀ ਨੂੰ ਬੋਲਿਆ, "ਦੇਖੋ ਹਮ ਸਭ ਲੋਗ ਹਿੰਦੁਸਤਾਨ ਔਰ ਫੌਜੀਓਂ ਕੇ ਖ਼ਿਲਾਫ਼ ਹੈਂ ਕੋਈ ਨਹੀਂ ਚਾਹਤਾ ਕਿ ਤੁਮ ਇਨਸੇ ਰਾਬਤਾ ਰੱਖੋ। ਇਨਕੋ ਸ਼ੱਕ ਪੜਤਾ ਹੈ ਕਿ ਤੁਮ ਜਾਸੂਸੀ ਕਰਤੀ ਹੋ। ਮੁਹੱਲੇ ਕੀ ਸਾਰੀ ਖ਼ਬਰ ਫੌਜੀਓਂ ਕੋ ਦੇਤੀ ਹੋ।"

"ਮੁਝੇ ਤੋ ਮੁਹੱਲੇ ਕੀ ਕਿਸੀ ਖ਼ਬਰ ਕਾ ਪਤਾ ਹੀ ਨਹੀਂ ਹੋਤਾ? ਮੈਂ ਕਹੀਂ ਜਾਤੀ ਹੀ ਨਹੀਂ ਹੂੰ ਤੋ ਕਿਆ ਖ਼ਬਰ ਕਿਸੀ ਕੋ ਦੂੰਗੀ?" ਪ੍ਰੀਤੀ ਨੇ ਉੱਤਰ ਦਿੱਤਾ।

"ਦੇਖੋ ਪ੍ਰੀਤੀ ਏਕ ਆਦਮੀ ਕੋ ਸਮਝਾਇਆ ਜਾ ਸਕਤਾ ਹੈ। ਚੁੱਪ ਕਰਾਇਆ ਜਾ ਸਕਤਾ ਹੈ ਲੇਕਿਨ ਆਵਾਮ ਕੋ ਨਹੀਂ ਸਮਝਾਇਆ ਜਾ ਸਕਤਾ। ਅਬ ਮੈਨੇਂ ਤੁਮਾਰੀ ਜ਼ਿੰਮੇਂਵਾਰੀ ਲੇ ਲੀ ਹੈ। ਅਰਾਮ ਸੇ ਰਹੋ ਔਰ ਫੌਜੀਓਂ ਸੇ ਰਾਬਤਾ ਨਾ ਰੱਖੋ ਅਗਰ ਇਸ ਮੁਹੱਲੇ ਮੇਂ ਰਹਿਨਾ ਹੈ। ਅਬ ਤੋ ਮੈਨੇ ਜ਼ਿੰਮੇਂਵਾਰੀ ਲੇ ਲੀ ਹੈ ਆਗੇ ਕੋਈ ਔਰ ਮੁਸ਼ਕਿਲ ਨਹੀਂ ਖੜੀ ਕਰ ਲੇਨਾ।" ਕਹਿ ਕੇ ਹਫੀਜ਼ ਚਲਾ ਗਿਆ।

ਪ੍ਰੀਤੀ ਵਾਸਤੇ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਸਨ। ਉਸ ਨੂੰ ਲਗਣ ਲੱਗਾ ਕੇ ਵਾਹਿਗੁਰੂ ਉਸ ਤੋਂ ਫਿਰ ਨਾਰਾਜ਼ ਹੋ ਗਏ ਹਨ। ਫਿਰ ਉਸ ਤੋਂ ਕੋਈ ਭੁੱਲ ਹੋ ਗਈ ਹੈ। ਫਿਰ ਔਖੀ ਘੜੀ ਆ ਗਈ ਹੈ। ਫੌਜੀ ਦੀ ਜਾਨ ਦਾ ਵੀ ਕੀ ਭਰੋਸਾ ਹੈ? ਭਰੋਸਾ ਤਾਂ ਕਿਸੇ ਦੀ ਵੀ ਜਾਨ ਦਾ ਨਹੀਂ ਹੈ। ਪਰ ਵਿਚਾਰੇ ਫੌਜੀ ਮੇਰੇ ਹਮਦਰਦ ਨੂੰ ਗਰਨੇਡ ਨਾਲ ਉਡਾ ਦਿੱਤਾ। ਚਲੋ! ਜੋ ਵਾਹਿਗੁਰੂ ਦਾ ਭਾਣਾ ਹੋਏਗਾ? ਉਹੀ ਮੰਨਣਾ ਪਏਗਾ।

**25**

ਇਹ ਘਟਨਾ ਮੁਹੱਲੇ ਵਿਚ ਚਰਚਿਤ ਘਟਨਾ ਸੀ। ਜੋ ਵੀ ਕੁਝ ਡਾਊਨ ਟਾਊਨ ਵਿਚ ਵਾਪਰਦਾ ਸੀ ਪ੍ਰੋਫੈਸਰ ਸ਼ਮੀਮ ਨੂੰ ਖ਼ਬਰ ਹੁੰਦੀ। ਇਸ ਘਟਨਾ ਦਾ ਵੀ ਉਸ ਨੂੰ ਪਤਾ ਲੱਗਿਆ। ਕਾਲੇਜ ਤੋਂ ਬਾਅਦ ਪ੍ਰੀਤੀ ਕੋਲ ਪੁੱਛਣ ਆਈ ਕਿ ਕੀ ਹੋਇਆ ਹੈ?"

ਉਸ ਨੂੰ ਵੇਖ ਕੇ ਪ੍ਰੀਤੀ ਦੀਆਂ ਭੁੱਬਾਂ ਨਿਕਲ ਗਈਆਂ। ਹੌਕੇ ਭਰ-ਭਰ ਰੋਣ ਲਗ ਗਈ ਸ਼ਮੀਮ ਨੇ ਪੁੱਛਿਆ, "ਹੂਆ ਕਿਆ ਹੈ?"

"ਦੀਦੀ ਬਹੁਤ ਸਾਰੇ ਲੋਗ ਸੁਬਹ ਤੜਕੇ ਹੀ ਮੇਰੇ ਘਰ ਕੇ ਇਰਦ-ਗਿਰਦ ਇਕੱਠੇ ਹੋ ਗਏ ਔਰ ਮੁਝੇ ਮੁਹੱਲੇ ਸੇ ਨਿਕਾਲਨੇ ਕੇ ਲਈਏ ਸ਼ੋਰ ਕਰਨੇ ਲੱਗੇ। ਅਭੀ ਕਲ ਹੀ ਵੋਹ ਫੌਜੀ ਮਰਾ ਜਿਸ ਕਾ ਹਮੇਂ ਸਹਾਰਾ ਥਾ। ਔਰ ਆਜ ਐਸੇ ਲੋਗੋਂ ਨੇ ਸ਼ੋਰ ਮਚਾ ਦੀਆ।"

"ਕੌਨ ਲੋਗ ਥੇ?"

"ਮੈਂ ਤੋ ਕਿਸੀ ਕੋ ਨਹੀਂ ਜਾਨਤੀ, ਕਭੀ ਕਿਸੀ ਕੋ ਦੇਖਾ ਨਹੀਂ।"

"ਫਿਰ?"

"ਇਤਨੀ ਦੇਰ ਮੇਂ ਹਫੀਜ਼ ਸਾਹਿਬ ਆ ਗਏ। ਉਨਹੋਂ ਨੇ ਭੀੜ ਕੋ ਸ਼ਾਂਤ ਕੀਆ ਔਰ ਪੂਰੀ ਗਾਰੰਟੀ ਦੀ ਕਿ ਮੈਂ ਕੋਈ ਜਸੂਸ ਨਹੀਂ ਹੂੰ।" ਫਿਰ ਲੋਗ ਤਿਤਰ-ਬਿਤਰ ਹੋ ਗਏ ਔਰ ਗਾਇਬ ਹੋ ਗਏ।"

"ਤੁਮ ਕਿਤਨੇ ਸਾਲੋਂ ਸੇ ਯਹਾਂ ਰਹਿ ਰਹੀ ਹੋ। ਸਭ ਜਾਨਤੇ ਹੈਂ ਕਿ ਤੁਮ ਗ਼ੈਰ-ਮੁਸਲਿਮ ਹੋ। ਥੋੜ੍ਹੀ ਬਹੁਤੀ ਅਵਾਜ਼ੇਂ ਲਗਾਨੇ ਕੇ ਬਗੈਰ ਕਭੀ ਕੁਛ ਨਹੀਂ ਹੂਆ? ਹੈ ਨਾ?

"ਹਾਂ ਦੀਦੀ! ਪਹਿਲੇ ਤੋ ਸੀ.ਆਰ.ਪੀ.ਐਫ. ਵਾਲੇ ਮੇਰੀ ਹਿਫ਼ਾਜਤ ਕਰਤੇ

ਥੇ।"

"ਵੋਹ ਸਭ ਠੀਕ ਹੈ ਪਰ ਮੁਝੇ ਲਗਤਾ ਹੈ ਯਹ ਸਭ ਹਫੀਜ਼ ਕੀ ਚਾਲ ਹੈ।" ਪ੍ਰੀਤੀ ਦਾ ਮੱਥਾ ਵੀ ਠਨਕਿਆ, ਹੋ ਸਕਤਾ ਹੈ ਦੀਦੀ।"

"ਹਾਂ ਪ੍ਰੀਤੀ ਇਸ ਮੁਲਕ ਮੇਂ ਸਭ ਕੁਝ ਚਲਤਾ ਹੈ। ਜਿਤਨੇ ਪੈਸੇ ਵਾਲੇ ਔਰ ਅਮੀਰ ਲੋਗ ਹੈ ਸਭ ਕੀ ਸਾਂਠ-ਗਾਂਠ ਉਗਰਵਾਦੀਓਂ ਸੇ ਹੈ। ਯਹ ਉਨਹੇਂ ਪੈਸਾ ਦੇਤੇ ਹੈ ਔਰ ਕੋਈ ਭੀ ਕਾਮ ਕਰਵਾ ਸਕਤੇ ਹੈਂ। ਯਹ ਹਮਾਰੀ ਕੌਮ ਇਨਸਾਨੀਅਤ ਭੂਲ ਗਈ ਹੈ। ਖ਼ੁਦਾ ਕਾ ਖ਼ੌਫ਼ ਭੀ ਨਹੀਂ ਹੈ ਇਨਕੋ। ਜਿਤਨੀ ਮਸਜਿਦੇਂ ਬੜ ਰਹੀ ਹੈ ਉਤਨਾ ਹੀ ਖ਼ੁਦਾ ਸੇ ਦੂਰ ਹੋ ਰਹੇ ਹੈਂ। ਇਨ ਮਸਜਿਦੋਂ ਮੇਂ ਦੀਨ ਕੀ ਕੋਈ ਬਾਤ ਨਹੀਂ ਹੋਤੀ, ਖ਼ੁਦਾ ਕੀ ਰਹਿਮਤ ਕੀ ਕੋਈ ਬਾਤ ਨਹੀਂ ਹੋਤੀ। ਸਿਰਫ ਬੇਕਸੂਰ ਮਜਲੂਮ ਲੋਗੋਂ ਕੇ ਖ਼ੂਨ ਬਹਾਨੇ ਕੀ ਬਾਤ ਹੋਤੀ ਹੈ। ਜੋ ਭੀ ਕਸ਼ਮੀਰ ਮੇਂ ਵਾਰਦਾਤ ਕਰਨੀ ਹੋਤੀ ਹੈ ਇਨਹੀ ਮਸਜਿਦੋਂ ਮੇਂ ਤਯ ਕੀ ਜਾਤੀ ਹੈ। ਰਾਤ ਭਰ ਮੁਲਕ ਕੇ ਖਿਲਾਫ ਲੋਗੋਂ ਕੇ ਜਹਨ ਮੇਂ ਨਫ਼ਰਤ ਕਾ ਜ਼ਹਿਰ ਭਰਾ ਜਾਤਾ ਹੈ। ਮਸਜਿਦੇਂ ਬਨਾਤੇ ਜਾਤੇ ਹੈਂ ਔਰ ਸਕੂਲੋਂ ਕੋ ਜਲਾਤੇ ਜਾਤੇ ਹੈਂ ਜਹਾਂ ਗਰੀਬ ਅਵਾਮ ਕੇ ਬੱਚੇ ਪੜਤੇ ਹੈਂ ਤਾਕਿ ਵੋਹ ਅਨਪੜ੍ਹ ਰਹੇਂ। ਦੁਨੀਆ ਕੇ ਬਾਰੇ ਕੁਛ ਸੋਚ ਨਾ ਸਕੇਂ ਬਿਨਾਂ ਜਿਹਾਦ ਕੇ।"

"ਦੀਦੀ ਯਹ ਐਸੇ ਕਿਉਂ ਹੋ ਰਹਾ ਹੈ? ਪ੍ਰੀਤੀ ਨੇ ਪੁਛਿਆ।

"ਸਿਰਫ ਪੈਸੇ ਕੇ ਲੀਏ ਦੌਲਤ ਕੇ ਲੀਏ। ਬਾਹਰੀ ਮੁਲਕੋਂ ਸੇ ਪੈਸਾ ਮੰਗਾਤੇ ਹੈਂ ਜਿਹਾਦ ਕੇ ਨਾਮ ਪੇ ਜੈਸੇ ਕਸ਼ਮੀਰ ਕੇ ਮੁਸਲਮਾਨੋਂ ਪਰ ਜ਼ੁਲਮ ਹੋਤਾ, ਤਸ਼ੱਦਦ ਹੋਤਾ ਹੈ, ਲੋਗ ਭੂਖੇ ਮਰਤੇ ਹੈਂ, ਔਰਤੋਂ ਕੀ ਇਜ਼ਤ ਲੂਟੀ ਜਾਤੀ ਹੈ ਔਰ ਜਨੂਨੀ ਮੁਲਕ ਉਨਕੀ ਮਦਦ ਕੇ ਲੀਏ ਪੈਸਾ ਭੇਜਤੇ ਹੈਂ ਜਿਨਸੇ ਯੇ ਐਸ਼ ਕਰਤੇ ਹੈਂ ਅਪਨੇ ਬੱਚੋਂ ਕੋ ਬਾਹਰੂਨੀ ਮੁਲਕੋਂ ਮੇਂ ਪੜਨੇ ਭੇਜਤੇ ਹੈਂ ਔਰ ਸੈਟਲ ਕਰਤੇ ਹੈਂ ਔਰ ਯਹਾਂ ਕੇ ਬੱਚੇ ਪੱਥਰ ਚਲਾਤੇ ਹੈਂ। ਹਰ ਦਿਨ ਹੜਤਾਲ ਹਰ ਦਿਨ ਬੰਦ ਆਮ ਲੋਗੋਂ ਕੀ ਜ਼ਿੰਦਗੀ ਕੋ ਜਹਨੁਮ ਬਣਾ ਦੀਆ ਹੈ।" ਸ਼ਮੀਮਾ ਬੋਲੀ ਜਾ ਰਹੀ ਸੀ। ਆਜ ਏਕ ਔਰ ਹਾਦਸਾ ਹੂਆ ਹੈ ਇਸਲਾਮੀਆ ਯੂਨੀਵਰਸਿਟੀ ਮੇਂ ਨਾਮ ਤੋਂ ਇਸਲਾਮ ਕਾ ਰੱਖਾ ਹੈ ਪਰ ਕਾਮ ਸ਼ੈਤਾਨ ਕਾ ਹੋਤਾ ਹੈ। ਏਕ ਸਿੱਖ ਲੜਕੀ ਕੋ ਛੇੜਾ ਗਿਆ ਉਸੇ ਕਿਸੀ ਲੜਕੇ ਨੇ ਪਕੜ ਲੀਆ ਜ਼ੋਰ ਜਬਰਦਸਤੀ ਕਰਨੇ ਲੱਗਾ, ਮਸਲਾ ਬਹੁਤ ਬੜ ਗਿਆ। ਅੰਮ੍ਰਿਤਸਰ ਸੇ ਬੜੇ ਸਿੱਖ ਲੀਡਰ ਆਏ ਇਤਨਾ ਸਿਆਸੀ ਦਬਾਵ ਡਾਲਾ, ਸਾਰੀ ਸਿੱਖ ਕੌਮ ਏਕ ਹੋ ਗਈ ਇਸ ਮੁੱਦੇ ਪਰ ਉਸ ਲੜਕੇ ਕੋ ਯੂਨੀਵਰਸਿਟੀ ਸੇ ਬਰਖ਼ਾਸਤ ਕਰ ਦੀਆ ਔਰ ਲੜਕੀ ਕੇ ਪਾਂਵ ਛੂ ਕਰ ਮੁਆਫੀ ਮਾਂਗੀ। ਉਸ ਲੜਕੇ ਕੋ ਕਹੀਂ ਦਾਖਲਾ ਨਹੀਂ ਮਿਲੇਗਾ ਆਗੇ ਪੜ੍ਹ ਨਹੀਂ ਸਕੇਗਾ। ਲੜਕੇ ਨੇ ਮੁਆਫੀ ਭੀ ਮਾਂਗੀ ਔਰ ਯੂਨੀਵਰਸਿਟੀ ਸੇ ਨਿਕਾਲ ਦੀਆ ਆਜ ਕੀ ਔਰਤ ਕੋ ਐਸੀ ਹਿੰਮਤ ਕਰਨੀ ਪੜਤੀ ਹੈ ਤਬ ਇਸ ਮਾਸ਼ਰੇ (ਸਮਾਜ) ਮੇਂ ਇੱਜਤ

ਸੇ ਰਹਿ ਸਕਤੀ ਹੈ।

"ਕਹਾਂ ਕੀ ਲੜਕੀ ਹੈ।"

"ਵਹੀਂ ਕਹੀਂ ਕਿਸੀ ਤਰਾਲ ਕੇ ਗਾਂਵ ਕੀ ਹੈ ਜੋ ਅਨੰਤਨਾਗ ਮੇਂ ਹੈ।"

"ਬੜੀ ਹਿੰਮਤ ਕੀ ਹੈ ਉਸ ਲੜਕੀ ਨੇ?"

"ਹਾਂ ਹਿੰਮਤ ਕਰਨੀ ਪੜਤੀ ਹੈ।"

"ਬਿਲਕੁਲ ਠੀਕ ਹੈ।" ਦੀਦੀ!

"ਚਲੋ ਮੈਂ ਚਲਤੀ ਹੂੰ। ਅਪਨਾ ਹਿੰਮਤ ਸੇ ਖਿਆਲ ਰੱਖਨਾ ਕਿਸੀ ਚੀਜ਼ ਕੀ ਜ਼ਰੂਰਤ ਹੋ ਤੋ ਮੁਝੇ ਕਹਿਨਾ। ਮੁਝੇ ਫੋਨ ਕਰ ਦੇਨਾ। ਮੈਂ ਉਸੀ ਵਕਤ ਆ ਜਾਊਂਗੀ। ਮੁਝੇ ਅਪਨੀ ਬਹਿਨ ਸਮਝੋ ਮੈਂ ਹਮੇਸ਼ਾ ਤੁਮ੍ਹਾਰੇ ਸਾਥ ਹੂੰ।"

"ਮੈਂ ਕਿਨ ਲਫਜੋਂ ਸੇ ਆਪ ਕਾ ਸ਼ੁਕਰੀਆ ਕਰੂੰ। ਕਿਤਨੇ ਬਰਸੋਂ ਸੇ ਕਿਤਨੇ ਮੁਸਲਿਮ ਦੇਖੇ ਹੈਂ, ਰਿਸ਼ਤੇ ਬਨਾਏ ਹੈਂ ਔਰ ਅਪਨੇ ਬਾਬਾ ਗੁਰੂ ਨਾਨਕ ਕੇ ਸਲੋਕ ਕੋ ਝੂਠਾ ਮਾਨਤੀ ਰਹੀ ਪਰ ਆਪ ਸੇ ਮਿਲਤੀ ਹੂੰ ਤੋ ਮੁਝੇ ਵੋਹ ਸਲੋਕ ਬਿਲਕੁਲ ਸੱਚ ਲਗਤਾ ਹੈ।"

"ਕਿਆ ਸਲੋਕ ਹੈ ਬਾਬਾ ਨਾਨਕ ਕਾ?"

"ਉਨਹੋਂ ਨੇ ਗੁਰਬਾਣੀ ਮੇਂ ਲਿਖਾ ਹੈ ਕਿ ਮੁਸਲਮਾਨ ਮੋਮ ਦਿਲ ਹੋਏ। ਵੋਹ ਸਲੋਕ ਆਪ ਪਰ ਹੀ ਲਗਤਾ ਹੈ। ਆਪ ਜੈਸੀ ਰੂਹ ਕੇ ਲੀਏ ਹੀ ਉਹਨੋਂ ਨੇ ਲਿਖਾ ਹੈ। ਕਾਸ਼! ਸਾਰੇ ਮੁਸਲਿਮ ਮੋਮ ਦਿਲ ਹੋਤੇ ਤੋ ਦੁਨੀਆ ਮੇਂ ਨਫ਼ਰਤ ਕੀ ਦੀਵਾਰੇਂ ਟੂਟ ਜਾਤੀ। ਸਾਰੀ ਦੁਨੀਆ ਜੱਨਤ ਬਨ ਜਾਤੀ ਕਿਸੀ ਔਰ ਜੱਨਤ ਕੀ ਬੰਦੇ ਕੋ ਤਲਾਸ਼ ਨਾ ਕਰਨੀ ਪੜਤੀ। ਜੋ ਲੋਗੋਂ ਕਾ ਆਜ ਕਲ ਕਿਰਦਾਰ ਹੈ, ਕਿਤਨੋਂ ਕੋ ਜੱਨਤ ਨਸੀਬ ਹੋਤੀ ਹੋਗੀ? ਅਗਰ ਕਹੀਂ ਐਸੀ ਜੱਨਤ ਹੈ ਕਾਇਨਾਤ ਮੇਂ ਤੋ ਕਿਤਨੇ ਲੋਗ ਵਹਾਂ ਜਾਤੇ ਹੋਂਗੇ?

ਪ੍ਰੀਤੀ ਦੀ ਦਲੀਲ ਸੁਣ ਕੇ ਪ੍ਰੋਫੈਸਰ ਸ਼ਮੀਮ ਹੈਰਾਨ ਹੋ ਗਈ।

"ਅਰੇ! ਆਪ ਕੋ ਇਤਨੀ ਸਮਝ ਹੈ? ਕਹਾਂ ਸੇ ਸੀਖਾ ਹੈ।"

"ਅਪਨੀ ਜੀਵਨ ਕੀ ਕਿਤਾਬ ਸੇ ਸੀਖਾ ਹੈ ਦੀਦੀ! ਤਜੁਰਬੇ ਨੇ ਸਭ ਸਿਖਾਇਆ ਹੈ। ਆਪ ਜੈਸੀ ਮੁਸਲਿਮ ਖ਼ਾਤੂਨ ਤੋ ਰੱਬ ਜੈਸੀ ਹੈ।" ਪ੍ਰੀਤੀ ਬੋਲੀ।

"ਯਹ ਗੁਨਾਹ ਨਾ ਚੜਾਓ ਮੇਰੇ ਸਰ ਪਰ।"

"ਮੈਂ ਸੱਚ ਕਹਿ ਰਹੀ ਹੂੰ ਦੀਦੀ।"

"ਖੁਦਾ ਕੀ ਖੁਦਾਈ ਪਰ ਅਮਲ ਕਰਨੇ ਵਾਲਾ ਖੁਦਾ ਜੈਸਾ ਨਹੀਂ ਹੋ ਜਾਤਾ ਹੈ ਪਰ ਖੁਦਾ ਕੀ ਰਹਿਮਤ ਉਸ ਪਰ ਹੋ ਜਾਤੀ ਹੈ।"

ਖੁਦਾ ਕਿਸੀ ਸੇ ਬੈਰ ਕਰਨਾ ਨਹੀਂ ਸਿਖਾਤਾ ਪਰ ਅਬ ਲੋਗੋਂ ਕੀ ਫਿਤਰਤ ਬਦਲ ਗਈ ਹੈ। ਦੇਰ ਹੋ ਰਹੀ ਹੈ ਮੁਝੇ ਚਲਨਾ ਚਾਹੀਏ। ਤੁਮਾਰੇ ਪਾਸ ਆਤੀ ਹੂੰ ਤੋ ਵਕਤ

ਕਾ ਪਤਾ ਨਹੀਂ ਚਲਤਾ।"

ਸ਼ਮੀਮ ਖੜੀ ਹੋ ਗਈ ਤੇ ਪਰਸ ਚੋਂ ਪੈਸੇ ਕੱਢ ਕੇ ਪ੍ਰੀਤੀ ਨੂੰ ਫੜਾਏ।

"ਯੇ ਕਿਆ ਹੈ ਦੀਦੀ।"

"ਕੁਛ ਨਹੀਂ ਕਾਮ ਆਏਂਗੇ।"

"ਨਹੀਂ ਦੀਦੀ! ਆਪ ਕਾ ਵੈਸੇ ਭੀ ਮੇਰੇ ਪਰ ਬਹੁਤ ਅਹਿਸਾਨ ਹੈ।" ਸ਼ਮੀਮ ਦਾ ਹੱਥ ਹਟਾਂਦਿਆਂ ਪ੍ਰੀਤੀ ਬੋਲੀ।

"ਅਰੇ ਰੱਖ ਲੋ ਬਈ। ਕੁਛ ਨਹੀਂ ਹੈ।" ਫਿਰ ਉਸ ਦੇ ਹੱਥ ਵਿਚ ਜਬਰਦਸਤੀ ਪੈਸੇ ਫੜਾ ਦਿੱਤੇ ਤੇ ਚਲੀ ਗਈ। ਪ੍ਰੀਤੀ ਹਰ ਵਾਰੀ ਦੀ ਤਰ੍ਹਾਂ ਥੱਲੇ ਤਕ ਆਈ ਤੇ ਸ਼ਮੀਮ ਨੂੰ ਵਿਦਾ ਕੀਤਾ।

ਸ਼ਮੀਮ ਦੇ ਆਣ ਨਾਲ ਤੇ ਗੱਲ ਬਾਤ ਕਰਨ ਨਾਲ ਕਿਤਨੀ ਹਲਕੀ ਤੇ ਊਰਜਾ ਨਾਲ ਭਰ ਜਾਂਦੀ ਪ੍ਰੀਤੀ। ਉਸ ਨੂੰ ਮਹਿਸੂਸ ਹੁੰਦਾ ਕਿ ਇਹ ਸੱਚੀ ਤੇ ਪੱਕੀ ਮੁਸਲਿਮ ਹੈ। ਕੁਰਾਨ ਦੇ ਉਪਦੇਸ਼ ਤੇ ਚੱਲਣ ਵਾਲੀ ਹੈ ਤੇ ਸਾਰੀ ਕਾਇਨਾਤ ਨੂੰ ਇਕ ਖੁਦਾ, ਇਕ ਵਾਹਿਗੁਰੂ ਦੀ ਜਾਤ ਸਮਝਦੀ ਹੈ।

ਹਵਸ ਸੰਸਾਰ ਵਿਚ ਆਦਮੀ ਦੀ ਸਭ ਤੋਂ ਕਮਜ਼ੋਰ ਭਾਵਨਾ ਹੈ। ਇਸ ਦੀ ਚਾਹਤ ਲਈ ਮਰਦ ਕੁਝ ਵੀ ਕਰ ਸਕਦਾ ਹੈ। ਬਹੁਤ ਨੀਵਾਂ ਗਿਰ ਸਕਦਾ ਹੈ। ਆਪਣੇ ਰਿਸ਼ਤੇ-ਨਾਤੇ, ਆਪਣੀ ਮਨੁੱਖਤਾ ਨੂੰ ਵੀ ਤਿਆਗ ਸਕਦਾ ਹੈ। ਇਸ ਜਨੂਨ ਲਈ ਕਿਸੇ ਦਾ ਕਤਲ ਵੀ ਕਰ ਸਕਦਾ ਹੈ। ਕਿਸੇ ਔਰਤ ਦੀ ਖਾਹਿਸ਼ ਪੁਰਸ਼ ਨੂੰ ਹੈਵਾਨ ਬਣਾ ਸਕਦੀ ਹੈ। ਸ਼ਮੀਮ ਦੀਦੀ ਦਾ ਹਫੀਜ਼ ਵੱਲ ਇਸ਼ਾਰਾ ਸੀ ਕਿ ਉਹ ਕੁਝ ਵੀ ਕਰ ਸਕਦਾ ਹੈ। ਪ੍ਰੀਤੀ ਦੇ ਦਿਮਾਗ ਵਿਚ ਆਇਆ ਕਿ ਜੋ ਕਲ ਸਵੇਰੇ ਹੋਇਆ ਹੈ, ਉਹ ਸ਼ਾਇਦ ਹਫੀਜ਼ ਨੇ ਹੀ ਨਾ ਕਰਵਾਇਆ ਹੋਵੇ। ਮੁੰਡਿਆਂ ਨੂੰ ਪੈਸੇ ਦੇ ਕੇ ਸ਼ੋਰ ਕਰਵਾਣਾ ਤੇ ਫਿਰ ਕੁਝ ਦੇਰ ਬਾਅਦ ਪਹੁੰਚ ਜਾਣਾ, ਉਸੇ ਦੀ ਕਾਰਗਰਦਗੀ ਹੋ ਸਕਦੀ ਹੈ। ਗਰਨੇਡ ਸੁੱਟ ਕੇ ਫੌਜੀਆਂ ਨੂੰ ਮਰਵਾ ਦੇਣਾ ਵੀ ਉਸੇ ਦੀ ਸਾਜਿਸ਼ ਹੋ ਸਕਦੀ ਹੈ। ਇਹ ਵਿਚਾਰ ਬਾਰ-ਬਾਰ ਉਸ ਦੇ ਦਿਮਾਗ ਵਿਚ ਆਂਦਾ ਤੇ ਸ਼ਮੀਮ ਦੀ ਚੇਤਾਵਨੀ ਨੂੰ ਪੱਕਾ ਕਰਦਾ।

ਦੁਪਹਿਰ ਬੀਤ ਗਈ ਸ਼ਾਮ ਦਾ ਕੋਈ ਚਾਰ ਵਜੇ ਦਾ ਵੇਲਾ ਹੋਣਾ ਹੈ। ਪ੍ਰੀਤੀ ਨੇ ਫੌਜੀ ਵੀਰ ਨੂੰ ਬੇਟੇ ਤੋਂ ਫੋਨ ਕਰਵਾਇਆ, ਸ਼ਾਇਦ ਪਹਲੀ ਵਾਰ ਫੋਨ ਦਾ ਇਸਤੇਮਾਲ ਕੀਤਾ ਹੋਵੇਗਾ। ਫੋਨ ਲਗ ਗਿਆ ਪ੍ਰੀਤੀ ਨੇ ਪਹਿਲੀ ਵਾਰੀ ਮੋਬਾਈਲ ਤੇ ਗੱਲ ਕੀਤੀ, "ਵੀਰ ਜੀ ਸਤਿ ਸ੍ਰੀ ਅਕਾਲ! ਮੈਂ ਪ੍ਰੀਤੀ ਬੋਲ ਰਹੀ ਹਾਂ।"

ਬੜੇ ਉਤਸ਼ਾਹ ਭਰਿਆ ਅਗੋਂ ਉੱਤਰ ਆਇਆ, "ਸਤਿ ਸ੍ਰੀ ਅਕਾਲ ਬੀਬੀ। ਬੜੇ ਅਰਸੇ ਬਾਅਦ ਵੀਰ ਨੂੰ ਯਾਦ ਕੀਤਾ?"

"ਹਾਂ ਵੀਰ ਜੀ! ਤੁਸੀਂ ਜੋ ਮੇਹਰਬਾਨੀਆਂ ਕੀਤੀਆਂ ਹਨ ਉਹਨਾਂ ਕਾਰਨ ਹਿੰਮਤ ਨਹੀਂ ਹੋਈ ਕਿ ਤੁਹਾਨੂੰ ਫੋਨ ਕਰਾਂ।"

"ਝੱਲੀਏ ਭੈਣਾਂ! ਉੱਤੋ ਭਰਾ ਮੇਹਰਬਾਨੀਆਂ ਨਹੀਂ ਕਰਦੇ।"

"ਤੁਸੀਂ ਤੇ ਵੀਰ ਜੀ ਕਦੀ ਭੈਣ ਨੂੰ ਯਾਦ ਨਹੀਂ ਕੀਤਾ?"

"ਇਹੋ ਜਹੀ ਕੋਈ ਗੱਲ ਨਹੀਂ। ਤੇਰੀ ਯਾਦ ਤੇ ਤੇਰੀ ਚਿੰਤਾ ਮੈਨੂੰ ਹਮੇਸ਼ਾ ਰਹਿੰਦੀ ਹੈ। ਮੈਂ ਇਹੋ ਹੀ ਸੋਚਦਾ ਸਾਂ ਕਿ ਸਭ ਠੀਕ ਹੋਏਗਾ ਤੁਹਾਡੇ ਨਾਲ ਇਸ ਲਈ ਭੈਣ ਨੂੰ ਯਾਦ ਕਰਨ ਦੀ ਲੋੜ ਨਹੀਂ ਪਈ।"

"ਸਭ ਠੀਕ ਹੈ ਵੀਰ ਜੀ! ਪਰ ਇਥੇ ਡਿਊਟੀ ਤੇ ਤਾਇਨਾਤ ਵਸੰਤ ਰਾਉ ਦੀ ਹੋਰ ਦੋ ਬੰਦਿਆਂ ਨਾਲ ਹਲਾਕਤ ਹੋ ਗਈ ਹੈ। ਗਰਨੇਡ ਉਹਨਾਂ ਤੇ ਸੁੱਟ ਦਿੱਤਾ ਤੇ ਵਿਚਾਰੇ ਮਰ ਗਏ।"

"ਪਤਾ ਹੈ ਮੈਨੂੰ। ਬਹੁਤ ਮਾੜੀ ਗੱਲ ਹੋਈ ਹੈ। ਮੇਰਾ ਬੜਾ ਪ੍ਰੇਮੀ ਸੀ ਤੇ ਅਜੀਜ ਸੀ। ਬਹੁਤ ਦੁੱਖ ਹੋਇਆ ਹੈ। ਗਰਨੇਡ ਸੁੱਟਣ ਵਾਲਿਆਂ ਦੀ ਤਲਾਸ਼ ਹੈ, ਸਭ ਪਾਸੇ ਨਾਕੇ ਲੱਗੇ ਹਨ, ਉਹ ਉਸੇ ਹੀ ਇਲਾਕੇ ਵਿਚ ਮੌਜੂਦ ਹਨ, ਜਲਦੀ ਪਕੜੇ ਜਾਣਗੇ ਜਾਂ ਮਾਰੇ ਜਾਣਗੇ। ਹੁਣ ਉਥੇ ਨਵੀਂ ਬਟਾਲੀਅਨ ਦੀ ਨਫਰੀ ਤਾਇਨਾਤ ਹੋਈ ਹੈ। ਕਿਸੇ ਨਾਲ ਵਾਕਫ਼ੀ ਨਹੀਂ। ਮੈਨੂੰ ਜਿਸ ਵੇਲੇ ਵੀ ਵਿਹਲ ਮਿਲੀ ਮੈਂ ਜ਼ਰੂਰ ਉਧਰ ਆਵਾਂਗਾ ਤੇ ਡਿਊਟੀ ਤੇ ਲੱਗੇ ਕਿਸੇ ਇੰਚਾਰਜ ਨਾਲ ਗੱਲ ਕਰਾਂਗਾ। ਮੈਨੂੰ ਇਸ ਦੀ ਚਿੰਤਾ ਹੈ। ਹੋਰ ਕਿਸੇ ਚੀਜ਼-ਵਸਤ ਦੀ ਲੋੜ ਹੈ?"

"ਨਹੀਂ ਵੀਰ ਜੀ!"

"ਠੀਕ ਹੈ। ਕਦੀ ਕੋਈ ਸਮੱਸਿਆ ਹੋਏ ਤਾਂ ਫੋਨ ਕਰ ਲੈਣਾ।"

"ਹਾਂ ਜੀ।"

"ਚਲੋ ਫਿਰ ਫੋਨ ਬੰਦ ਕਰਦਾ ਹਾਂ।" ਤੇ ਮੋਬਾਈਲ ਬੰਦ ਕਰ ਦਿੱਤਾ। ਪ੍ਰੀਤੀ ਖੁਸ਼ ਹੋ ਗਈ ਤੇ ਥੋੜੀ ਤਸੱਲੀ ਵੀ ਹੋਈ।

ਫੋਨ ਤੇ ਗੱਲ ਕਰਨ ਦੇ ਥੋੜੀ ਦੇਰ ਮਗਰੋਂ ਹਫੀਜ਼ ਨੇ ਦਸਤਕ ਦਿੱਤੀ। ਬਿਨਾਂ ਦਿਲ ਮਨੇ ਪ੍ਰੀਤੀ ਨੇ ਦਰਵਾਜਾ ਖੋਲ੍ਹਿਆ ਤੇ ਉਹ ਬਿਨਾਂ ਝਿਜਕ ਉੱਪਰ ਆ ਗਿਆ। ਪ੍ਰੀਤੀ ਨੂੰ ਚੰਗਾ ਨਹੀਂ ਲੱਗਿਆ ਪਰ ਉਹ ਕੁਝ ਕਹਿ ਵੀ ਨਹੀਂ ਸਕਦੀ ਸੀ। ਹਫੀਜ਼ ਕਮਰੇ ਵਿਚ ਵਿਛੀ ਮੰਜੀ ਤੇ ਬੈਠ ਗਿਆ ਤੇ ਬੋਲਿਆ, "ਕਲ ਬਹੁਤ ਹੰਗਾਮਾ ਹੂਆ?" ਅਬ ਤੋ ਸਭ ਠੀਕ ਹੈ ਨਾ?

"ਆਪ ਕੇ ਲੀਏ ਤੋ ਸਭ ਠੀਕ ਹੋ ਗਿਆ, ਅਬ ਆਪ ਬਿਨਾਂ ਕਿਸੀ ਰੁਕਾਵਟ ਕੇ ਆ ਸਕਤੇ ਹੈਂ।"

"ਹਮੇਂ ਪਹਿਲੇ ਭੀ ਕੋਈ ਰੁਕਾਵਟ ਨਹੀਂ ਥੀ, ਹਮਾਰਾ ਅਪਨਾ ਮ ਕ ਾ ਨ ਹੈ। ਜਬ ਚਾਹੇਂ ਆ ਸਕਤੇ ਹੈਂ।"

"ਰੁਕਾਵਟ ਤੋ ਥੀ ਹਫੀਜ਼ ਸਾਹਿਬ! ਤਭੀ ਤੋ ਆਪ ਨੇ ਯਹ ਕਾਂਡ ਕਰਵਾਇਆ। ਪਹਿਲੇ ਗਰਨੇਡ ਫਿਕਵਾਇਆ ਫਿਰ ਹੱਲਾ-ਗੁੱਲਾ ਕਰਵਾਇਆ।"

"ਕਿਆ ਬਕਤੀ ਹੋ।" ਹਫੀਜ਼ ਗੁੱਸੇ ਵਿਚ ਬੋਲਿਆ।

"ਸੱਚੀ ਬਾਤ ਕੜਵੀ ਲਗਤੀ ਹੈ। ਮੁਝੇ ਮਾਲੂਮ ਹੈ ਯਹ ਆਪ ਕਾ ਕਰਾ ਧਰਾ ਹੈ।"

"ਮੈਂ ਕੋਈ ਉਗਰਵਾਦੀ ਹੂੰ?"

"ਆਪ ਉਗਰਵਾਦੀ ਨਹੀਂ ਹੋ। ਪਰ ਉਨਸੇ ਪੂਰੀ ਸਾਂਠ-ਗਾਂਠ ਤੋ ਹੈ। ਕੋਈ ਭੀ ਐਸਾ ਕਾਮ ਉਨ ਲੋਗੋਂ ਸੇ ਆਪ ਕਰਵਾ ਸਕਤੇ ਹੋ।"

"ਤੁਮਹੇਂ ਗਲਤ-ਫਹਿਮੀ ਹੈ। ਯਹ ਉਗਰਵਾਦੀ ਲੋਗ ਅਪਨੀ ਮਰਜ਼ੀ ਕਰਤੇ ਹੈਂ ਜੋ ਉਨਕੇ ਰਾਸਤੇ ਮੇਂ ਦਿੱਕਤ ਬਨਤਾ ਹੈ ਉਸੇ ਖ਼ਤਮ ਕਰ ਦੇਤੇ ਹੈਂ।"

"ਵੋਹੀ ਤੋ ਆਪ ਨੇ ਕੀਆ ਹੈ।"

"ਚਲੋ ਛੋੜੋ ਅਬ ਆਗੇ ਕਿਆ ਕਰਨਾ ਹੈ?" ਹਫੀਜ਼ ਨੇ ਪੁੱਛਿਆ।

"ਕਿਆ ਕਰਨਾ ਹੈ। ਇਸੀ ਮਕਾਨ ਮੇਂ ਰਹਿਨਾ ਹੈ।"

"ਆਪ ਕੇ ਸਾਥ ਕਿਰਾਇਆ ਦੇਨੇ ਕੀ ਸ਼ਰਤ ਹੈ। ਵੋਹ ਆਪ ਕੋ ਹਰ ਮਹੀਨੇ ਮਿਲ ਜਾਏਗਾ ਜੈਸੇ ਮਿਲਤਾ ਹੈ।"

"ਕਿਰਾਏ ਕੀ ਜ਼ਰੂਰਤ ਨਹੀਂ ਹੈ ਮੁਝੇ। ਮੁਝੇ ਤੁਮ੍ਹਾਰੀ ਜ਼ਰੂਰਤ ਹੈ।"

"ਆਪ ਕੀ ਐਸੀ ਕੋਈ ਬੇਹੂਦਾ ਸ਼ਰਤ ਮੁਝੇ ਮਨਜ਼ੂਰ ਨਹੀਂ।"

"ਮੰਜ਼ੂਰ ਤੋ ਕੀ ਹੈ ਤੁਮਨੇ ਕਈ ਬਾਰ।"

"ਮੇਰੀ ਮਜ਼ਬੂਰੀ ਥੀ।"

"ਅਭੀ ਭੀ ਆਪ ਮਜ਼ਬੂਰ ਹੋ ਜਾਓਗੀ।"

"ਉਸ ਵਕਤ ਦੇਖ ਲੂੰਗੀ।"

"ਪ੍ਰੀਤੀ ਹਮਸੇ ਜ਼ਿਦ ਨਾ ਕਰੋ। ਹਮ ਕੋਈ ਜ਼ਿਦ ਨਹੀਂ ਮਾਨਤੇ।"

"ਆਪ ਜ਼ਬਰਦਸਤੀ ਕਰੇਂਗੇ ਕਿਆ?"

"ਜ਼ਬਰਦਸਤੀ ਸੇ ਹਮ ਕੋਈ ਕਾਮ ਨਹੀਂ ਕਰਤੇ ਜਬ ਤਕ ਕੋਈ ਮਜ਼ਬੂਰ ਨਾ ਕਰ ਦੇ। ਜਬ ਪਿਆਰ ਸੇ ਸਬ ਹੋ ਸਕਤਾ ਹੈ ਤੋ ਜਬਰਦਸਤੀ ਕੀ ਕਿਆ ਜਰੂਰਤ ਹੈ?"

ਹਫੀਜ਼ ਨੇ ਉਸ ਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ। ਆਪਣਾ ਹੱਥ ਇਕ ਪਾਸੇ

ਖਿਚ ਕੇ ਕਿਹਾ, "ਆਪ ਇਸ ਵਕਤ ਚਲੇ ਜਾਈਏ ਮੇਰੀ ਤਬੀਅਤ ਠੀਕ ਨਹੀਂ ਹੈ। ਮੈਂ ਆਪ ਸੇ ਇਸ ਮਸਲੇ ਪਰ ਅਭੀ ਕੋਈ ਬਾਤ ਨਹੀਂ ਕਰ ਸਕਤੀ।"

"ਕੋਈ ਬਾਤ ਨਹੀਂ ਹਮ ਫਿਰ ਕਿਸੀ ਦਿਨ ਆ ਜਾਏਂਗੇ ਜਬ ਤਮ੍ਹਾਰੀ ਤਬੀਅਤ ਠੀਕ ਹੋਗੀ।" ਤੇ ਮੰਜੇ ਤੋਂ ਉੱਠ ਪਿਆ ਤੇ ਫਿਰ ਪੁੱਛਿਆ, "ਕਬ ਆਊਂ?"

"ਕਹਿ ਨਹੀਂ ਸਕਤੀ।"

"ਜ਼ਿਆਦਾ ਇੰਤਜ਼ਾਰ ਹਮ ਭੀ ਨਹੀਂ ਕਰ ਸਕਤੇ" ਕਹਿ ਕੇ ਚਲਾ ਗਿਆ। ਪ੍ਰੀਤੀ ਨੇ ਰਾਹਤ ਦਾ ਸਾਹ ਲਿਆ।

ਬੱਚਿਆਂ ਦੇ ਕਮਰੇ ਵਿਚ ਆਈ ਉਹ ਸੁੱਤੇ ਹੋਏ ਸਨ। ਸੌਣ ਤੋਂ ਸਿਵਾ ਉਹਨਾਂ ਕੋਲ ਹੋਰ ਕੋਈ ਕੰਮ ਵੀ ਤੇ ਨਹੀਂ ਸੀ? ਉਹਨਾਂ ਨੂੰ ਜਗਾਇਆ, ਚਾਹ ਪਿਲਾਈ ਤੇ ਕਿਹਾ ਚਲੋ ਅੱਜ ਬਾਹਰ ਚਲਦੇ ਹਾਂ ਬਜਾਰ ਤਕ ਤੁਹਾਨੂੰ ਕੋਈ ਕਿਤਾਬ ਲੈ ਕੇ ਦੇਂਦੀ ਹਾਂ, ਪੜ੍ਹਣ ਨੂੰ ਤੇ ਕੁਝ ਹੋਰ ਵੀ ਜੋ ਤੁਹਾਨੂੰ ਚੰਗਾ ਲੱਗੇ ਖਾਣ ਨੂੰ।

ਬੱਚੇ ਬਹੁਤ ਖੁਸ਼ ਹੋ ਗਏ। ਤਿਆਰ ਹੋਏ ਤੇ ਜਾਣ ਲੱਗਿਆਂ ਬੇਟੇ ਨੇ ਕਿਹਾ ਮਮਾ "ਮੈਂ ਲੱਡੂ ਖਾਣਾ ਹੈ।"

"ਠੀਕ ਹੈ ਬੱਚੇ" ਤੇ ਬਾਹਰ ਚਲੇ ਗਏ।

ਸ਼ਮੀਮ ਦੀ ਗੱਲ-ਬਾਤ ਨੇ ਪ੍ਰੀਤੀ ਵਿਚ ਊਰਜਾ ਭਰ ਦਿੱਤੀ ਸੀ। ਔਰਤ ਦਾ ਸਵੈਮਾਨ ਵਾਪਸ ਬਰਕਰਾਰ ਕੀਤਾ ਸੀ। ਉਹ ਹੁਣ ਕਿਸੇ ਵੀ ਅੜਚਨ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਹੋ ਗਈ ਸੀ। ਤੇ ਸੋਚ ਲਿਆ ਸੀ ਕਿ ਹਿੰਮਤ ਤੋਂ ਕੰਮ ਲਵੇਗੀ। ਅਜ ਦੀ ਸ਼ਾਮ ਬੱਚਿਆਂ ਵਾਸਤੇ ਸਭ ਤੋਂ ਸੋਹਣੀ ਸ਼ਾਮ ਸੀ ਜਦ ਤੋਂ ਉਹ ਇਥੇ ਡਾਊਨ ਟਾਊਨ ਵਿਚ ਵੱਸੇ ਹਨ। ਬਜ਼ਾਰ ਵਿਚ ਲੰਘਦੀ ਹਰ ਨਜ਼ਰ ਉਹਨਾਂ ਤੇ ਸੀ। ਜਿਵੇਂ ਕੋਈ ਅਲੱਗ ਤਰ੍ਹਾਂ ਦੇ ਲੋਗ ਹੋਣ ਜਿਵੇਂ ਕਿਸੇ ਹੋਰ ਦੇਸ਼ ਤੋਂ ਆਏ ਹੋਣ। ਘੁੰਮ ਫਿਰ ਕੇ ਵਾਪਸ ਆਏ ਬਹੁਤ ਖੁਸ਼ ਸਨ ਕਿ ਉਹਨਾਂ ਦੀ ਮਾਂ ਨੇ ਬਾਹਰ ਲਿਜਾਣ ਦੀ ਹਿੰਮਤ ਕੀਤੀ। ਦੋ ਚਾਰ ਦਿਨ ਇਸ ਸ਼ਾਮ ਦੀ ਮਸਤੀ ਵਿਚ ਰਹੇ।

ਦੋ ਚਾਰ ਦਿਨਾਂ ਬਾਦ ਹਫੀਜ਼ ਫਿਰ ਆਇਆ। ਅੱਜ ਸ਼ਾਇਦ ਉਸ ਨੇ ਸ਼ਰਾਬ ਪੀਤੀ ਸੀ। ਆਂਦਿਆਂ ਹੀ ਪੌੜੀਆਂ ਵਿਚ ਹੀ ਉਸ ਨੇ ਪ੍ਰੀਤੀ ਦਾ ਹੱਥ ਫੜ ਲਿਆ ਤੇ ਬਾਹਾਂ ਵਿਚ ਘੁੱਟ ਕੇ ਉਸ ਨੂੰ ਚੁੰਮ ਲਿਆ। ਪ੍ਰੀਤੀ ਉਸ ਤੋਂ ਆਪਣਾ ਆਪ ਛੁੜਾ ਕੇ ਅਲੱਗ ਹੋ ਗਈ। ਤੇ ਪੌੜੀਆਂ ਚੜ੍ਹ ਕੇ ਉੱਪਰ ਆ ਗਈ। ਪਿੱਛੇ ਹਫੀਜ਼ ਵੀ ਆ ਗਿਆ ਤੇ ਸਿੱਧਾ ਆ ਕੇ ਉਸ ਦੇ ਕਮਰੇ ਵਿਚ ਬੈੱਡ ਤੇ ਲੇਟ ਗਿਆ। ਅੱਜ ਉਹ ਸੋਚ ਕੇ ਹੀ ਆਇਆ ਸੀ ਕਿ ਕੁਝ ਕਰਕੇ ਹੀ ਜਾਏਗਾ ਭਾਵੇਂ ਜ਼ਬਰਦਸਤੀ ਹੀ ਕਿਉਂ ਨਾ ਕਰਨੀ ਪਵੇ। ਪ੍ਰੀਤੀ ਉਸ ਕਮਰੇ ਵਿਚ ਨਹੀਂ ਆਈ, ਹਫੀਜ਼ ਉਸ ਨੂੰ ਬੁਲਾਣ ਲੱਗਾ ਜ਼ੋਰ ਦੀ ਆਵਾਜ਼ ਵਿਚ

ਪ੍ਰੀਤੀ ਅੰਦਰ ਆਈ ਤੇ ਬੋਲੀ, "ਕਿਆ ਕਰ ਰਹੇ ਹੋ? ਚਲੇ ਜਾਉ ਯਹਾਂ ਸੇ।"

"ਮੈਂ ਆਜ ਖਾਲੀ ਹਾਥ ਜਾਨੇ ਨਹੀਂ ਆਇਆ ਹੂੰ। ਚੁੱਪ ਕਰ ਕੇ ਅਰਾਮ ਸੇ ਯਹਾਂ ਆ ਜਾਓ।"

"ਮੇਰੇ ਬੱਚੇ ਜਾਗ ਰਹੇ ਹੈਂ।"

"ਤੋ ਕਿਆ ਹੂਆ?"

"ਬੇਟੀ ਕੋ ਭੀ ਸਾਥ ਲੈ ਆਓ।"

"ਸ਼ਰਮ ਨਹੀਂ ਆਤੀ ਆਪ ਕੋ?" ਪ੍ਰੀਤੀ ਗੁੱਸੇ ਵਿਚ ਚੀਖੀ।

"ਇਸਮੇਂ ਸ਼ਰਮ ਵਾਲੀ ਕੌਨ ਸੀ ਬਾਤ ਹੈ? ਕਲ ਤੋ ਯਹੀ ਸਭ ਕੁਛ ਉਸੇ ਭੀ ਕਰਨਾ ਪੜੇਗਾ।"

"ਆਪ ਕਾ ਦਿਮਾਗ ਤੋ ਨਹੀਂ ਖਰਾਬ ਹੋ ਗਿਆ ਹੈ।"

"ਮੈਂ ਸਹੀ ਬਾਤ ਕਰਤਾ ਹੂੰ। ਉਸ ਕੇ ਸਾਥ ਕੋਈ ਸ਼ਾਦੀ ਕਰਨੇ ਵਾਲਾ ਨਹੀਂ ਮਿਲੇਗਾ। ਨਾ ਕੋਈ ਸਿੱਖ ਉਸ ਸੇ ਸ਼ਾਦੀ ਕਰੇਗਾ, ਨਾ ਕੋਈ ਮੁਸਲਮਾਨ। ਸਿਰਫ ਧੰਦਾ ਹੀ ਕਰੇਗੀ। ਤੋ ਸ਼ੁਰੂ ਕਰਵਾ ਦੋ ਆਜ ਸੇ ਹੀ। ਜਿਤਨੇ ਪੈਸੇ ਕਹੋਗੀ ਦੇ ਦੂੰਗਾ।"

"ਸ਼ਰਮ ਕਰੋ ਹਾਫਿਜ਼, ਛੋਟੀ ਬੱਚੀ ਹੈ ਵੋਹ। ਤੁਮ੍ਹਾਰੀ ਬੇਟੀ ਜੈਸੀ ਹੈ।

"ਤੇਰਾ ਚੌਦਾਂ ਸਾਲ ਕੀ ਲੜਕੀ ਬੱਚੀ ਨਹੀਂ ਰਹਿਤੀ। ਐਸੀ ਉਮਰ ਕੀ ਲੜਕੀ ਕੇ ਲੀਏ ਲੋਕ ਲਾਖੋਂ ਰੁਪੈ ਖਰਚ ਕਰ ਦੇਤੇ ਹੈਂ। ਹਫੀਜ਼ ਦੀ ਬਕਵਾਸ ਤੇ ਪ੍ਰੀਤੀ ਨੂੰ ਬਹੁਤ ਕ੍ਰੋਧ ਆ ਗਿਆ ਤੇ ਉਸ ਨੂੰ ਘਰੋਂ ਜਾਣ ਲਈ ਕਹਿੰਦੀ ਰਹੀ। "ਦਫਾ ਹੋ ਜਾਉ ਯਹਾਂ ਸੇ। ਮੁਝੇ ਉਮੀਦ ਨਹੀਂ ਥੀ ਕਿ ਤੁਮ ਇਤਨੇ ਗਿਰ ਜਾਓਗੇ। ਮੇਰੀ ਮਾਸੂਮ ਬੇਟੀ ਪਰ ਤੁਮ੍ਹਾਰੀ ਨਜਰ ਹੈ।"

"ਅਰੇ ਠੀਕ ਹੀ ਕਹਿ ਰਹਾ ਹੂੰ। ਦਿਨੋਂ ਮੇ ਅਮੀਰ ਹੋ ਜਾਓਗੀ।"

"ਇਸ ਸੇ ਆਗੇ ਕੁਝ ਬੋਲੇ ਤੋ ਮੈਂ ਗੈਸ ਖੋਲ੍ਹ ਕਰ ਆਗ ਲਗਾ ਦੂੰਗੀ ਔਰ ਜਿੰਦਾ ਤੁਝੇ ਜਲਾ ਦੂੰਗੀ। ਬੇਈਮਾਨ ਕਮੀਨੇ ਔਰ ਘਟੀਆ ਆਦਮੀ। ਤੁਮਹੇਂ ਡੂਬ ਕਰ ਮਰ ਜਾਨਾ ਚਾਹੀਏ ਚੁੱਲੂ ਭਰ ਪਾਨੀ ਮੇਂ। ਤੇ ਪ੍ਰੀਤੀ ਗੈਸ ਵੱਲ ਵਧੀ ਮਾਚਿਸ ਲੈ ਕੇ ਜਿਹੜਾ ਉਸੇ ਹੀ ਕਮਰੇ ਵਿਚ ਪਿਆ ਸੀ। ਪ੍ਰੀਤੀ ਜਿਥੇ ਸੌਂਦੀ ਸੀ, ਉਸੇ ਕਮਰੇ ਵਿਚ ਰੋਟੀ ਬਣਾਂਦੀ ਸੀ। ਪ੍ਰੀਤੀ ਨੇ ਤੀਲੀ ਬਾਲ ਲਈ ਤੇ ਅੱਗ ਲਗਾਣ ਹੀ ਵਾਲੀ ਸੀ ਕਿ ਹਾਫਿਜ਼ ਬੈੱਡ ਤੋਂ ਉੱਠ ਕੇ ਖੜਾ ਹੋ ਗਿਆ, "ਯਹ ਕਿਆ ਕਰਨੇ ਲਗੀ ਹੋ?"

"ਤੁਮਹੇਂ ਜਲਾਨੇ ਲਗੀ ਹੂੰ।"

"ਪਾਗਲ ਹੋ ਗਈ ਹੋ ਕਿਆ?"

"ਹਾਂ ਪਾਗਲ ਹੋ ਗਈ ਹੂੰ।"

"ਸ਼ਾਂਤ ਹੋ ਜਾਓ। ਮੈਂ ਚਲਾ ਜਾਤਾ ਹੂੰ। ਬਾਕੀ ਮਸ਼ਵਰਾ ਠੀਕ ਦੀਆ ਹੈ ਤੁਮੇ। ਠੰਡੇ ਦਿਮਾਗ ਸੇ ਸੋਚ ਲੇਨਾ" ਤੇ ਦਰਵਾਜੇ 'ਚੋਂ ਬਾਹਰ ਨਿਕਲ ਗਿਆ।

ਪ੍ਰੀਤੀ ਬੈੱਡ ਤੇ ਡਿੱਗ ਪਈ। ਉਸ ਨੂੰ ਹਾਫਿਜ਼ ਦੀ ਸੋਚ ਤੇ ਬਹੁਤ ਕਰੋਧ ਸੀ। ਐਨਾ ਘਟੀਆ ਕੋਈ ਸੱਠ ਸਾਲ ਦਾ ਆਦਮੀ ਸੋਚ ਸਕਦਾ ਹੈ ਇਕ ਤੇਰਾਂ ਸਾਲ ਦੀ ਮਾਸੂਮ ਲੜਕੀ ਵਾਸਤੇ? ਦਿਮਾਗੀ ਸੋਚ ਦਾ ਦੀਵਾਲਾ ਨਿਕਲ ਗਿਆ ਹੈ। ਇਸ ਨੇ ਮੈਨੂੰ ਬੇਪਤ ਕੀਤਾ ਹੁਣ ਮੇਰੀ ਧੀ ਵਾਸਤੇ ਵੀ ਇੰਞ ਸੋਚ ਰਿਹਾ ਹੈ। ਮਰਦ ਦੀ ਹਵਸ ਦੀ ਕੋਈ ਹੱਦ ਵੀ ਹੁੰਦੀ ਹੈ? ਕੀ ਆਦਮੀ ਐਨਾ ਗਿਰ ਸਕਦਾ ਹੈ? ਐਨਾ ਨੀਚ ਹੋ ਸਕਦਾ ਹੈ? ਕੋਈ ਹਾਣ ਹੁੰਦਾ ਹੈ, ਕੋਈ ਉਮਰ ਹੁੰਦੀ ਹੈ। ਪਰ ਇਸ ਬੰਦੇ ਨੇ ਤੇ ਹੱਦ ਹੀ ਕਰ ਦਿੱਤੀ ਹੈ। ਇਹੋ ਜਿਹਾ ਬੰਦਾ ਮੁਸਲਮਾਨ ਹੈ? ਇਸਲਾਮ ਦੀ ਪੈਰਵੀ ਕਰਦਾ ਹੈ? ਇਹਨੂੰ ਤੇ ਸਾੜ ਦੇਣਾ ਚਾਹੀਦਾ ਹੈ। ਇਹਨੂੰ ਮਰ ਜਾਣਾ ਚਾਹੀਦਾ ਹੈ। ਕਿੰਨੀ ਦੇਰ ਕਲਪਦੀ ਰਹੀ। ਗੁੱਸੇ ਵਿਚ ਆਪਣੇ ਆਪ ਨੂੰ ਕੋਸਦੀ ਰਹੀ ਤੇ ਸਿਰ ਦੋਨਾਂ ਹੱਥਾਂ ਵਿਚ ਫੜ ਕੇ ਬੈਠੀ ਰਹੀ। ਪ੍ਰੀਤੀ ਦੀ ਬੇਟੀ ਕੁਸੁਮ ਨੇ ਮਾਂ ਨੂੰ ਹਿਲਾਇਆ, "ਮੰਮਾ ਕੀ ਗੱਲ ਹੈ?"

"ਕੁਝ ਨਹੀਂ ਬੇਟੇ।"

"ਫਿਰ ਤੁਸੀਂ ਐਨੇ ਪ੍ਰੇਸ਼ਾਨ ਕਿਉਂ ਹੋ? ਬੇਟੀ ਨੇ ਚਿੰਤਾ ਨਾਲ ਪੁੱਛਿਆ ਤੇ ਪ੍ਰੀਤੀ ਨੇ ਉਸ ਨੂੰ ਗਲੇ ਨਾਲ ਲਗਾ ਲਿਆ, ਘੁੱਟ ਕੇ ਗਲਵਕੜੀ ਪਾ ਲਈ ਤੇ ਫੋੜੇ ਵਾਂਗੂੰ ਫਿਸ ਗਈ। ਅੱਖਾਂ 'ਚੋਂ ਦੁੱਖ ਦੇ ਤੇ ਮਮਤਾ ਦੇ ਹੰਝੂ ਵਹਿਣ ਲੱਗ ਗਏ। ਪ੍ਰੀਤੀ ਨੂੰ ਹਫੀਜ਼ ਦੀ ਗੱਲ ਯਾਦ ਆ ਗਈ ਕਿ ਤੇਰੀ ਬੇਟੀ ਕੇ ਸਾਥ ਨਾ ਕੋਈ ਸਿੱਖ ਨਾ ਕੋਈ ਮੁਸਲਮਾਨ ਸ਼ਾਦੀ ਕਰੇਗਾ। ਇਸੇ ਤੋਂ ਧੰਦਾ ਹੀ ਕਰਨਾ ਪੜੇਗਾ।"

ਪ੍ਰੀਤੀ ਚੀਖ ਪਈ, "ਨਹੀਂ! ਨਹੀਂ! ਐਵੇਂ ਨਹੀਂ ਹੋ ਸਕਦਾ ਮੈਂ ਇੰਜ ਨਹੀਂ ਹੋਣ ਦਿਆਂਗੀ।"

ਮਾਂ ਨੂੰ ਇੰਜ ਹੀ ਆਪ-ਮੁਹਾਰੇ ਬੋਲਦਿਆਂ ਸੁਣ ਕੁਸਮ ਘਬਰਾ ਗਈ। ਮੰਮਾ ਕੀ ਹੋਇਆ ਹੈ? ਤੁਸੀਂ ਦੱਸਦੇ ਕਿਉਂ ਨਹੀਂ, ਐਨੇ ਨੂੰ ਬੇਟਾ ਅਰਸ਼ ਵੀ ਅੰਦਰ ਆ ਗਿਆ ਮਾਂ ਦੀ ਆਵਾਜ਼ ਸੁਣ ਕੇ। ਦੋਨੋਂ ਮਾਂ ਦੇ ਨਾਲ ਚਿਮੜ ਕੇ ਬੈਠ ਗਏ। ਪ੍ਰੀਤੀ ਦੀ ਸੋਚ ਵਿਚ ਸਾਰਾ ਭਵਿੱਖ ਸਾਹਮਣੇ ਆ ਗਿਆ। ਉਸ ਨੂੰ ਆਪਣੇ ਬੱਚਿਆਂ ਦੇ ਭਵਿੱਖ ਵਿਚ ਹਨੇਰਾ ਦਿੱਸਿਆ। ਅਚਾਨਕ ਮਨ ਵਿਚ ਵਿਚਾਰ ਆਇਆ ਤੇ ਪੁੱਛਿਆ, "ਪਾਪਾ ਕੋਲ ਨਾਂਦੇੜ ਜਾਉਗੇ?"

"ਹਾਂ, ਮੰਮਾ ਤੁਸੀਂ ਭੇਜੋਗੇ?"

"ਹਾਂ ਭੇਜਾਂਗੀ।"

"ਉਹ ਮੰਮਾ ਸਾਡੀ ਜ਼ਿੰਦਗੀ ਸੁਧਰ ਜਾਏਗੀ। ਅਸੀਂ ਆਜ਼ਾਦ ਹੋ ਜਾਵਾਂਗੇ ਇਸ ਕੈਦ ਤੋਂ। ਇਹ ਨਰਕ ਹੈ ਅਸੀਂ ਇਥੇ ਰਹਿ ਕੇ ਮਰਨ ਤੋਂ ਬਿਨਾਂ ਹੋਰ ਕੁਝ ਨਹੀਂ

ਸੋਚਦੇ। ਕਈ ਵਾਰੀ ਮੈਂ ਅਰਸ਼ ਨੂੰ ਕਹਿੰਦੀ ਹਾਂ ਘਰੋਂ ਭੱਜ ਜਾਈਏ ਤੇ ਦਰਿਆ ਵਿਚ ਡੁੱਬ ਜਾਈਏ ਤਾਂ ਕਿ ਸਾਡੀ ਮੰਮਾ ਵੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਏ।" ਬੇਟੀ ਨੇ ਮਾਂ ਨੂੰ ਘੁਟਦਿਆਂ ਕਿਹਾ।

"ਤੁਸੀਂ ਡੁੱਬਣ ਦੀ ਸੋਚਦੇ ਰਹਿੰਦੇ ਹੋ?"

"ਫਿਰ ਕੀ ਕਰੀਏ ਮੰਮਾ?" ਕੁਸੁਮ ਦੀ ਆਵਾਜ਼ ਵਿਚ ਦਰਦ ਸੀ।

ਅਰਸ਼ ਬੋਲਿਆ, "ਮੰਮਾ ਅਸੀਂ ਪਾਪਾ ਕੋਲ ਚਲੇ ਜਾਂਦੇ ਹਾਂ।"

"ਕੀ ਉਹ ਤੁਹਾਨੂੰ ਆਪਣੇ ਕੋਲ ਰੱਖਣਗੇ? ਪ੍ਰੀਤੀ ਜਾਣਨ ਲਈ ਉਤਸੁਕ ਸੀ।

"ਕਿਉਂ ਨਹੀਂ ਰੱਖਣਗੇ?"

"ਉਹ ਤੇ ਬੇਟਾ ਸਾਡੇ ਨਾਲ ਨਰਾਜ਼ ਸਨ ਕਿੰਨੇ ਦਿਨ ਨਹੀਂ ਬੋਲੇ ਮੇਰੇ ਨਾਲ ਤੇ ਆਣ ਲੱਗਿਆਂ ਵੀ ਗੱਲ ਨਹੀਂ ਕੀਤੀ।"

"ਮੰਮਾ ਤੁਹਾਡੇ ਨਾਲ ਨਰਾਜ਼ ਹੋਣਗੇ। ਪਰ ਸਾਨੂੰ ਤੇ ਆਣ ਲੱਗਿਆਂ ਸੀਨੇ ਨਾਲ ਘੁੱਟ ਕੇ ਰੋ ਪਏ ਸਨ। ਅਸੀਂ ਉੱਥੇ ਹੀ ਉਹਨਾਂ ਕੋਲ ਜਾਵਾਂਗੇ।" ਅਰਸ਼ ਨੇ ਕਿਹਾ।

"ਅਗਰ ਉਹ ਨਾ ਮੰਨੇ?"

"ਅਸੀਂ ਉਹਨਾਂ ਕੋਲ ਨੌਕਰੀ ਕਰ ਲਵਾਂਗੇ। ਮੈਂ ਢਾਬੇ ਦੇ ਬਰਤਨ ਮਾਂਜ ਲਿਆ ਕਰਾਂਗਾ ਤੇ ਕੁਸਮ ਪਾਪਾ ਦੀ ਰੋਟੀ ਬਣਾ ਦੇਗੀ, ਕਪੜੇ ਧੋ ਦੇਗੀ। ਉਹ ਸਾਨੂੰ ਜ਼ਰੂਰ ਰੱਖ ਲੈਣਗੇ। ਪਾਪਾ ਵਰਗਾ ਦੁਨੀਆ ਵਿਚ ਕੋਈ ਨਹੀਂ ਮੰਮੀ, ਮੇਰੇ ਪਾਪਾ ਵਰਗਾ ਕੋਈ ਨਹੀਂ ਹੈ।" ਤੇ ਅਰਸ਼ ਭੁੱਬਾਂ ਮਾਰ ਕੇ ਰੋ ਪਿਆ।

"ਰੋ ਨਹੀਂ ਹੌਸਲਾ ਕਰ ਬੱਚੇ। ਮੈਂ ਤੁਹਾਨੂੰ ਉਹਨਾਂ ਕੋਲ ਹੀ ਭੇਜ ਦਿਆਂਗੀ।"

"ਇਕੱਲੇ?"

"ਹਾਂ ਤੁਸੀਂ ਦੋਨੋਂ ਭੈਣ ਭਰਾ, ਮੈਂ ਤੁਹਾਡੇ ਨਾਲ ਨਹੀਂ ਜਾਵਾਂਗੀ।"

"ਕਿਉਂ?"

"ਮੈਨੂੰ ਉਹ ਕਦੀ ਮਾਫ਼ ਨਹੀਂ ਕਰਨਗੇ। ਮੈਂ ਉਹਨਾਂ ਲਈ ਕਦੀ ਠੀਕ ਨਹੀਂ ਕੀਤਾ। ਮੈਨੂੰ ਉਹਨਾਂ ਨੇ ਕਈ ਵਾਰੀ ਮਾਫ਼ ਕੀਤਾ ਹੈ ਪਰ ਮੈਂ ਆਪਣੀ ਫਿਤਰਤ ਕਾਰਨ ਉਹਨਾਂ ਨੂੰ ਹਮੇਸ਼ਾ ਦੁੱਖ ਦਿੱਤਾ ਤੇ ਮਾਯੂਸ ਕੀਤਾ। ਉਹਨਾਂ ਦੇ ਸਾਹਮਣੇ ਹੋਣ ਦੀ ਮੇਰੇ ਵਿਚ ਹਿੰਮਤ ਨਹੀਂ ਹੈ। ਉਹ ਸੱਚਮੁੱਚ ਦੇਵਤਾ ਹਨ। ਤੁਸੀਂ ਪਹਿਲੇ ਚਲੇ ਜਾਉ।" ਪ੍ਰੀਤੀ ਬਹੁਤ ਭਾਵੁਕ ਹੋ ਗਈ ਸੀ ਤੇ ਆਪਣੇ ਕੀਤੇ ਤੇ ਰੋਂਦੀ ਰਹੀ।

"ਕੁਸੁਮ ਨੇ ਪੁੱਛਿਆ, "ਮੰਮੀ ਅਸੀਂ ਜਾਵਾਂਗੇ ਕਿਵੇਂ?"

"ਮੈਂ ਸਭ ਬੰਦੋਬਸਤ ਕਰਦੀ ਹਾਂ।" ਪ੍ਰੀਤੀ ਦੇ ਦਿਲ ਤੋਂ ਜਿਵੇਂ ਮਣਾ-ਮੂਹੀਂ ਭਾਰ ਉੱਤਰ ਗਿਆ ਹੋਵੇ। ਉਸ ਦੀ ਆਤਮਾ ਨੂੰ ਇਸ ਸੋਚ ਨੇ ਸਕੂਨ ਦਿੱਤਾ। ਉਸ ਨੂੰ ਲੱਗਾ

ਜਿਵੇਂ ਇਹ ਫੈਸਲਾ ਕਰ ਕੇ ਉਸ ਨੇ ਬੱਚਿਆਂ ਦੇ ਭਵਿੱਖ ਨੂੰ ਬਚਾ ਲਿਆ ਹੋਵੇ ਤੇ ਆਪ ਚਿੰਤਾ-ਮੁਕਤ ਹੋ ਗਈ ਹੋਵੇ। ਉਹ ਜਾਣਦੀ ਸੀ ਕਿ ਬਬਲੂ ਬੱਚਿਆਂ ਨੂੰ ਰੱਖ ਲਏਗਾ। ਬੱਚਿਆਂ ਬਿਨਾਂ ਉਸ ਦਾ ਜੀਵਨ ਕਿੰਨਾ ਬੇ-ਅਰਥ ਹੋ ਗਿਆ ਹੋਵੇਗਾ? ਫਿਰ ਉਸ ਦਾ ਵੇਹੜਾ ਖੁਸ਼ੀਆਂ ਨਾਲ ਹੱਸ ਪਏਗਾ। ਤੇ ਮੇਰੇ ਬੱਚੇ ਇਸ ਜੇਲ੍ਹ 'ਚੋਂ ਆਜ਼ਾਦ ਹੋ ਜਾਣਗੇ। ਹੁਣ ਭਾਵੇਂ ਪੜ੍ਹ ਲਿਖ ਨਾ ਸਕਣ ਪਰ ਬਬਲੂ ਕਿਸੇ ਕੰਮ ਵਿਚ ਤੇ ਲਗਾ ਦੇਗਾ। ਕੁਸਮ ਦਾ ਵਿਆਹ ਤੇ ਕਰ ਦੇਗਾ।" ਇਹ ਸੋਚਦੀ ਹੋਈ ਉਹ ਬੱਚਿਆਂ ਦੇ ਜਾਣ ਦਾ ਤਰੀਕਾ ਸੋਚਦੀ ਰਹੀ।

## 24

ਸਾਰੀ ਰਾਤ ਬੱਚਿਆਂ ਨੂੰ ਭੇਜਣ ਦੀ ਤਰਕੀਬ ਬਣਾਂਦੀ ਰਹੀ। ਕਿਵੇਂ ਕਰੇਗੀ? ਕੇਵਲ ਇਕ ਉਮੀਦ ਫੌਜੀ ਵੀਰ 'ਤੇ ਸੀ ਕਿ ਉਹ ਕੁਝ ਸਹਾਇਤਾ ਕਰ ਸਕਣਗੇ ਬੱਚਿਆਂ ਨੂੰ ਭੇਜਣ ਵਿਚ। ਕੁਝ ਪੈਸੇ ਉਸ ਕੋਲ ਜੁੜੇ ਸਨ ਬੱਚਿਆਂ ਨੂੰ ਭੇਜਣ ਵਾਸਤੇ। ਉਹ ਵੀਰ ਨੂੰ ਬੇਨਤੀ ਕਰੇਗੀ ਕਿ ਜਿਥੇ ਉਹਨਾਂ ਨੇ ਐਨਾ ਕੁਝ ਕੀਤਾ ਹੈ, ਇਕ ਹੋਰ ਉਪਕਾਰ ਕਰ ਦੇਣ।"

ਦੂਸਰੇ ਦਿਨ ਪ੍ਰੀਤੀ ਨੇ ਮੋਬਾਇਲ ਲਗਾਇਆ। ਵੀਰ ਨੇ ਗੱਲ ਕੀਤੀ, "ਸਤਿ ਸ੍ਰੀ ਅਕਾਲ" ਕਹਿਣ ਮਗਰੋਂ ਪ੍ਰੀਤੀ ਨੇ ਬੇਨਤੀ ਕੀਤੀ, "ਵੀਰ ਜੀ ਮੈਂ ਤੁਹਾਨੂੰ ਮਿਲਣਾ ਹੈ।"

"ਸੁੱਖ ਤੇ ਹੈ ਨਾ ਭੈਣ ਜੀ!" ਫੌਜੀ ਨੇ ਪੁੱਛਿਆ।

"ਹਾਂ ਜੀ! ਸਬ ਸੁੱਖ ਹੈ। ਪਰ ਬੜੀ ਜ਼ਰੂਰੀ ਗੱਲ ਤੁਹਾਡੇ ਨਾਲ ਕਰਨੀ ਹੈ। ਤੁਹਾਨੂੰ ਆਣਾ ਹੀ ਪਏਗਾ। ਮੈਂ ਤੇ ਜਾ ਕੇ ਤੁਹਾਨੂੰ ਕਿਤੇ ਮਿਲ ਨਹੀਂ ਸਕਦੀ।"

"ਠੀਕ ਹੈ। ਮੈਨੂੰ ਛੁੱਟੀ ਲੈਣੀ ਪਏਗੀ।"

"ਛੁੱਟੀ ਲੈ ਲਵੋ ਤੇ ਆਉ।"

"ਠੀਕ ਹੈ ਇਕ ਦੋ ਦਿਨਾਂ ਵਿਚ ਆਂਦਾ ਹਾਂ, ਪਰ ਕਿਥੇ ਆਵਾਂ?"

"ਮੇਰੇ ਡੇਰੇ ਤੇ ਆ ਜਾਣਾ ਬੇਝਿਜਕ ਹੋ ਕੇ ਤੁਸੀਂ ਮੇਰੇ ਵੀਰ ਹੋ।"

"ਠੀਕ ਹੈ ਬੀਬੀ! ਆਣ ਤੇ ਦੱਸ ਦਿਆਂਗਾ।"

ਬੱਚਿਆਂ ਨੂੰ ਭੇਜਣ ਦਾ ਉਤਸ਼ਾਹ ਸੀ ਪ੍ਰੀਤੀ ਵਿਚ। ਉਹ ਸ਼ਮੀਮ ਨਾਲ ਵੀ ਸਲਾਹ ਕਰਨਾ ਚਾਹੁੰਦੀ ਸੀ। ਉਹੀ ਉਸ ਦੀ ਸੱਚੀ ਹਮਦਰਦ ਸੀ ਇਸ ਇਲਾਕੇ ਵਿਚ ਜਿਹੜੀ ਉਸ ਨੂੰ ਸਹੀ ਸਲਾਹ ਦੇ ਸਕਦੀ ਸੀ। ਪ੍ਰੀਤੀ ਨੇ ਉਸਨੂੰ ਵੀ ਫੋਨ ਕਰ ਕੇ ਆਣ ਲਈ ਨਿਉਤਾ ਦਿੱਤਾ। ਸ਼ਾਮ ਨੂੰ ਪ੍ਰੋਫੈਸਰ ਸ਼ਮੀਮ ਵੀ ਆ ਗਈ।

"ਕੈਸੇ ਯਾਦ ਕੀਆ ਹੈ?"

"ਆਪ ਸੇ ਬਾਤ ਕਰਨੀ ਹੈ?" ਪ੍ਰੀਤੀ ਨੇ ਕਿਹਾ।

"ਠੀਕ ਹੈ, ਬਤਾਓ। ਆਜ ਆਪ ਕੀ ਸੂਰਤ ਸੇ ਲਗਤਾ ਹੈ ਖੁਸ਼ ਹੋ, ਚੇਹਰੇ ਪਰ ਮਾਯੂਸੀ ਨਹੀਂ ਹੈ।" ਸ਼ਮੀਮ ਨੇ ਉਸ ਦੀ ਸੂਰਤ ਤੋਂ ਹੀ ਅੰਦਾਜ਼ਾ ਲਗਾਇਆ।

"ਦੀਦੀ! ਪਰਸੋਂ ਹਫੀਜ਼ ਆਇਆ ਥਾ, ਮਕਾਨ ਮਾਲਿਕ। ਬੜੀ ਵਹੀਆਤ ਔਰ ਘਟੀਆ ਬਾਤ ਕੀ ਉਸ ਨੇ।"

"ਕਿਆ ਕਹਾ?"

"ਮੇਰੀ ਬੇਟੀ ਕੇ ਲੀਏ ਬਹੁਤ ਘਟੀਆ ਬੋਲਾ। ਕਹਿਨੇ ਲਗਾ ਕਿ ਤੁਮ੍ਹਾਰੀ ਬੇਟੀ ਸੇ ਕੋਈ ਸ਼ਾਦੀ ਤੋ ਕਰਨੇ ਵਾਲਾ ਨਹੀਂ, ਨਾ ਸਿੱਖ ਨਾ ਮੁਸਲਿਮ। ਇਸੇ ਤੋ ਧੰਦਾ ਹੀ ਕਰਨਾ ਹੋਗਾ। ਅਬੀ ਸੇ ਸ਼ੁਰੂ ਕਰਵਾ ਦੋ। ਲਾਖੋਂ ਰੁਪੈ ਕਮਾਊਗੀ। ਸਬ ਸੇ ਪਹਿਲੇ ਮੇਰੇ ਸੇ ਹੀ ਸ਼ੁਰੂਆਤ ਕਰਵਾਓ, ਜਿਤਨੇ ਪੈਸੇ ਮਾਂਗੋਗੀ ਦੇ ਦੂੰਗਾ। ਇਸ ਉਮਰ ਮੇਂ ਏਕ ਤੇਰਾਂ ਸਾਲ ਕੀ ਬੱਚੀ ਕੇ ਲੀਏ ਉਸ ਕੀ ਐਸੀ ਸੋਚ ਹੈ?"

"ਐਸਾ ਕਹਿਨੇ ਸੇ ਪਹਿਲੇ ਉਸ ਪਰ ਆਸਮਾਨ ਕਿਉਂ ਨਹੀਂ ਗਿਰ ਗਿਆ?" ਸ਼ਮੀਮ ਨੇ ਹੈਰਾਨੀ ਪ੍ਰਗਟਾਈ।" ਇਤਨਾ ਜ਼ਲੀਲ ਹੋ ਸਕਤਾ ਹੈ? ਕੋਈ ਸੋਚ ਭੀ ਨਹੀਂ ਸਕਤਾ।"

"ਮੈਂ ਉਸ ਕੀ ਐਸੀ ਬਾਤ ਸੁਨ ਕਰ ਰਾਤ ਭਰ ਨਹੀਂ ਸੌਂ ਸਕੀ।" ਪ੍ਰੀਤੀ ਨੇ ਕਿਹਾ।

"ਏਕ ਮਾਂ ਅਪਨੀ ਬੇਟੀ ਕੇ ਲੀਏ ਕੈਸੇ ਐਸੀ ਬਾਤ ਸਹਿ ਸਕਤੀ ਹੈ? ਫਿਰ ਤੁਮਨੇ ਕਿਆ ਜਵਾਬ ਦੀਆ ਉਸੇ?

"ਮੈਂ ਤੋ ਦੀਦੀ ਗੁੱਸੇ ਮੇਂ ਅੰਧੀ ਹੋ ਗਈ ਥੀ। ਮੈਨੇ ਗੈਸ ਜਲਾ ਕਰ ਉਸੇ ਖ਼ਤਮ ਕਰਨੇ ਕਾ ਸੋਚ ਲੀਆ। ਦੀਆਸਿਲਾਈ ਜਲਾ ਭੀ ਲੀ ਔਰ ਗੈਸ ਖੋਲਨੇ ਹੀ ਵਾਲੀ ਥੀ ਕਿ ਵੋਹ ਉੱਠ ਖੜਾ ਹੂਆ ਔਰ ਚਲਾ ਗਿਆ।"

"ਤੁਮਨੇ ਠੀਕ ਕੀਆ, ਪਰ ਫਿਕਰ ਕਰਨੇ ਕੀ ਬਾਤ ਹੈ। ਐਸੇ ਕਿਤਨੇ ਹੀ ਮਰਦੋਂ ਸੇ ਪਾਲਾ ਪੜੇਗਾ। ਵੋਹ ਸਾਠ ਸਾਲ ਸੇ ਜ਼ਿਆਦਾ ਉਮਰ ਕਾ ਹੈ ਅਗਰ ਵੋਹ ਇਤਨਾ ਨੀਚ ਸੋਚ ਸਕਤਾ ਹੈ ਤੋ ਕਈ ਐਸੇ ਔਰ ਭੀ ਹੋਂਗੇ।" ਕਬ ਤਕ ਤੁਮ ਬੇਟੀ ਕੋ ਜੇਲ ਮੇਂ ਬੰਦ ਕਰਕੇ ਰੱਖੋਗੀ। ਜੈਸੇ ਹੀ ਵੋਹ ਘਰ ਸੇ ਨਿਕਲੇਗੀ ਉਸ ਕੀ ਜ਼ਿੰਦਗੀ ਬਰਬਾਦ ਹੋ ਜਾਏਗੀ। ਬੇਇੱਜਤ ਹੋ ਜਾਏਗੀ। ਯਹ ਸਮਾਜ ਬਹੁਤ ਗੰਦਾ ਹੈ। ਇਨਕੀ ਨਮਾਜੇਂ, ਰੋਜੇ, ਔਰ ਇਬਾਦਤ ਸਭ ਢੋਂਗ ਹੈਂ। ਕਿਸੀ ਪੀਰ ਜਾਂ ਮੋਲਵੀ ਕੀ ਭੀ ਐਸੀ ਹੀ ਫਿਤਰਤ

ਹੈ। ਬੱਚੀਓਂ ਕੋ ਦੀਨੀ ਤਲੀਮ ਦੇਨੇ ਉਨਕੇ ਘਰ ਜਾਤੇ ਹੈਂ, ਛੋਟੀ-ਛੋਟੀ ਬੱਚੀਓਂ ਸੇ ਬੇਹੂਦਾ ਸ਼ਰਾਰਤ ਕਰਨੇ ਸੇ ਬਾਜ ਨਹੀਂ ਆਤੇ। ਤੁਮ੍ਹਾਰੀ ਬੇਟੀ ਕੇ ਲੀਏ ਯਹ ਸੰਜੀਦਾ ਮਸਲਾ ਹੈ। ਤੁਮ ਅਕੇਲੀ, ਬਿਨਾਂ ਕਿਸੀ ਸਹਾਰੇ ਕੇ ਕੈਸੇ ਇਸ ਕੀ ਅਸਮਤ ਬਚਾਉਗੀ? ਅਪਨੀ ਮਿਸਾਲ ਲੋ ਕਿ ਕੈਸੇ ਤੁਮ੍ਹਾਰੀ ਇੱਜ਼ਤ ਕੋ ਤਾਰ-ਤਾਰ ਕੀਆ ਗਿਆ ਹੈ।"

"ਮੈਨੇ ਇਸ ਲੀਏ ਸੋਚਾ ਹੈ ਕਿ ਬੱਚੋਂ ਕੋ ਮੈਂ ਆਪਨੇ ਖਾਵੰਦ ਕੇ ਪਾਸ ਭੇਜ ਦੂੰ।" ਪ੍ਰੀਤੀ ਬੋਲੀ।

"ਬਹੁਤ ਸਹੀ ਸੋਚਾ ਹੈ। ਪਰ ਕਿਆ ਵੋਹ ਬੱਚੋਂ ਕੋ ਰੱਖੇਗਾ?"

"ਕਿਉਂ ਨਹੀਂ। ਉਸੀ ਨੇ ਹੀ ਇਨ ਕੋ ਪਾਲਾ ਪੋਸਾ ਹੈ, ਮੇਰੀ ਬੇਵਫਾਈ ਕੀ ਵਜ੍ਹਾ ਸੇ ਬੱਚੋਂ ਕੋ ਤੋ ਨਹੀਂ ਦੁਤਕਾਰੇਗਾ।"

"ਤੁਮ ਕਹਿ ਰਹੀ ਥੀ ਕਿ ਬੱਚੇ ਉਸ ਕੇ ਨਹੀਂ ਹੈਂ ਵੋਹ ਜਾਨਤਾ ਹੈ।"

"ਹਾਂ ਦੀਦੀ! ਪਰ ਵੋਹ ਐਸਾ ਨਹੀਂ ਹੈ ਕਿ ਬੱਚੋਂ ਕੋ ਸਹਾਰਾ ਨਹੀਂ ਦੇਗਾ। ਬੱਚੋਂ ਸੇ ਬਿਛੜਤੇ ਵਕਤ ਵੋਹ ਢੇਰੋਂ ਆਂਸੂ ਰੋਇਆ ਥਾ ਜੈਸੇ ਉਸ ਸੇ ਉਸ ਕੀ ਜ਼ਿੰਦਗੀ ਜੁਦਾ ਹੋ ਗਈ ਹੋ।" ਪ੍ਰੀਤੀ ਵੀ ਭਾਵੁਕ ਹੋ ਗਈ।

"ਅਗਰ ਉਸ ਨੇ ਦੂਸਰੀ ਸ਼ਾਦੀ ਕਰ ਲੀ ਹੋਗੀ?"

"ਵੋਹ ਦੂਸਰੀ ਸ਼ਾਦੀ ਕਰਨੇ ਵਾਲਾ ਨਹੀਂ ਹੈ। ਅਗਰ ਕਰ ਭੀ ਲੀ ਹੋਗੀ ਤੋ ਬੱਚੋਂ ਕੋ ਠੁਕਰਾਏਗਾ ਨਹੀਂ।"

"ਪ੍ਰੀਤੀ ਤੁਮਨੇ ਠੀਕ ਸੋਚਾ ਹੈ। ਤੁਮ੍ਹਾਰੇ ਬੱਚੇ ਕੈਦ ਸੇ ਰਿਹਾ ਹੋ ਜਾਏਂਗੇ। ਖੁਲ੍ਹੀ ਹਵਾ ਮੇਂ ਸਾਂਸ ਲੇਂਗੇ। ਯਹਾਂ ਤੋ ਦਿਮਾਗੀ ਤੌਰ ਸੇ ਭੀ ਮਜੂਰ ਹੋ ਗਏ ਹੈ। ਇਨਕੋ ਭੇਜ ਦੋ। ਕਮ-ਸੇ-ਕਮ ਹਫੀਜ਼ ਜੈਸੀ ਸੋਚ ਵਾਲੇ ਲੋਗੋਂ ਸੇ ਬਚੇਂਗੇ।"

"ਪਰ ਕੈਸੇ ਭੇਜੋਗੀ?"

"ਮੈਂ ਸੋਚ ਰਹੀ ਹੂੰ ਜੰਮੂ ਤਕ ਸਾਥ ਜਾਊਂ ਔਰ ਵਹਾਂ ਸੇ ਸੀਧੀ ਜਾਨੇ ਵਾਲੀ ਗਾੜੀ ਮੇ ਬਿਠਾ ਦੂੰ।"

"ਖੁਦ ਚਲੇ ਜਾਏਂਗੇ।"

"ਹਾਂ ਮੁਝੇ ਭਰੋਸਾ ਹੈ ਕਿ ਚਲੇ ਜਾਏਂਗੇ। ਮੈਨੇ ਫੌਜੀ ਭਾਈ ਕੋ ਭੀ ਆਨੇ ਕੇ ਲੀਏ ਕਹਾ ਹੈ, ਬਹੁਤ ਹਮਦਰਦ ਹੈ, ਭੈਣ ਸਮਝਤਾ ਹੈ ਔਰ ਮੇਰੀ ਮਦਦ ਕਰਤਾ ਹੈ। ਮੇਰੇ ਘਰ ਕੀ ਸੀੜੀਆਂ ਕਭੀ ਨਹੀਂ ਚੜਾ ਹੈ। ਅਗਰ ਉਸ ਕੇ ਆਨੇ ਪਰ ਆਪ ਭੀ ਆ ਜਾਏਂ ਤੋਂ ਬੇਹਤਰ ਰਹੇਗਾ। ਆਪ ਅਪਨੀ ਸਮਝ ਕੇ ਹਿਸਾਬ ਸੇ ਬਾਤ ਕਰ ਸਕਤੀ ਹੈਂ।" ਇਤਮਾਦ ਹੈ ਤੋ ਮੇਰੇ ਆਨੇ ਕੀ ਕੋਈ ਜ਼ਰੂਰਤ ਨਹੀਂ। ਅਗਰ ਤੁਮ੍ਹਾਰੀ ਜ਼ਿੰਮੇਵਾਰੀ ਉਠਾਤਾ

ਹੈ ਤੋ ਬੱਚੋਂ ਕੀ ਭੀ ਜਿੰਮੇਵਾਰੀ ਨਿਭਾਏਗਾ।"

"ਠੀਕ ਹੈ ਦੀਦੀ!"

"ਪ੍ਰੀਤੀ ਮੈਂ ਤੇਰੇ ਇਸ ਫੈਸਲੇ ਸੇ ਬੇਹਦ ਖੁਸ਼ ਹੂੰ। ਹਮੇਸ਼ਾ ਮੁਝੇ ਤੇਰੀ ਫਿਕਰ ਰਹਤੀ ਹੈ। ਆਜ ਮੇਰੀ ਭੀ ਫਿਕਰ ਕੰਮ ਹੋਈ ਹੈ। ਅਬ ਬੱਚੇ ਸਹੀ ਸਲਾਮਤ ਪਹੁੰਚ ਜਾਏਂ। ਮੁਝੇ ਇਤਲਾਹ ਕਰਤੇ ਰਹਨਾ। ਠੀਕ ਹੈ, ਮੈਂ ਚਲਤੀ ਹੂੰ।" ਕਹਿ ਕੇ ਸ਼ਮੀਮ ਮੰਜੇ ਤੋਂ ਉੱਠ ਗਈ ਤੇ ਰਵਾਨਾ ਹੋ ਗਈ। ਪ੍ਰੀਤੀ ਨੂੰ ਵੀ ਤਸੱਲੀ ਹੋ ਗਈ ਕਿ ਉਸ ਨੇ ਸਹੀ ਫੈਸਲਾ ਕੀਤਾ ਹੈ।

ਫਿਰ ਦੂਜੇ ਦਿਨ ਹਵਾਲਦਾਰ ਵੀਰ ਆ ਗਿਆ ਤੇ ਬਹੁਤ ਜੋਰ ਪਾਣ ਤੇ ਉੱਪਰ ਆ ਗਿਆ, ਹੋਰ ਕੋਈ ਜਗ੍ਹਾ ਵੀ ਨਹੀਂ ਸੀ ਜਿੱਥੇ ਗੱਲ ਕੀਤੀ ਜਾ ਸਕੇ। ਪ੍ਰੀਤੀ ਨੇ ਮੰਜੇ ਤੇ ਬੈਠਾਇਆ ਪਾਣੀ ਪਿਲਾਇਆ ਤੇ ਬੋਲੀ, "ਵੀਰ ਜੀ ਤੁਹਾਡੀ ਬਹੁਤ ਮੇਹਰਬਾਨੀ ਹੈ ਕਿ ਤੁਸੀਂ ਇਸ ਨਿਮਾਣੀ ਦੇ ਡੇਰੇ ਤੇ ਆਏ ਹੋ। ਮੈਂ ਜੀਵਨ ਭਰ ਬਹੁਤ ਭਟਕੀ ਹਾਂ ਤੇ ਚੰਗੇ ਬੰਦੇ ਕਦੀ ਮਿਲੇ ਹੀ ਨਹੀਂ ਇਕ ਮੇਰੇ ਪਤੀ ਬਬਲੂ ਤੋਂ ਸਿਵਾ।" "ਭੈਣ ਅੱਜ ਕਲ ਦੀ ਦੁਨੀਆ ਕੋਈ ਹੋਰ ਚਾਲ ਚਲਦੀ ਹੈ। ਚੰਗੇ ਹੋਣ ਦਾ ਵਿਖਾਵਾ ਹੀ ਹੈ ਅੰਦਰੋਂ ਸਭ ਜ਼ਹਿਰ ਦੇ ਭਰੇ ਹਨ। ਕਿਸੇ ਕੋਲ ਕੋਈ ਸਹਿਨ-ਸ਼ਕਤੀ ਨਹੀਂ,।" ਜ਼ਹਿਰ ਬੀਜਦੇ ਹਨ ਤੇ ਜ਼ਹਿਰ ਹੀ ਕੱਟਦੇ ਹਨ। ਹਾਂ ਦੱਸ ਕੀ ਗੱਲ ਹੈ? ਕਿਉਂ ਮੈਨੂੰ ਬੁਲਾਇਆ ਹੈ?"

"ਮੈਂ ਵੀਰ ਜੀ ਬਚਪਨ ਵਿਚ ਹੀ ਗਲਤ ਰਸਤੇ ਪੈ ਗਈ, ਮੁਸਲਿਮ ਲੜਕੇ ਫਿਆਜ਼ ਨਾਲ ਭੱਜ ਗਈ। ਪੁਲੀਸ ਨੇ ਬਰਾਮਦ ਕੀਤਾ ਤੇ ਮੇਰਾ ਵਿਆਹ ਬਬਲੂ ਨਾਲ ਕਰ ਦਿੱਤਾ, ਬਬਲੂ ਆਪ ਬਹੁਤ ਚੰਗਾ ਸੀ ਪਰ ਉਸ ਦੇ ਦੋਸਤ ਚੰਗੇ ਨਹੀਂ ਸਨ। ਉਹਨਾਂ ਵਿਚੋਂ ਇਕ ਨੇ ਬੇਹੋਸ਼ੀ ਦੀ ਦਵਾ ਦੇ ਕੇ ਮੇਰੇ ਨਾਲ ਬਲਾਤਕਾਰ ਕੀਤਾ। ਇਸ ਘਟਨਾ ਨੇ ਮੈਨੂੰ ਤੋੜ ਦਿੱਤਾ ਮੈਂ ਬਬਲੂ ਨੂੰ ਛੱਡ ਕੇ ਫਿਰ ਫਿਆਜ਼ ਕੋਲ ਚਲੀ ਗਈ। ਉਸ ਨਾਲ ਨਿਕਾਹ ਕਰ ਲਿਆ। ਦੁਬਾਰਾ ਮੈਨੂੰ ਫੜਿਆ ਗਿਆ, ਵਾਪਸ ਲਿਆਂਦਾ ਤੇ ਸਮਝਾ ਬੁਝਾ ਕੇ ਫਿਰ ਬਬਲੂ ਕੋਲ ਚਲੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਂਦੇੜ ਗੁਰਦੁਆਰਾ ਸਾਹਿਬ ਭੇਜ ਦਿੱਤਾ, ਉਥੇ ਸੇਵਾਦਾਰ ਬਣੇ ਰਹੇ ਫਿਰ ਮੇਰੇ ਪਤੀ ਨੇ ਉਥੇ ਢਾਬਾ ਖੋਲ੍ਹ ਲਿਆ ਤੇ ਫਿਰ ਫਿਆਜ਼ ਨੇ ਉਥੇ ਵੀ ਆ ਜਾਣਾ ਸ਼ੁਰੂ ਕਰ ਦਿੱਤਾ, ਮੇਰੇ ਪਤੀ ਨੇ ਦੁਖੀ ਹੋ ਕੇ ਮੈਨੂੰ ਫਿਆਜ਼ ਨਾਲ ਕਸ਼ਮੀਰ ਭੇਜ ਦਿੱਤਾ, ਘਰੋਂ ਕੱਢ ਦਿੱਤਾ ਬੱਚਿਆਂ ਦੇ ਸਮੇਤ। ਪਿਛਲੇ ਕਈ ਸਾਲਾਂ ਤੋਂ ਮੇਰੇ ਬੱਚੇ ਇਥੇ ਕੈਦ ਨੇ ਤੇ ਮੈਂ ਬੇਬੱਸ।"

"ਬੀਬੀ ਤੇਰੀ ਕਹਾਣੀ ਬਹੁਤ ਹੀ ਅਫਸੋਸਨਾਕ ਹੈ। ਜੋ ਤੂੰ ਆਪਣੀ ਜਵਾਨੀ ਤੋਂ ਹੁਣ ਤਕ ਕਰਮ ਕੀਤੇ ਹਨ ਬਹੁਤ ਹੀ ਮਾੜੇ ਹਨ। ਗੁਰੂ ਦੇ ਹਜ਼ੂਰ ਤੂੰ ਆਨੰਦ ਕਾਰਜ ਕਰਵਾ ਕੇ ਫਿਰ ਉਸ ਬੰਦੇ ਕੋਲ ਚਲੀ ਗਈ ਜਿਸ ਨੇ ਤੈਨੂੰ ਨਾ ਭਰਾਵਾਂ ਜੋਗਾ ਰੱਖਿਆ,

ਨਾਂ ਮਾਂ ਜੋਗਾ ਰੱਖਿਆ ਨਾ ਗੁਰੂ ਦੀ ਸਿੱਖੀ ਜੋਗਾ ਰੱਖਿਆ। ਤੇਰਾ ਘਰਵਾਲੇ ਦੀ ਸਹਿਨਸ਼ਕਤੀ ਦਾ ਮੈਂ ਕਾਇਲ ਹਾਂ ਕਿ ਉਹ ਸਭ ਕੁਝ ਅੱਖੀਂ ਵੇਖਦਾ ਰਿਹਾ। ਸਾਡੇ ਵਰਗਾ ਕੋਈ ਹੁੰਦਾ ਤਾਂ ਤੇਰੇ ਵੀ ਡੱਕਰੇ ਕਰ ਦੇਂਦਾ ਤੇ ਤੇਰੇ ਯਾਰ ਦੇ ਵੀ।" ਫੌਜੀ ਬਹੁਤ ਕਰੋਧ ਵਿਚ ਆ ਗਿਆ।

"ਵੀਰ ਜੀ! ਮੈਂ ਆਪਣੀ ਗਲਤੀਆਂ ਦੀ ਬਹੁਤ ਸਜ਼ਾ ਭੋਗ ਚੁੱਕੀ ਹਾਂ। ਮੈਂ ਇਸ ਧਰਤੀ ਤੇ ਭਾਰ ਹਾਂ, ਆਪਣੇ ਖਾਨਦਾਨ ਨੂੰ ਆਪਣੇ ਧਰਮ ਨੂੰ ਰੁਸਵਾ ਕੀਤਾ ਹੈ, ਇਹ ਧਰਤੀ ਕਿਦੋਂ ਫੱਟ ਜਾਏ ਤੇ ਮੈਂ ਇਸ ਵਿਚ ਹੀ ਗਰਕ ਹੋ ਜਾਵਾਂ।"

"ਤੇਰੀ ਵਰਗੀ ਤ੍ਰੀਮਤ ਦਾ ਇਹੋ ਹਾਲ ਹੋਣਾ ਚਾਹੀਦਾ ਹੈ ਮੈਂ ਤੇ ਇਸ ਭੁਲੇਖੇ ਵਿਚ ਰਿਹਾ ਕਿ ਤੇਰੇ ਨਾਲ ਫਿਆਜ਼ ਨੇ ਧੋਖਾ ਕੀਤਾ ਹੈ, ਤੈਨੂੰ ਕੱਢ ਕੇ ਲਿਆਇਆ ਹੈ ਇਥੇ ਡੱਕ ਦਿੱਤਾ ਹੈ ਸ਼ਹਿਰ ਵਿਚ ਹੋਰ ਵੀ ਤੇ ਥਾਂ ਹੈਂ ਜਿੱਥੇ ਪੰਜਾਬੀ ਰਹਿੰਦੇ ਹਨ ਉੱਥੇ ਰੱਖ ਸਕਦਾ ਸੀ ਉਸ ਨੇ ਆਪਣੇ ਬਚਾਅ ਵਾਸਤੇ ਇਹ ਡਾਊਨ ਟਾਊਨ ਲੱਭ ਕੇ ਫਸਾਇਆ ਹੈ।" ਮੈਂ ਤੈਨੂੰ ਭੈਣ ਮੰਨਦਾ ਹਾਂ ਭਾਵੇਂ ਜਿਹੋ ਜਿਹੀ ਵੀ ਤੂੰ ਹੈਂ ਤੇਰੇ ਜਿਹੀ ਔਰਤ ਨੂੰ ਜੀਣ ਦਾ ਵਾਕਿਆ ਕੋਈ ਹੱਕ ਨਹੀਂ।"

"ਹਾਂ ਵੀਰ ਜੀ! ਮੈਂ ਮਰ ਜਾਣਾ ਚਾਹੁੰਦੀ ਹਾਂ।"

"ਪਰ ਇਹਨਾਂ ਬੱਚਿਆਂ ਦਾ ਕੀ ਕਰੇਂਗੀ?"

"ਇਸੇ ਲਈ ਤੁਹਾਨੂੰ ਬੁਲਾਇਆ ਹੈ।" ਪ੍ਰੀਤੀ ਨੇ ਹੱਥ ਜੋੜ ਕੇ ਕਿਹਾ।

"ਇਸ ਵਿਚ ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ। ਇਹ ਨਾ ਕਹਿ ਦੇਈਂ ਕਿ ਮੈਂ ਇਹਨਾਂ ਨੂੰ ਆਪਣੇ ਪਿੰਡ ਭੇਜ ਦਿਆਂ।"

"ਨਹੀਂ ਵੀਰ ਜੀ ਮੈਂ ਬੱਚਿਆਂ ਨੂੰ ਇਹਨਾਂ ਦੇ ਪਾਪਾ ਕੋਲ ਨਾਂਦੇੜ ਭੇਜਣਾ ਚਾਹੁੰਦੀ ਹਾਂ।"

"ਪਾਪਾ ਕੋਲ?" ਹੈਰਾਨੀ ਨਾਲ ਫੌਜੀ ਨੇ ਪੁੱਛਿਆ।

ੱ"ਹਾਂ ਜੀ।"

"ਕੀ ਉਹ ਰੱਖ ਲਏਗਾ?"

"ਹਾਂ ਵੀਰ ਜੀ! ਉਹ ਇਹਨਾਂ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਹਨ, ਉਹਨਾਂ ਦੀ ਜਾਨ ਇਹਨਾਂ ਵਿਚ ਸੀ। ਬੱਚੇ ਵੀ ਜਾਣ ਨੂੰ ਤਿਆਰ ਹਨ ਤੇ ਉਹ ਬੱਚਿਆਂ ਨੂੰ ਜ਼ਰੂਰ ਰੱਖ ਲੈਣਗੇ"

"ਫਿਰ ਇਸ ਤੋਂ ਵਧੀਆ ਕੀ ਗੱਲ ਹੋ ਸਕਦੀ ਹੈ, ਬੱਚਿਆਂ ਦੇ ਦਿਨ ਬਦਲ ਜਾਣਗੇ। ਇਸ ਬੰਦੀਖਾਨੇ ਤੋਂ ਆਜ਼ਾਦ ਹੋ ਜਾਣਗੇ ਮੈਂ ਇਸ ਵਿਚ ਤੇਰੀ ਕੀ ਸਹਾਇਤਾ

ਕਰ ਸਕਦਾ ਹਾਂ।"

"ਵੀਰ ਜੀ ਮੇਰੇ ਕੋਲ ਇਕੱਠੇ ਕੀਤੇ ਹੋਏ ਕੁਝ ਪੈਸੇ ਹਨ। ਤੁਸੀਂ ਇਹਨਾਂ ਬੱਚਿਆਂ ਦਾ ਜੰਮੂ ਤੋਂ ਟਿਕਟ ਬੁੱਕ ਕਰਵਾ ਦਿਉ। ਮੈਂ ਆਪੇ ਜਾ ਕੇ ਇਹਨਾਂ ਨੂੰ ਗੱਡੀ ਚੜ੍ਹਾ ਦਿਆਂਗੀ। ਸਿੱਧੀ ਗੱਡੀ "ਅਮਰਾਵਤੀ ਸ਼ਹਿਰ ਰੁਕਦੀ ਹੈ ਉਥੋਂ ਬੱਸ 'ਤੇ ਬੈਠ ਕੇ ਪਿਤਾ ਕੋਲ ਢਾਬੇ ਤੇ ਪਹੁੰਚ ਜਾਣਗੇ। ਇਹਨਾਂ ਦੇ ਪਿਤਾ ਦਾ ਢਾਬਾ ਬਹੁਤ ਪ੍ਰਸਿੱਧ ਹੈ, ਨਾਂਦੇੜ ਜਾਣ ਵਾਲੀਆਂ ਸਾਰੀਆਂ ਬੱਸਾਂ ਉੱਥੇ ਰੁਕਦੀਆਂ ਹਨ।"

"ਬੱਚੇ ਆਪੇ ਚਲੇ ਜਾਣਗੇ?"

"ਹਾਂ ਵੀਰ ਜੀ! ਤੁਸੀਂ ਸਿਰਫ ਟਿਕਟ ਬੁੱਕ ਕਰਵਾ ਦੋ। ਬਾਕੀ ਸਭ ਹੋ ਜਾਏਗਾ। ਉਠ ਕੇ ਸੂਟਕੇਸ ਵਿਚੋਂ ਪ੍ਰੀਤੀ ਨੇ ਇਕ ਹਜ਼ਾਰ ਰੁਪੈ ਵੀਰ ਜੀ ਨੂੰ ਦਿੱਤੇ ਜਿਹੜੇ ਸ਼ਮੀਮ ਉਹਨੂੰ ਦੇ ਕੇ ਗਈ ਸੀ।

"ਪੈਸੇ ਤੂੰ ਆਪਣੇ ਕੋਲ ਰੱਖ ਬੀਬੀ! ਮੈਂ ਬੱਚਿਆਂ ਦੀ ਟਿਕਟ ਬੁੱਕ ਕਰਵਾ ਦਿਆਂਗਾ ਤੇ ਫੋਨ ਤੇ ਤੈਨੂੰ ਦੱਸ ਦਿਆਂਗਾ।" ਦਿਨ ਤੇ ਤਰੀਖ, ਤੇ ਟਿਕਟ ਵੀ ਇਥੇ ਭੇਜ ਦਿਆਂਗਾ। ਤੂੰ ਬਿਲਕੁਲ ਚਿੰਤਾ ਨਾ ਕਰ। ਮੈਨੂੰ ਤੇਰਿਆਂ ਬੱਚਿਆਂ ਦੀ ਫਿਕਰ ਹੀ ਬਹੁਤੀ ਰਹਿੰਦੀ ਸੀ।"

"ਪਰ ਵੀਰ ਜੀ! ਪਹਿਲੇ ਹੀ ਤੁਹਾਡੇ ਮੇਰੇ ਤੇ ਬਹੁਤ ਅਹਿਸਾਨ ਹਨ। ਇਹ ਪੈਸੇ ਰੱਖ ਲੋ।" ਪ੍ਰੀਤੀ ਜਿੱਦ ਕਰਨ ਲੱਗੀ।

"ਤੇਰੇ ਕੰਮ ਆਣਗੇ ਰੱਖ ਲੈ ਕਲ ਤੂੰ ਜੰਮੂ ਬੱਚਿਆਂ ਨੂੰ ਛੱਡਣ ਜਾਣਾ ਹੈ ਤੈਨੂੰ ਖਰਚੇ ਦੀ ਲੋੜ ਪਵੇਗੀ। ਬੱਚਿਆਂ ਨੂੰ ਭੇਜ ਕੇ ਇਹ ਇਲਾਕਾ ਛੱਡ ਦੇ। ਇਕੱਲੀ ਹੋਏਂਗੀ ਤਾਂ ਥੋੜ੍ਹੇ ਵਿਚ ਗੁਜ਼ਾਰਾ ਕਰ ਲਏਂਗੀ। ਕਿਸੇ ਦੂਸਰੇ ਇਲਾਕੇ ਵਿਚ ਚਲੀ ਜਾ। ਉਸ ਇਲਾਕੇ ਵਿਚ ਤੈਨੂੰ ਕਿਸੇ ਦੇ ਘਰ ਕੋਈ ਕੰਮ ਵੀ ਮਿਲ ਜਾਏਗਾ। ਇਸ ਨਰਕ ਵਿਚੋਂ ਨਿਕਲ ਜਾਂਈਂ।"

"ਹਾਂ ਵੀਰ ਜੀ! ਮੈਂ ਇਸੇ ਤਰ੍ਹਾਂ ਕਰਾਂਗੀ। ਬੱਚਿਆਂ ਦੇ ਸਹੀ ਸਲਾਮਤ ਪਹੁੰਚਣ ਦੀ ਖਬਰ ਆ ਜਾਏ ਤਾਂ ਮੈਂ ਸੁਰਖਰੂ ਹੋ ਜਾਵਾਂਗੀ।"

"ਕੋਈ ਗਲ ਨਹੀਂ ਮੈਂ ਦੋ ਚਾਰ ਦਿਨਾਂ ਵਿਚ ਤੈਨੂੰ ਖਬਰ ਕਰਦਾ ਹਾਂ ਟਿਕਟ ਬੁਕ ਕਰਨ ਦੀ। ਮੈਨੂੰ ਬੱਚਿਆਂ ਦੇ ਨਾਂ ਲਿਖਵਾ ਦੇ। ਕੋਈ ਪਹਿਚਾਨ ਦਾ ਕਾਗਜ ਹੈ ਇਹਨਾਂ ਕੋਲ?"

"ਹਾਂ ਜੀ ਇਹਨਾਂ ਦੇ ਸਕੂਲ ਸਰਟੀਫਿਕੇਟ ਹਨ ਉਥੋਂ ਦੇ ਹੀ।"

"ਇਹਨਾਂ ਨੂੰ ਨਾਲ ਦੇ ਦਈਂ। ਮੈਂ ਪਤਾ ਵੀ ਕਰਦਾ ਹਾਂ ਕਿ ਉਧਰ ਕੋਈ

ਮਰਾਠੀ ਛੁੱਟੀ ਜਾਣ ਵਾਲਾ ਤੇ ਨਹੀਂ ਉਸੇ ਨਾਲ ਭੇਜ ਦਿਆਂਗਾ।" ਕਹਿ ਕੇ ਫੌਜੀ ਚਲਾ ਗਿਆ।

ਪ੍ਰੀਤੀ ਦੀ ਵਿਉਂਤ ਸਫਲ ਹੁੰਦੀ ਲਗ ਰਹੀ ਸੀ। ਉਹ ਬਹੁਤ ਖੁਸ਼ ਸੀ ਕਿ ਉਸਦੀ ਧੀ ਇਥੋਂ ਚਲੀ ਜਾਏਗੀ, ਜਿਹਾਦੀ ਜਰਵਾਣਿਆਂ ਤੋਂ ਬਚ ਜਾਏਗੀ ਨਹੀਂ ਤਾਂ ਕਦੀ ਉਹ ਵੀ ਪਤਿਤ ਹੋ ਜਾਏਗੀ। ਫਿਰ ਵਿਚਾਰੀ ਕੀ ਕਰੇਗੀ? ਕਿਵੇਂ ਜੀਵਨ ਬੀਤੇਗਾ ਉਸ ਵਿਚਾਰੀ ਭੋਲੀ ਭਾਲੀ ਮੇਰੀ ਬੱਚੀ ਦਾ? ਫੌਜੀ ਦੇ ਜਾਣ ਬਾਦ ਪ੍ਰੀਤੀ ਨੇ ਬੱਚਿਆਂ ਨੂੰ ਭੇਜਣ ਦੀ ਤਿਆਰੀ ਕਰਨੀ ਸ਼ੁਰੂ ਕਰ ਲਈ। ਵੇਚਾਰਿਆਂ ਕੋਲ ਕੋਈ ਖਾਸ ਕਪੜਾ ਲੱਤਾ ਵੀ ਨਹੀਂ ਸੀ। ਜੋ ਕੁਝ ਵੀ ਸੀ ਧੋ ਕੇ ਤੇ ਪ੍ਰੈਸ ਕਰਵਾ ਕੇ ਸਾਂਭ ਕੇ ਰਖ ਦਿੱਤੇ। ਉਸ ਨੂੰ ਪੂਰੀ ਉਮੀਦ ਸੀ ਕਿ ਫੌਜੀ ਵੀਰ ਸਭ ਜਲਦੀ ਕਰ ਦਏਗਾ। ਪ੍ਰੀਤੀ ਦਾ ਚਾਅ ਤੇ ਖੁਸ਼ੀ ਉਸ ਦੀ ਚਾਦਰ ਤੋਂ ਵੀ ਵਧੇਰੀ ਸੀ।

ਫਿਰ ਜਲਦੀ ਹੀ ਪਤਾ ਲਗ ਗਿਆ ਕਿ ਸ਼ਨੀਵਾਰ ਨੂੰ ਸੀ.ਆਰ.ਪੀ.ਐਫ. ਦੀ ਕਾਨਵਾਈ ਵਿਚ ਕੋਈ ਪੂਨੇ ਦਾ ਜਵਾਨ ਜਾ ਰਿਹਾ ਤੇ ਐਤਵਾਰ ਨੂੰ ਗੱਡੀ ਉਸਨੇ ਫੜਨੀ ਹੈ ਉਸੇ ਗੱਡੀ ਵਿਚ ਬੱਚਿਆਂ ਦੀ ਟਿਕਟ ਵੀ ਬੁਕ ਹੋ ਗਈ ਹੈ। ਸ਼ਨੀਵਾਰ ਨੂੰ ਕੁਸੁਮ ਤੇ ਅਰਸ਼ ਨੂੰ ਲੈ ਕੇ ਬਸ ਵਿਚ ਪ੍ਰੀਤੀ ਦਾ ਜਾਣਾ ਵੀ ਤੈਅ ਹੋ ਗਿਆ ਤੇ ਸਵੇਰੇ ਉਹ ਫੌਜੀ ਨੂੰ ਸਟੇਸ਼ਨ ਤੇ ਹੀ ਮਿਲੇਗੀ। ਉਸਦਾ ਮੋਬਾਈਲ ਨੰਬਰ ਵੀ ਫੌਜੀ ਵੀਰ ਨੇ ਭੇਜ ਦਿੱਤਾ ਸੀ ਸ੍ਰੀਨਗਰ ਵਿਚ ਹੀ ਗਲ ਕਰਵਾ ਦਿੱਤੀ ਸੀ।

ਸ਼ਨੀਵਾਰ ਦੀ ਰਾਤ ਪ੍ਰੀਤੀ ਤੇ ਬੱਚਿਆਂ ਨੇ ਬੜੀ ਮੁਸ਼ਕਿਲ ਨਾਲ ਬਤੀਤ ਕੀਤੀ। ਨੀਂਦ ਨਹੀਂ ਆ ਰਹੀ ਸੀ। ਬਹੁਤ ਲੰਬੀ ਰਾਤ ਹੋ ਗਈ ਸੀ ਜਿਵੇਂ? ਕੁਸੁਮ ਦੇ ਮਨ ਵਿਚ ਪਾਪਾ ਨੂੰ ਮਿਲਣ ਦਾ ਚਾਅ ਠਾਠਾਂ ਮਾਰ ਰਿਹਾ ਸੀ ਕਿਵੇਂ ਪਾਪਾ ਨੂੰ ਮਿਲੇਗੀ? ਕਿਵੇਂ ਘੁਟ ਕੇ ਜੱਫੀ ਪਾਏਗੀ? ਕਿਵੇਂ ਪਾਪਾ ਨਾਲ ਬਹੁਤ ਪਿਆਰ ਕਰੇਗੀ? ਸੋਚ ਕੇ ਹੀ ਉਸਦੀਆਂ ਅੱਖਾਂ ਭਿੱਜ ਜਾਂਦੀਆਂ ਤੇ ਲੰਬਾ ਸਾਹ ਲੈਂਦੀ ਜਿਵੇਂ ਹੌਕਾ ਭਰ ਰਹੀ ਹੋਵੇ। ਅਰਸ਼ ਵੀ ਕਿੰਨੀ ਦੇਰ ਸੁਤਾ ਨਹੀਂ। ਉਸ ਨੂੰ ਯਕੀਨ ਹੀ ਨਹੀਂ ਹੋ ਰਿਹਾ ਸੀ ਕਿ ਪਾਪਾ ਕੋਲ ਜਾ ਰਿਹਾ ਹੈ। ਪਾਪਾ ਨਾਲ ਖੇਡਣਾ, ਕੁਸ਼ਤੀ ਕਰਨੀ, ਮਾਲਿਸ਼ ਕਰਵਾ ਕੇ ਪਾਪਾ ਨੂੰ ਘੋੜਾ ਬਣਾ ਕੇ ਉਪਰ ਚੜ ਜਾਣਾ, ਇਹ ਸਭ ਉਸਨੂੰ ਹੁਣੇ ਹੁਣੇ ਵਾਪਰਿਆ ਲਗਦਾ ਸੀ। ਆਪ ਮੁਹਾਰੇ ਲੇਟਿਆ ਹੀ ਬੋਲ ਪਿਆ, "ਮੰਮਾ ਹੁਣ ਤੇ ਮੈਂ ਵੱਡਾ ਹੋ ਗਿਆ ਹਾਂ, ਹੁਣ ਪਾਪਾ ਮੇਰਾ ਘੋੜਾ ਨਹੀਂ ਬਣਨਗੇ ਨਾ?"

"ਪ੍ਰੀਤੀ ਦੀ ਅੱਖਾਂ ਵਿਚ ਨੀਂਦ ਕਿਥੇ ਸੀ, ਬੋਲੀ, "ਹਾਂ ਪੁੱਤਰ ਤੇਰਾ ਘੋੜਾ ਬਣਨਗੇ ਪਰ ਤੈਨੂੰ ਹੁਣ ਪਾਪਾ ਨੂੰ ਘੋੜਾ ਬਨਾਣ ਦੀ ਕੀ ਲੋੜ ਹੈ? ਪਾਪਾ ਤੈਨੂੰ ਅਸਲੀ ਘੋੜਾ ਲੈ ਕੇ ਦੇਣਗੇ।" ਇੰਝ ਹੀ ਸੋਚਦਿਆਂ ਰਾਤ ਲੰਘ ਗਈ। ਪ੍ਰੀਤੀ ਸ਼ਮੀਮ ਨੂੰ ਮਿਲ

ਨਹੀਂ ਸਕੀ ਤੇ ਜਿਵੇਂ ਸਭ ਨਿਰਧਾਰਤ ਸੀ ਉਸੇ ਹਿਸਾਬ ਨਾਲ ਬੱਚਿਆਂ ਨੂੰ ਲੈ ਕੇ ਜੰਮੂ ਚਲੀ ਗਈ। ਬੱਚਿਆਂ ਨੂੰ ਫੌਜੀ ਨਾਲ ਭੇਜ ਦਿੱਤਾ ਉਹਨੇ ਭਰੋਸਾ ਦਲਾਇਆ ਕਿ ਅਮਰਾਵਤੀ ਦੀ ਬਸ ਤੇ ਬੱਚਿਆਂ ਨੂੰ ਬਿਠਾ ਕੇ ਫਿਰ ਅੱਗੇ ਜਾਏਗਾ ਆਪਣੇ ਘਰ।

ਪ੍ਰੀਤੀ ਨੇ ਬੱਚਿਆਂ ਨਾਲੋ ਵਿਛੜ ਜਾਣਾ ਸੀ। ਪਰ ਹਿੰਮਤ ਨਾਲ ਉਹਨਾਂ ਨੂੰ ਪੱਕੇ ਕਰ ਰਹੀ ਸੀ ਕਿ ਨਾਂਦੇੜ ਪਹੁੰਚਦੇ ਹੀ ਫੋਨ ਕਰਨਾ, ਪਾਪਾ ਨਾਲ ਗਲ ਕਰਵਾਣੀ। ਰਸਤੇ ਵਿਚ ਅੰਕਲ ਨੂੰ ਤੰਗ ਨਹੀਂ ਕਰਨਾ। ਗਲਾ ਭਰਿਆ ਹੋਇਆ ਸੀ। ਪ੍ਰੀਤੀ ਨੇ ਅੱਖਾਂ ਵਿਚ ਇਕ ਹੜ ਰੋਕ ਕੇ ਰੱਖਿਆ ਹੋਇਆ ਸੀ। ਜਿਵੇਂ ਸੀਟੀ ਵੱਜੀ, ਸਿਗਨਲ ਡਾਊਨ ਹੋਇਆ ਤੇ ਗਡੀ ਚਲ ਪਈ। ਪ੍ਰੀਤੀ ਦੇ ਅੱਖਾਂ ਵਿਚੋਂ ਡੱਕੇ ਹੜ ਦਾ ਬੰਦ ਟੁੱਟ ਗਿਆ। ਰੋ ਰੋ ਕੇ ਬੇਹਾਲ ਸੀ। ਆਸੇ ਪਾਸੇ ਕਈ ਲੋਗ ਵੀ ਕੱਠੇ ਹੋ ਗਏ ਸਨ ਤੇ ਕੁਝ ਔਰਤਾਂ ਉਹਨੂੰ ਦਿਲਾਸਾ ਦੇ ਰਹੀਆਂ ਸਨ ਜਿਹਨਾਂ ਨੂੰ ਪਤਾ ਲੱਗਿਆ ਕੇ ਉਹ ਬੱਚਿਆਂ ਤੋਂ ਵਿਛੜੀ ਹੈ।

## 25

ਕੁਸਮ ਅਤੇ ਅਰਸ਼ ਬਬਲੂ ਢਾਬੇ ਤੇ ਬੱਸ ਤੋਂ ਉਤਰੇ, ਢਾਬੇ ਵਿਚ ਗਏ ਕਿਸੇ ਨੇ ਨਹੀਂ ਪਛਾਣਿਆ,ਪੁਰਾਣੇ ਕੰਮ ਕਰਨ ਵਾਲਿਆਂ ਵਿਚੋਂ ਕੋਈ ਨਹੀਂ ਸੀ ਕੇਵਲ ਇਕ ਹੀ ਪੁਰਾਣਾ ਨੌਕਰ ਸੀ ਜਿਹੜਾ ਬਲਬੀਰ ਦਾ ਦੁੱਖ ਸੁੱਖ ਵੰਡਦਾ ਸੀ ਤੇ ਬਲਬੀਰ ਦਾ ਵਫਾਦਾਰ ਸੀ। ਉਸਨੇ ਪਛਾਣ ਲਿਆ, ਬੱਚਿਆਂ ਨੂੰ ਘੁੱਟ ਕੇ ਜੱਫੀ ਪਾਕੇ ਮਿਲਿਆ ਤੇ ਅੰਦਰ ਲੈ ਗਿਆ। ਉਚੀ ਉੱਚੀ ਬੋਲਿਆ, "ਬਾਬੂ ਜੀ ਬਾਬੂ ਜੀ ਵੇਖੋ ਕੌਣ ਆਏ ਹਨ?"

ਬਲਬੀਰ ਦੁਪਹਿਰ ਦੇ ਭੋਜਨ ਤੋਂ ਬਾਅਦ ਅੰਦਰ ਝਪਕੀ ਲੈਂਣ ਦੀ ਆਦਤ ਸੀ, ਉੱਠਿਆ ਤੇ ਆਵਾਜ਼ ਦਿੱਤੀ "ਕੌਣ ਹੈ?"

"ਉਠ ਕੇ ਵੇਖੋ ਤੇ ਸਹੀ।"

ਬਲਬੀਰ ਨੇ ਕਮਰੇ ਚੋਂ ਬਾਹਰ ਆਇਆ, ਬੱਚਿਆਂ ਨੂੰ ਵੇਖ ਕੇ ਹੈਰਾਨ ਹੋ ਗਿਆ, "ਤੁਸੀਂ ਕੁਸਮ ਤੇ ਅਰਸ਼?" ਉਹ ਜਿਵੇਂ ਸੁਫਣਾ ਦੇਖ ਰਿਹਾ ਹੋਵੇ। ਬੱਚਿਆਂ ਨੂੰ ਵੇਖ, ਗਲਵਕੜੀ ਪਾਈ, ਸੀਨੇ ਨਾਲ ਲਾਇਆ ਤੇ ਉਸ ਦੀਆਂ ਭੁੱਬਾਂ ਨਿਕਲ ਗਈਆਂ, "ਮੇਰੇ ਬੱਚੋ, ਮੇਰੀ ਕੁਸਮ, ਮੇਰਾ ਅਰਸ਼ ਤੁਸੀਂ ਆ ਗਏ ਹੋ?" ਕਿੰਨੀ ਉਡੀਕ ਕਰਵਾਈ ਤੁਸਾਂ ਨੇ?" ਬੱਚਿਆਂ ਦੀਆਂ ਅੱਖਾਂ ਵੀ ਸੇਜਲ ਸਨ ਤੇ ਪਾਪਾ ਨੂੰ ਜੋਰ ਨਾਲ ਘੁੱਟਿਆ ਹੋਇਆ ਸੀ ਤੇ ਰੋਈ ਜਾਂਦੇ ਸਨ। ਜਿਵੇਂ ਅੱਜ ਹੀ ਗੋਦਾਵਰੀ ਨਦੀ ਵਿਚ ਹੜ ਆ ਜਾਣਾ ਹੋਵੇ। ਬਹੁਤ ਦੇਰ ਤੱਕ ਇੰਝ ਹੀ ਗਲੇ ਲਗੇ ਰਹੇ ਤੇ ਹੰਝੂ ਵਹਾਂਦੇ ਰਹੇ। ਗਲੇ ਰੁੰਦੇ ਸਨ, ਕੋਈ ਬੋਲ ਨਹੀਂ ਸੀ ਨਿਕਲ ਰਿਹਾ। ਨੌਕਰਾ ਨੇ ਤਿੰਨਾਂ ਨੂੰ ਪਾਣੀ ਪਿਲਾਇਆ, ਹੌਂਸਲਾ ਦਿੱਤਾ ਤੇ ਬਿਠਾਇਆ। ਬਲਬੀਰ ਨੇ ਪੁਛਿਆ

"ਕਿਵੇਂ ਇਥੇ ਪੁੱਜੇ ਹੋ?"

"ਪਾਪਾ ਇਕ ਫੌਜੀ ਅੰਕਲ ਜੰਮੂ ਤੋਂ ਅਮਰਾਵਤੀ ਤਕ ਗੱਡੀ ਵਿਚ ਨਾਲ ਸਨ ਤੇ ਅਮਰਾਵਤੀ ਤੋਂ ਬਸ ਤੇ ਬਿਠਾ ਦਿਤਾ ਉਹਨਾਂ ਨੇ ਤੇ ਮੈਂ ਕੰਡਕਟਰ ਨੂੰ ਦੱਸਿਆ ਕਿ "ਬਬਲੂ ਢਾਬੇ" ਤੇ ਉਤਾਰ ਦੇਣਾ ਤੇ ਬਸ ਅਸੀਂ ਪਹੁੰਚ ਗਏ।"

"ਬੜੀ ਹਿੰਮਤ ਕੀਤੀ ਹੈ ਮੇਰੇ ਬੱਚਿਆਂ ਨੇ। ਜੰਮੂ ਤਕ ਕੌਣ ਆਇਆ ਸੀ?"

"ਮੰਮਾ ਗਡੀ ਵਿਚ ਬਿਠਾ ਕੇ ਗਏ ਸਨ।"

"ਉਹ ਆਪ ਕਿਉਂ ਨਹੀਂ ਆਈ?"

"ਤੁਹਾਡੇ ਸਾਹਮਣੇ ਆਣ ਦੀ ਹਿੰਮਤ ਨਹੀਂ ਸੀ ਉਹਨਾਂ ਦੀ" ਕੁਸਮ ਨੇ ਉੱਤਰ ਦਿੱਤਾ।

"ਮੈਂ ਤੇ ਉਸ ਨਾਲ ਕੁਝ ਨਹੀਂ ਕੀਤਾ?"

"ਜੋ ਉਹਨਾਂ ਨੇ ਤੁਹਾਡੇ ਨਾਲ ਕੀਤਾ ਘੱਟ ਹੈ ਕੀ?" ਕੁਸਮ ਨੇ ਕਿਹਾ।

"ਮੇਰੀ ਬੱਚੀ ਸਭ ਸਮਝਦੀ ਹੈ, ਸਿਆਣੀ ਹੋ ਗਈ ਹੈ।"

"ਪਾਪਾ ਮੰਮਾ ਨੂੰ ਫੋਨ ਕਰਕੇ ਦੱਸਣਾ ਹੈ ਕਿ ਅਸੀਂ ਇਥੇ ਪੁੱਜ ਗਏ ਹਾਂ ਬਹੁਤ ਫਿਕਰ ਵਿਚ ਹੋਵੇਗੀ, ਮੈਂ ਤੁਹਾਨੂੰ ਮੋਬਾਈਲ ਨੰਬਰ ਦਿੰਦੀ ਹਾਂ।" ਲੱਭ ਕੇ ਨੰਬਰ ਦਿੱਤਾ।

"ਤੇਰੀ ਮੰਮਾ ਕੋਲ ਮੋਬਾਈਲ ਹੈ ਕੀ"? ਬਲਬੀਰ ਨੇ ਪੁੱਛਿਆ

"ਹਾਂ ਪਾਪਾ ਇਹ ਨੰਬਰ ਹੈ।" ਬਲਬੀਰ ਨੇ ਨੰਬਰ ਲਾ ਕੇ ਦਿੱਤਾ ਪ੍ਰੀਤੀ ਨੇ ਝਟ ਚੁਕ ਲਿਆ ਜਿਵੇਂ ਮੋਬਾਈਲ ਦੀ ਘੰਟੀ ਦੀ ਉਡੀਕ ਵਿਚ ਹੀ ਸੀ। ਪ੍ਰੀਤੀ ਬੋਲੀ, "ਮੰਮਾ ਅਸੀਂ ਪਾਪਾ ਕੋਲ ਪਹੁੰਚ ਗਏ ਹਾਂ।"

ਪ੍ਰੀਤੀ ਕੁਝ ਉੱਤਰ ਨਹੀਂ ਦੇ ਸਕੀ, ਸਿਰਫ ਹੈਲੋ ਤੋਂ ਸਿਵਾ, ਉਸਦੀਆਂ ਸਿੱਸਕੀਆਂ ਦੀ ਆਵਾਜ ਕਿੰਨਾਂ ਚਿਰ ਸੁਣਾਈ ਦਿੱਤੀ ਫਿਰ ਆਵਾਜ ਆਈ, "ਪਾਪਾ ਤੁਹਾਡੇ ਠੀਕ ਨੇ?"

"ਹਾਂ ਮੰਮਾ ਠੀਕ ਨੇ।"

"ਚੰਗੀ ਤਰ੍ਹਾਂ ਮਿਲੇ ਨੇ?"

"ਬਹੁਤ ਚੰਗੀ ਤਰ੍ਹਾਂ ਹੁਣ ਰੋਣਾ ਬੰਦ ਕਰੋ ਤੇ ਠੀਕ ਤਰ੍ਹਾਂ ਰਹੋ। ਸਾਡੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ।" ਕੁਸਮ ਨੇ ਮਾਂ ਨੂੰ ਸਮਝਾਇਆ।

"ਆਪਣੇ ਪਾਪਾ ਨਾਲ ਗਲ ਕਰਵਾ ਦੇ।" ਪ੍ਰੀਤੀ ਨੇ ਤਰਲੇ ਨਾਲ ਕਿਹਾ।

"ਪਾਪਾ, ਮੰਮਾ ਗਲ ਕਰਨਾ ਚਾਹੁੰਦੇ ਨੇ।"

"ਕਹਿ ਦੇ ਕੁਸਮ, ਮੈਂ ਕੋਈ ਗੱਲ ਨਹੀਂ ਕਰਨੀ।"

"ਇਕ ਗਲ ਕਰਲੋ।"

"ਮੈਂ ਕਿਹਾ ਨਾ ਮੈਂ ਕੋਈ ਗਲ ਨਹੀਂ ਕਰਨੀ।" ਖਿਝ ਕੇ ਬਲਬੀਰ ਬੋਲਿਆ।

"ਮੰਮਾ, ਪਾਪਾ ਤੁਹਾਡੇ ਨਾਲ ਗਲ ਨਹੀਂ ਕਰਨਾ ਚਾਹੁੰਦੇ।"

ਕੁਸੁਮ ਨੇ ਮੰਮਾ ਨੂੰ ਕਿਹਾ, ਉਹ ਮੋਬਾਈਲ ਵਿਚੋਂ ਆਈ ਆਵਾਜ਼ ਨੂੰ ਸੁਣ ਚੁਕੀ ਸੀ, "ਠੀਕ ਹੈ ਬੇਟੇ ਕੋਈ ਗੱਲ ਨਹੀਂ। ਉਹ ਮੇਰੇ ਨਾਲ ਗਲ ਵੀ ਕਿਉਂ ਕਰਨਗੇ? ਮੈਂ ਅਭਾਗਨ ਹਾਂ। ਤੁਸੀਂ ਪਾਪਾ ਕੋਲ ਠੀਕ ਤਰ੍ਹਾਂ ਰਹਿਣਾ ਮੈਂ ਫੋਨ ਬੰਦ ਕਰ ਰਹੀ ਹਾਂ।" ਤੇ ਫੋਨ ਬੰਦ ਹੋ ਗਿਆ।

ਬਲਬੀਰ ਨੂੰ ਪ੍ਰੀਤੀ ਤੇ ਹਦ ਤੋਂ ਵਧ ਗੁੱਸਾ ਸੀ। ਉਹ ਪ੍ਰੀਤੀ ਦੀ ਸੂਰਤ ਵੀ ਵੇਖਣੀ ਨਹੀਂ ਸੀ ਚਾਹੁੰਦਾ। ਥੋੜਾ ਆਪਣੇ ਗੁੱਸੇ ਨੂੰ ਕਾਬੂ ਕਰਦਿਆਂ ਬੱਚਿਆਂ ਨੂੰ ਪੁਛਿਆ, "ਉਥੇ ਕੀ ਕਰਦੇ ਰਹੇ?"

ਅਰਸ਼ ਬੋਲ ਪਿਆ, "ਪਾਪਾ ਸਾਰਾ ਦਿਨ ਬਿਸਤਰੇ ਵਿਚ ਪਏ ਰਹਿੰਦੇ ਸਾਂ, ਨਾ ਕੋਈ ਸਕੂਲ ਨਾ ਕੋਈ ਖੇਡ ਤੇ ਨਾ ਹੀ ਕਿਤੇ ਬਾਹਰ ਨਿਕਲਣ ਦੀ ਆਜ਼ਾਦੀ ਸੀ। ਸ਼ੁਰੂ ਵਿਚ ਸਕੂਲ ਚ ਦਾਖਿਲਾ ਲਿਆ ਪਰ ਉਥੇ ਵੀ ਦੂਜੇ ਬੱਚੇ ਤੰਗ ਕਰਦੇ ਸਨ, ਮੇਹਣੇ ਮਾਰਦੇ ਸਨ, ਮੰਮਾ ਵਾਸਤੇ ਗੰਦੀਆਂ ਗੱਲਾਂ ਕਰਦੇ ਸਨ, ਟੀਚਰ ਵੀ ਉਹੋ ਜਹੇ ਸਨ। ਬਹੁਤ ਵਿਤਕਰਾ ਕਰਦੇ ਸਨ ਤੇ ਸਕੂਲ ਛੱਡਣਾ ਪੈ ਗਿਆ। ਦੂਜੇ ਮੁੰਡੇ ਮਾਰਦੇ ਵੀ ਸਨ ਤੇ 'ਹਰਾਮੀ ਹਰਾਮੀ ਕਹਿ ਕੇ ਚਿੜਾਂਦੇ ਸਨ।"

"ਤੇ ਤੁਹਾਡਾ ਅੱਬਾ ਕੁਝ ਨਹੀਂ ਕਰ ਸਕਿਆ?" ਬਲਬੀਰ ਨੇ ਪੁਛਿਆ

"ਉਹ ਕੀ ਕਰ ਸਕਦਾ ਸੀ? ਉਸੇ ਨੇ ਸਾਨੂੰ ਇਹੋ ਜਹੀ ਜਗ੍ਹਾ ਤੇ ਰੱਖਿਆ ਸੀ ਜਿਸਨੂੰ ਡਾਊਨ ਟਾਊਨ ਕਹਿੰਦੇ ਹਨ। ਉਹ ਤੇ ਭਲਾ ਹੋਏ ਸੀ.ਆਰ.ਪੀ.ਐਫ. ਵਾਲਿਆਂ ਦਾ ਜਿਹੜੇ ਸਾਡੀ ਹਿਫਾਜਤ ਕਰਦੇ ਸਨ।" ਅਰਸ਼ ਬੋਲਦਾ ਰਿਹਾ।

"ਤੇ ਫ਼ਿਆਜ਼ ਨਹੀਂ ਸੀ ਆਂਦਾ?"

"ਕੁਸਮ ਨੇ ਉੱਤਰ ਦਿੱਤਾ, "ਪਹਿਲੇ ਪਹਿਲੇ ਤਾਂ ਰੋਜ਼ ਆਂਦਾ ਸੀ, ਫਿਰ ਪੰਦਰਾਂ ਦਿਨਾਂ ਬਾਅਦ, ਫਿਰ ਮਹੀਨੇ ਬਾਅਦ ਤੇ ਫਿਰ ਆਣਾ ਹੀ ਬੰਦ ਕਰ ਦਿੱਤਾ। ਮੰਮਾ ਕੋਲ ਕੋਈ ਪੈਸਾ ਧੇਲਾ ਨਹੀਂ ਰਿਹਾ, ਮਕਾਨ ਦਾ ਕਿਰਾਇਆ ਦੇਣ ਵਾਸਤੇ ਪੈਸੇ ਨਹੀਂ ਸਨ, ਮਕਾਨ ਵਾਲਾ ਵੀ ਰੋਜ ਤੰਗ ਕਰਨ ਲੱਗ ਪਿਆ। ਭਲਾ ਹੋਵੇ ਫੌਜੀਆਂ ਦਾ ਇਕ ਸਿੱਖ ਟੋਲੀ ਉਥੇ ਤੈਨਾਤ ਹੋਈ ਉਹਨਾਂ ਨੂੰ ਜਿਵੇਂ ਬਾਬਾ ਜੀ ਨੇ ਸਾਡੀ ਰੱਖਿਆ ਵਾਸਤੇ ਭੇਜਿਆ ਸੀ ਉਹਨਾਂ ਨੇ ਸਾਡੀ ਖਾਣ ਪੀਣ ਦੀ ਮਦਦ ਕੀਤੀ ਤੇ ਥੋੜੇ ਚੰਗੇ ਦਿਨ ਅਸੀਂ ਵੇਖੇ। ਨਹੀਂ

ਤਾਂ ਭੁੱਖੇ ਭਾਣੇ ਹੀ ਸੌਂ ਜਾਂਦੇ ਸਾਂ। ਪਾਪਾ ਅਸੀਂ ਜੇਲ ਵਿਚ ਸਾਂ ਇਹੋ ਹੀ ਸਮਝੋ।" ਕੁਸਮ ਨੇ ਦੱਸਿਆ।

"ਤਾਂ ਫਿਆਜ਼ ਛੱਡ ਹੀ ਗਿਆ ਤੇਰੀ ਮੰਮਾ ਨੂੰ? ਬੜੇ ਭਰੋਸੇ ਨਾਲ ਲੈ ਕੇ ਗਿਆ ਸੀ।"

"ਉਸ ਨੂੰ ਤੇ ਪਾਪਾ ਪੁਲੀਸ ਨੇ ਇਕ ਮੁਠਭੇੜ ਵਿਚ ਮਾਰ ਦਿੱਤਾ।"

"ਫਿਆਜ਼ ਮਰ ਗਿਆ ਹੈ?"

"ਹਾਂ ਪਾਪਾ ਉਹ ਉਗਰਵਾਦੀਆਂ ਦਾ ਮਦਦਗਾਰ ਸੀ ਜਿਹੜੇ ਕਸ਼ਮੀਰ ਵਿਚ ਆਤੰਕ ਫੈਲਾਂਦੇ ਹਨ।"

"ਚੰਗਾ ਹੋਇਆ ਮਰ ਗਿਆ ਉਸਨੇ ਤੇ ਸਾਡੀ ਜਿੰਦਗੀ ਵਿਚ ਵੀ ਆਤੰਕ ਫੈਲਾਇਆ ਹੈ। ਸਾਡੀ ਛੋਟੀ ਜਿਹੀ ਦੁਨੀਆਂ ਨੂੰ ਤਹਿਸ ਨਹਿਸ ਕਰ ਦਿੱਤਾ। ਮੇਰੇ ਬੱਚਿਆਂ ਨੂੰ ਘਰੋਂ ਬੇਘਰ ਕਰ ਦਿੱਤਾ। ਘੋਰ ਪਾਪ ਕੀਤਾ ਸਾਡੇ ਨਾਲ। ਮਰਨਾ ਤੇ ਉਸਨੂੰ ਪੈਣਾ ਸੀ। ਪਾਪ ਦੀ ਸਜ਼ਾ ਤੇ ਮੇਰੇ ਗੁਰੂ ਨੇ ਉਸ ਨੂੰ ਦੇਣੀ ਹੀ ਸੀ।"

ਢੇਰ ਸਾਰੀਆਂ ਗੱਲਾਂ ਬੱਚਿਆਂ ਨੇ ਕੀਤੀਆਂ, ਆਪਣੇ ਨਾਲ ਬੀਤੀ ਦਾ ਪੂਰਾ ਵੇਰਵਾ ਦਸਿਆ। ਬਲਬੀਰ ਸੁਣ ਕੇ ਦਰਦ ਨਾਲ ਭਰ ਗਿਆ, ਬਹੁਤ ਗੁੱਸਾ ਸੀ ਉਹਨੂੰ ਪ੍ਰੀਤੀ ਤੇ ਜਿਸਨੇ ਐਨਾ ਭਰੋਸਾ ਕਰਕੇ ਆਪਣੀ ਤੇ ਪਰਿਵਾਰ ਦੀ ਜਿੰਦਗੀ ਵਿਚ ਅੱਗ ਲਗਾ ਦਿੱਤੀ, ਬੱਚਿਆਂ ਦੇ ਭਵਿੱਖ ਨੂੰ ਨਸ਼ਟ ਕਰ ਦਿੱਤਾ। ਕਿਸ ਭਰੋਸੇ ਤੇ ਉਹ ਮੈਨੂੰ ਛਡ ਕੇ ਗਈ ਸੀ? ਮੇਰੇ ਹੁੰਦਿਆਂ ਫਿਆਜ਼ ਨਾਲ ਮੂੰਹ ਕਾਲਾ ਕਰਦੀ ਰਹੀ। ਮੇਰੇ ਘਰ ਵਿਚ ਹੀ ਉਸਦੇ ਬੱਚੇ ਪੈਦਾ ਕੀਤੇ। ਮੇਰੇ ਨਾਲ ਐਨਾ ਧੋਖਾ ਕੀਤਾ ਮੈਂ ਸਭ ਸਿਹਾ ਪਰ ਵਾਹਿਗੁਰੂ ਤੇ ਸਭ ਵੇਖਦਾ ਹੈ। ਮੇਰੇ ਸੱਚੇ ਪਾਤਿਸ਼ਾਹ ਨੇ ਉਸਦੇ ਉਸ ਭਰੋਸੇ ਨੂੰ ਖਤਮ ਕਰ ਦਿੱਤਾ ਜਿਸ ਵਾਸਤੇ ਉਸਨੇ ਮੇਰੀ ਜਿੰਦਗੀ ਵਿਚ ਅੱਗ ਲਾਈ ਸੀ। ਬੱਚੇ ਸ਼ਾਮ ਤੱਕ ਬਲਬੀਰ ਨਾਲ ਹੀ ਰਹੇ, ਉਹ ਅਜ ਸ਼ਾਮ ਢਾਬੇ ਤੇ ਵੀ ਨਹੀਂ ਨਿਕਲਿਆ, ਕਦੋਂ ਰਾਤ ਹੋ ਗਈ ਪਤਾ ਹੀ ਨਹੀਂ ਚੱਲਿਆ। ਬਾਹਰ ਢਾਬੇ ਤੋਂ ਇਕ ਮੁੰਡਾ ਆਇਆ ਤੇ ਪੁੱਛਿਆ "ਬਾਬੂ ਜੀ ਰੋਟੀ ਲਿਆਵਾਂ।"

"ਰੋਟੀ ਦਾ ਵੇਲਾ ਹੋ ਗਿਆ ਹੈ?"

"ਹਾਂ ਜੀ ਕਾਫੀ ਟਾਈਮ ਹੋ ਗਿਆ ਹੈ।"

"ਠੀਕ ਹੈ ਚੰਗੀ ਤਰ੍ਹਾ ਤੜਕਾ ਲਾ ਕੇ ਲਿਆਂਵੀ।"

"ਚੰਗਾ ਜੀ" ਕਹਿ ਕੇ ਚਲਾ ਗਿਆ।

ਅੱਜ ਬਲਬੀਰ ਸ਼ਰਾਬ ਪੀਣੀ ਵੀ ਭੁੱਲ ਗਿਆ ਸੀ। ਬੱਚਿਆਂ ਦੇ ਮਿਲਣ ਦਾ

ਹੀ ਬਹੁਤ ਨਸ਼ਾ ਚੜਿਆ ਹੋਇਆ ਸੀ। ਕੁਸਮ ਬੋਲ ਪਈ, "ਪਾਪਾ ਕਲ ਤੋਂ ਮੈਂ ਆਪ ਤੁਹਾਡੇ ਵਾਸਤੇ ਰੋਟੀ ਪਕਾਇਆ ਕਰਾਂਗੀ ਆਪਣੇ ਹੱਥੀਂ ਪਾਪਾ ਨੂੰ ਖੁਆਵਾਂਗੀ।" ਸੁਣ ਕੇ ਬਲਬੀਰ ਭਾਵੁਕ ਹੋ ਗਿਆ ਤੇ ਬੇਟੀ ਦੇ ਹੱਥ ਚੁੰਮ ਲਏ। ਭਰੇ ਗਲੇ ਨਾਲ ਕਿਹਾ, "ਮੇਰੀ ਧੀ ਮੈਨੂੰ ਆਪਣੇ ਹਥ ਨਾਲ ਖੁਆਇਆ ਕਰੇਗੀ?" ਤੇ ਬੇਟੀ ਨੂੰ ਘੁਟ ਲਿਆ।

ਰੋਟੀ ਖਾਣ ਲਈ ਨੌਕਰ ਨੂੰ ਕਹਿ ਦਿੱਤਾ ਤੇ ਬਬਲੂ ਦੇ ਮੋਬਾਈਲ ਦੀ ਘੰਟੀ ਵਜੀ, ਬਬਲੂ ਨੇ ਫੋਨ ਚੁਕਿਆ ਤੇ ਦੂਜੇ ਪਾਸੇ ਕਿਸੇ ਇਸਤ੍ਰੀ ਦੀ ਆਵਾਜ ਸੀ, "ਆਪ ਕੁਸੁਮ ਕੇ ਪਾਪਾ ਬੋਲ ਰਹੇ ਹੈਂ?"

"ਹਾਂ ਜੀ।" ਬਬਲੂ ਨੇ ਉਤਰ ਦਿੱਤਾ।

"ਮੈਂ ਸ਼ਮੀਮ ਅਖਤਰ ਬੋਲ ਰਹੀਂ ਹੂੰ ਸ਼੍ਰੀਨਗਰ ਸੇ।"

"ਹਾਂ ਜੀ ਕਹੀਏ।"

"ਆਪ ਕੇ ਬੱਚੇ ਆਪਕੇ ਪਾਸ ਪਹੁੰਚ ਗਏ ਹੈਂ?"

"ਹਾਂ ਜੀ ਪਹੁੰਚ ਗਏ ਹੈਂ।" ਬੱਚੋਂ ਕੀ ਮਾਂ ਸੇ ਬਾਤ ਹੋ ਗਈ ਹੈ।"

"ਪ੍ਰੀਤੀ ਕੇ ਮੋਬਾਈਲ ਪਰ ਆਪਕਾ ਆਖਰੀ ਨੰਬਰ ਡਾਇਲ ਹੂਆ ਹੈ ਇਸ ਲੀਏ ਅੰਦਾਜੇ ਸੇ ਫੋਨ ਲਗਾਇਆ ਹੈ।"

"ਬਤਾਈਏ ਕਿਆ ਬਾਤ ਹੈ? ਬਬਲੂ ਉਤਸੁਕ ਸੀ ਕਿ ਕਿਉਂ ਕਿਸੇ ਹੋਰ ਨੇ ਫੋਨ ਕੀਤਾ?"

"ਮੁਝੇ ਬੇਹੱਦ ਦੁੱਖ ਔਰ ਅਫਸੋਸ ਕੇ ਸਾਥ ਕਹਿਨਾ ਪੜ ਰਹਾ ਹੈ ਕਿ ਉਸ ਕੇ ਜ਼ਮੀਰ ਨੇ ਬਗਾਵਤ ਕਰ ਦੀ ਪ੍ਰੀਤੀ ਨੇ ਜ਼ਹਰ ਖਾ ਕੇ ਖੁਦਕੁਸ਼ੀ ਕਰ ਲੀ ਹੈ।"

"ਕਿਆ?" ਬਬਲੂ ਹੈਰਾਨ ਹੋ ਗਿਆ।

"ਹਾਂ ਜੀ! ਸ਼ਾਇਦ ਬੱਚੋਂ ਕੀ ਖੈਰਿਅਤ ਜਾਨਨੇ ਕੇ ਬਾਅਦ ਉਸ ਨੇ ਯਹ ਫੈਸਲਾ ਕੀਆ। ਸ਼ਾਇਦ ਉਸ ਨੇ ਪਹਿਲੇ ਐਸਾ ਸੋਚ ਕੇ ਰਖਾ ਥਾ। ਅਫਸੋਸ ਤੋ ਬਹੁਤ ਹੈ ਪਰ ਜੋ ਉਸਨੇ ਕੀਆ ਠੀਕ ਕੀਆ। ਬੱਚੋਂ ਕੇ ਜਾਨੇ ਕੇ ਬਾਅਦ ਉਸ ਕੀ ਜਿੰਦਗੀ ਮੇ ਕੁਛ ਭੀ ਨਹੀਂ ਰਹਿ ਗਿਆ ਥਾ, ਰੁਸਵਾਈ ਔਰ ਬਦਨਾਮੀ ਕੇ ਸਿਵਾ। ਔਰ ਜ਼ਲੀਲ ਹੋਨੇ ਸੇ ਉਸਨੇ ਅਪਨੇ ਆਪ ਕੋ ਬਚਾ ਲੀਆ। ਅਪਨੇ ਸਭ ਗੁਨਾਹੋਂ ਕੀ ਸਜਾ ਉਸਨੇ ਅਪਨੇ ਆਪ ਕੋ ਦੇ ਦੀ। ਬਸ ਅਬ ਆਪ ਬੱਚੋਂ ਕਾ ਖਿਆਲ ਰੱਖੇਂ। ਕਲ ਉਸੇ ਦਫਨਾ ਦੀਆ ਜਾਏਗਾ।" ਸ਼ਮੀਮ ਨੇ ਫੋਨ ਬੰਦ ਕਰ ਦਿੱਤਾ ਤੇ ਬਬਲੂ ਮੱਥੇ ਤੇ ਹੱਥ ਮਾਰ ਕੇ ਰਹਿ ਗਿਆ। ਬੱਚਿਆਂ ਨੂੰ ਘਟਨਾਂ ਬਾਰੇ ਕੁਝ ਨਹੀਂ ਦੱਸਿਆ।

ਰੋਟੀ ਖਾਣ ਤੋਂ ਬਾਅਦ ਬੱਚਿਆਂ ਨੂੰ ਆਪਣੇ ਦੋਵੇਂ ਪਾਸੇ ਲਿਟਾ ਕੇ ਬਲਬੀਰ ਵੀ

ਸੌਂ ਗਿਆ। ਨੀਂਦ ਕਿਥੇ ਆਈ ਸੀ? ਸਾਰੀ ਜ਼ਿੰਦਗੀ ਉਹਦੀ ਅੱਖਾਂ ਅਗੋਂ ਗੁਜ਼ਰ ਗਈ। ਬੱਚਿਆਂ ਦੇ ਚੇਹਰੇ ਤਕਦਿਆਂ ਸੋਚਿਆ ਕਿ ਕਿਹੋ ਜਿਹੇ ਰਿਸ਼ਤੇ ਮੈਂ ਪਾਲੇ ਹਨ ਜੀਵਨ ਵਿਚ ਛੋਟਿਆਂ ਹੁੰਦਿਆਂ ਮਾਂ ਮਰ ਗਈ, ਮਾਂ ਦੀ ਮਮਤਾ ਦਾ ਅਨੁਭਵ ਹੀ ਨਹੀਂ ਕੀਤਾ। ਮਤ੍ਰੇਈ ਮਾਂ ਦੀ ਨਫ਼ਰਤ, ਵਿਤਕਰਾ ਤੇ ਵਿਅੰਗ ਸਹੇ। ਪਿਉ ਦਾ ਮਜ਼ਬੂਰ ਪਿਆਰ ਭੋਗਿਆ, ਬੇਵਫਾ ਪਤਨੀ ਦੇ ਦਿਲ ਵਿਚ ਥਾਂ ਹੀ ਨਹੀਂ ਬਣਾ ਸਕਿਆ। ਇਹ ਬੱਚੇ ਕਿਸੇ ਦੂਸਰੇ ਪੁਰਸ਼ ਦੇ ਹਨ, ਇਹਨਾਂ ਦਾ ਅੱਬਾ ਕੋਈ ਹੋਰ ਹੈ ਤੇ ਮੈਂ ਕਿਸ ਰਿਸ਼ਤੇ ਨਾਲ ਇਹਨਾਂ ਨੂੰ ਆਪਣੇ ਜਿਗਰ ਦੇ ਟੋਟੇ ਸਮਝਦਾ ਹਾਂ? ਇਹ ਬੇਨਾਮ ਰਿਸ਼ਤਾ ਹੈ।, ਪਰ ਮੇਰੇ ਦਿਲ ਦੇ ਐਨਾਂ ਨਜ਼ਦੀਕ ਕਿ ਮੈਂ ਇਹਨਾਂ ਬਿਨਾਂ ਰਹਿ ਵੀ ਨਹੀਂ ਸਕਾਂਗਾ। ਜੀਅਣਾ ਵੀ ਨਹੀਂ ਚਾਹੁੰਗਾ। ਇਹ ਬੇਨਾਮ ਰਿਸ਼ਤੇ ਮੇਰੇ ਨਾਂਅ ਨਾਲ ਚਲਣਗੇ ਅੱਜ ਤੋਂ ਬਾਅਦ ਮੇਰੇ ਮਰਨ ਤਕ।

—o—

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com